Watch
PUNJABI MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA



FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 869, 28th Aug. to 03rd Sept., 2025, Ph: 916-320-9444, E-mail: punjabmailusa@yahoo.com, Web: punjabmailusa.com

## ਟਰੱਕਰਾਂ ਲਈ ਅੰਗਰੇਜ਼ੀ ਨਿਯਮਾਂ ਨੂੰ ਲਾਗੂ ਨਾ ਕਰਨ ਲਈ 3 ਰਾਜਾਂ ਨੂੰ ਫੰਡਿੰਗ ਦੀ ਧਮਕੀ

**ਫਲੋਰੀਡਾ, (ਪੰਜਾਬ ਮੇਲ)-** ਯੂ-ਟਰਨ ਫਲੋਰੀਡਾ ਹਾਦਸੇ ਤੋਂ ਬਾਅਦ ਸ਼ੁਰੂ ਕੀਤੀ ਗਈ ਇੱਕ ਜਾਂਚ ਵਿਚ ਪਾਇਆ ਗਿਆ ਕਿ ਨਿਯਮਾਂ ਨੂੰ ਲਾਗੂ ਕਰਨ ਦੇ ਤਰੀਕੇ ਵਿਚ ਮਹੱਤਵਪੂਰਨ ਅਸਫਲਤਾਵਾਂ ਰਹੀਆਂ। ਟਰਾਂਸਪੋਰਟੇਸ਼ਨ ਸੈਕਟਰੀ ਸੀਨ ਡਫੀ ਨੇ ਕਿਹਾ ਕਿ ਵਿਭਾਗ ਹਾਦਸੇ ਤੋਂ ਪਹਿਲਾਂ ਹੀ ਰਾਜਾਂ ਦੇ ਲਾਗੂ ਕਰਨ ਦੀ ਸਮੀਖਿਆ ਕਰ ਰਿਹਾ ਸੀ।

ਉਨ੍ਹਾਂ ਕਿਹਾ ਕਿ ਜੇਕਰ ਟਰੱਕਰ ਅੰਗਰੇਜ਼ੀ ਦੀ ਮੁਹਾਰਤ ਦਾ ਪ੍ਰਦਰਸ਼ਨ ਨਹੀਂ ਕਰ ਸਕਦਾ ਤਾਂ ਉਨ੍ਹਾਂ ਨੂੰ ਅਯੋਗ ਕਰਾਰ ਦਿੱਤਾ ਜਾਣਾ ਚਾਹੀਦਾ ਹੈ ਅਤੇ ਹਾਦਸੇ ਵਿਚ ਸ਼ਾਮਲ ਡਰਾਈਵਰ ਨੂੰ ਉਸਦੀ ਇਮੀਗ੍ਰੇਸ਼ਨ ਸਥਿਤੀ ਕਾਰਨ ਵਪਾਰਕ ਡਰਾਈਵਿੰਗ



ਲਾਇਸੈਂਸ ਨਹੀਂ ਦਿੱਤਾ ਜਾਣਾ ਚਾਹੀਦਾ।

ਇਹ ਹਾਦਸਾ ਵਧਦੀ ਹੋਈ ਰਾਜਨੀਤਿਕ ਬਣ ਗਿਆ ਹੈ, ਕੈਲੀਫੋਰਨੀਆ ਅਤੇ ਫਲੋਰੀਡਾ ਦੇ ਗਵਰਨਰ ਇੱਕ ਦੂਜੇ ਦੀ ਆਲੋਚਨਾ ਕਰ ਰਹੇ ਹਨ ਅਤੇ ਡਫੀ ਇੰਟਰਵਿਊਆਂ 'ਚ ਪ੍ਰਸ਼ਾਸਨ ਦੀਆਂ ਇਮੀਗ੍ਰੇਸ਼ਨ ਚਿੰਤਾਵਾਂ ਨੂੰ ਉਜਾਗਰ ਕਰ ਰਹੇ ਹਨ।

ਡਫੀ ਨੇ ਕਿਹਾ, "ਅਸੀਂ ਸਾਰੇ ਸੜਕ ਦੀ ਵਰਤੋਂ ਕਰਦੇ ਹਾਂ, ਅਤੇ ਸਾਨੂੰ ਇਹ ਯਕੀਨੀ ਬਣਾਉਣ ਦੀ ਜ਼ਰੂਰਤ ਹੈ ਕਿ ਜੋ ਲੋਕ ਵੱਡੇ ਰਿਗ-ਸੈਮੀ ਚਲਾ ਰਹੇ ਹਨ, ਉਹ ਸੜਕ ਦੇ ਸੰਕੇਤਾਂ ਨੂੰ ਸਮਝ ਸਕਣ ਕਿ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਿਖਲਾਈ ਦਿੱਤੀ ਗਈ ਹੈ।"

ਸੀਨ ਡਫੀ ਨੇ ਕਿਹਾ ਕਿ ਇਹ ਰਾਜ ਨਿਯਮਾਂ ਨੂੰ ਲਾਗੂ ਨਹੀਂ ਕਰ ਰਹੇ ਹਨ। ਆਵਾਜਾਈ ਵਿਭਾਗ ਨੇ ਕਿਹਾ ਕਿ ਕੈਲੀਫੋਰਨੀਆ ਨੇ ਲਗਭਗ 34,000 ਨਿਰੀਖਣ ਕੀਤੇ ਹਨ, ਜਿਨ੍ਹਾਂ ਵਿਚ ਨਵੇਂ ਭਾਸ਼ਾ ਮਿਆਰ ਲਾਗੂ ਹੋਣ ਤੋਂ ਬਾਅਦ ਘੱਟੋ-ਘੱਟ ਇੱਕ ਉਲੰਘਣਾ ਪਾਈ ਗਈ ਹੈ। ਪਰ ਸਿਰਫ ਇੱਕ ਨਿਰੀਖਣ ਵਿਚ ਅੰਗਰੇਜ਼ੀ ਭਾਸ਼ਾ ਦੇ ਨਿਯਮਾਂ ਦੀ ਉਲੰਘਣਾ ਸ਼ਾਮਲ ਸੀ, ਜਿਸ ਦੇ ਨਤੀਜੇ ਵਜੋਂ ਇੱਕ ਡਰਾਈਵਰ ਨੂੰ ਸੇਵਾ ਤੋਂ ਹਟਾ ਦਿੱਤਾ ਗਿਆ ਸੀ ਅਤੇ ਦੂਜੇ ਰਾਜਾਂ ਵਿਚ ਉਲੰਘਣਾ ਕਰਨ ਵਾਲੇ 23 ਡਰਾਈਵਰਾਂ ਨੂੰ ਕੈਲੀਫੋਰਨੀਆ ਵਿਚ ਨਿਰੀਖਣ ਤੋਂ ਬਾਅਦ ਡਰਾਈਵਿੰਗ ਜਾਰੀ ਰੱਖਣ ਦੀ ਆਗਿਆ ਦਿੱਤੀ ਗਈ ਸੀ। ਡਫੀ ਨੇ ਦੂਜੇ ਰਾਜਾਂ ਲਈ ਵੀ ਇਸੇ ਤਰ੍ਹਾਂ ਦੇ ਅੰਕੜਿਆਂ ਦਾ ਹਵਾਲਾ ਦਿੱਤਾ, ਜਿਸ ਵਿਚ ਵਾਸ਼ਿੰਗਟਨ ਨੇ ਨਿਰੀਖਣ ਦੌਰਾਨ ਸੁਰੱਖਿਆ ਨਿਯਮਾਂ ਦੀ 6,000 ਤੋਂ ਵੱਧ ਉਲੰਘਣਾਵਾਂ ਪਾਈਆਂ, ਪਰ ਅੰਗਰੇਜ਼ੀ ਭਾਸ਼ਾ ਦੀ ਉਲੰਘਣਾ ਲਈ ਸਿਰਫ਼ ਚਾਰ ਡਰਾਈਵਰਾਂ ਨੂੰ ਨੌਕਰੀ ਤੋਂ ਕੱਢਿਆ। ਉਸਨੇ ਕਿਹਾ ਕਿ ਨਿਊ ਮੈਕਸੀਕੋ ਨੇ ਨਿਯਮਾਂ ਦੇ ਲਾਗੂ ਹੋਣ ਤੋਂ ਬਾਅਦ ਕਿਸੇ ਵੀ ਡਰਾਈਵਰ ਨੂੰ ਨੌਕਰੀ ਤੋਂ ਨਹੀਂ ਕੱਢਿਆ ਹੈ।

■ ਬਾਕੀ ਖਬਰ ਸਫਾ 15 'ਤੇ

## ਅਮਰੀਕਾ ਵਲੋਂ ਭਾਰਤ 'ਤੇ ਲਾਇਆ ਗਿਆ ਕੁੱਲ 50 ਫੀਸਦੀ ਟੈਰਿਫ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਐਲਾਨ ਅਨੁਸਾਰ ਭਾਰਤ 'ਤੇ ਲਾਇਆ ਗਿਆ ਵਾਧੂ 25 ਫੀਸਦੀ ਟੈਰਿਫ ਲਾਗੂ ਹੋ ਗਿਆ ਅਤੇ ਇਸ ਦੇ ਨਾਲ ਹੀ ਅਮਰੀਕਾ ਵਲੋਂ ਭਾਰਤ 'ਤੇ ਲਾਇਆ ਗਿਆ ਕੁੱਲ ਟੈਰਿਫ 50 ਫੀਸਦੀ ਹੋ ਗਿਆ ਹੈ।

ਇਹ ਵਾਧੂ ਟੈਰਿਫ ਦੇਸ਼ ਤੋਂ ਇੰਪੋਰਟ ਕੀਤੇ ਜਾਣ ਵਾਲੇ ਸਾਮਾਨ 'ਤੇ ਜੁਰਮਾਨੇ ਵਜੋਂ ਲਾਇਆ ਗਿਆ ਹੈ, ਜੋ ਕਿ ਰੂਸੀ ਤੇਲ ਦੀ ਖਰੀਦ ਨਾਲ ਸਬੰਧਤ ਹੈ। ਇਸ ਤੋਂ ਬਾਅਦ ਭਾਰਤ ਦਾ ਨਾਂ ਸਭ ਤੋਂ ਵੱਧ ਅਮਰੀਕੀ ਟੈਰਿਫ ਝੱਲਣ ਵਾਲੇ ਦੇਸ਼ਾਂ ਦੀ ਸੂਚੀ 'ਚ ਸ਼ਾਮਲ ਹੋ ਗਿਆ। ਅਮਰੀਕਾ ਨੇ ਵਾਧੂ ਟੈਰਿਫ ਲਾਉਣ ਲਈ ਇਕ ਅਧਿਕਾਰਤ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਟਰੰਪ ਨੇ 6 ਅਗਸਤ ਨੂੰ ਰੂਸ ਤੋਂ ਤੇਲ ਦੀ ਖਰੀਦ 'ਤੇ ਜੁਰਮਾਨੇ ਵਜੋਂ ਇਸ ਟੈਰਿਫ ਦਾ ਐਲਾਨ ਕੀਤਾ ਸੀ। ਇਸ ਦੇ




ਨਾਲ ਹੀ ਵਪਾਰ ਘਾਟੇ ਦਾ ਹਵਾਲਾ ਦਿੰਦੇ ਹੋਏ 7 ਅਗਸਤ ਤੋਂ ਭਾਰਤ 'ਤੇ 25 ਫੀਸਦੀ ਟੈਰਿਫ ਲਾ ਦਿੱਤਾ ਸੀ।

ਫਾਰਮਾਸਿਊਟੀਕਲ, ਸੈਮੀਕੰਡਕਟਰ ਅਤੇ ਊਰਜਾ ਸਰੋਤਾਂ ਵਰਗੇ ਕੁਝ ਖੇਤਰਾਂ ਨੂੰ ਇਸ ਟੈਰਿਫ ਤੋਂ ਛੋਟ ਦਿੱਤੀ ਗਈ ਹੈ। ਹਾਲਾਂਕਿ ਕੱਪੜਾ, ਰਤਨ ਅਤੇ ਗਹਿਣੇ, ਚਮੜਾ, ਸਮੁੰਦਰੀ ਉਤਪਾਦ, ਰਸਾਇਣ ਅਤੇ ਆਟੋ ਪਾਰਟਸ ਵਰਗੇ ਖੇਤਰ ਟਰੰਪ ਟੈਰਿਫ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਹਨ।

## ਪੰਜਾਬ 'ਚ ਹੜ੍ਹਾਂ ਦਾ ਕਹਿਰ; ਹਜ਼ਾਰਾਂ ਲੋਕ ਬੇਘਰ



ਹੜ੍ਹ ਪ੍ਰਭਾਵਿਤ ਸੁਲਤਾਨਪੁਰ ਲੋਧੀ ਦੇ ਪਿੰਡ ਵਾਸੀ ਸੁਰੱਖਿਅਤ ਥਾਵਾਂ 'ਤੇ ਪਹੁੰਚਣ ਲਈ ਕਿਸ਼ਤੀਆਂ ਦੀ ਵਰਤੋਂ ਕਰਦੇ ਹੋਏ।

**ਚੰਡੀਗੜ੍ਹ, (ਪੰਜਾਬ ਮੇਲ)-** ਜੰਮੂ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਵਿਚ ਲਗਾਤਾਰ ਪੈ ਰਹੀ ਮੀਂਹ ਕਰਕੇ ਪੰਜਾਬ ਵਿਚ ਹੜ੍ਹਾਂ ਨੇ ਤਬਾਹੀ ਮਚਾ ਦਿੱਤੀ ਹੈ। ਇਸ ਸਮੇਂ ਪੰਜਾਬ ਵਿਚ ਰਾਵੀ ਅਤੇ ਬਿਆਸ ਦੇ ਨਾਲ ਨਾਲ ਸਤਲੁਜ ਦਰਿਆ ਵਿਚ ਪਾਣੀ ਚੜ੍ਹਿਆ ਹੋਇਆ ਹੈ, ਜਿਸ ਨੇ ਪੰਜਾਬ ਦੇ ਸੱਤ ਜ਼ਿਲ੍ਹਿਆਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ, ਜਦੋਂ ਕਿ ਹੋਰਨਾਂ 'ਤੇ ਸੰਕਟ ਬਣਿਆ ਹੋਇਆ ਹੈ।

### ■ 7 ਜ਼ਿਲ੍ਹਿਆਂ ਨੂੰ ਲਿਆ ਆਪਣੀ ਲਪੇਟ 'ਚ

ਪੰਜਾਬ ਵਿਚ ਹੜ੍ਹਾਂ ਕਰਕੇ ਸੱਤ ਜ਼ਿਲ੍ਹਿਆਂ ਵਿਚ ਸੈਂਕੜੇ ਪਿੰਡਾਂ ਦੇ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ, ਜਿਨ੍ਹਾਂ ਨੂੰ ਪ੍ਰਸ਼ਾਸਨ ਵੱਲੋਂ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ। ਇਸ ਤੋਂ ਇਲਾਵਾ ਕਿਸਾਨਾਂ ਦੀ ਹਜ਼ਾਰਾਂ ਏਕੜ ਫਸਲ ਵੀ ਪਾਣੀ ਵਿਚ ਡੁੱਬ ਗਈ ਹੈ। ਸੂਬਾ ਸਰਕਾਰ ਵੱਲੋਂ ਦਰਿਆਵਾਂ ਦੇ ਕੰਢੇ 'ਤੇ ਵਸੇ ਪਿੰਡਾਂ ਨੂੰ ਚੌਕਸ ਰਹਿਣ ਦੀ ਅਪੀਲ ਕੀਤੀ ਜਾ ਰਹੀ ਹੈ। ਪੰਜਾਬ ਵਿਚ ਹੜ੍ਹਾਂ ਦੀ ਸਥਿਤੀ ਬੁੱਧਵਾਰ ਨੂੰ ਹੋਰ ਵੀ ਵਿਗੜ ਗਈ, ਰਾਵੀ ਦਰਿਆ ਓਵਰਫਲੋ ਹੋ ਗਿਆ ਅਤੇ ਅੰਮ੍ਰਿਤਸਰ ਜ਼ਿਲ੍ਹੇ ਦੇ ਕਈ ਪਿੰਡਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਅਜਨਾਲਾ ਦੇ ਵੀ ਕਈ ਪਿੰਡ ਹੜ੍ਹਾਂ ਦੀ ਮਾਰ ਹੇਠ ਆ ਚੁੱਕੇ ਹਨ।

ਜ਼ਿਕਰਯੋਗ ਹੈ ਕਿ ਰਣਜੀਤ ਸਾਗਰ ਡੈਮ ਵਿਚ ਪਾਣੀ ਦਾ ਪੱਧਰ 527.91 ਮੀਟਰ ਦੇ ਖ਼ਤਰੇ ਦੇ ਨਿਸ਼ਾਨ ਨੂੰ ਪਾਰ ਕਰ ਗਿਆ ਹੈ, ਇਸ ਲਈ ਡੈਮ ਤੋਂ ਪਾਣੀ ਛੱਡਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਬੀਤੇ ਦਿਨੀਂ ਡੈਮ ਤੋਂ 1.95 ਲੱਖ ਕਿਊਸਿਕ ਪਾਣੀ ਛੱਡਿਆ ਗਿਆ ਸੀ।

■ ਬਾਕੀ ਖਬਰ ਸਫਾ 15 'ਤੇ

## ਝੰਡਾ ਸਾੜਨ ਦੇ ਦੋਸ਼ੀ ਵਿਅਕਤੀ ਨੂੰ ਇੱਕ ਸਾਲ ਤੱਕ ਦੀ ਕੈਦ ਹੋਣੀ ਚਾਹੀਦੀ: ਟਰੰਪ

**ਵਾਸ਼ਿੰਗਟਨ, (ਪੰਜਾਬ ਮੇਲ)-**ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕੀਤੇ, ਜਿਸ 'ਚ ਨਿਆਂ ਵਿਭਾਗ ਨੂੰ ਅਮਰੀਕੀ ਝੰਡਾ ਸਾੜਨ ਵਾਲੇ ਲੋਕਾਂ ਦੀ ਜਾਂਚ ਕਰਨ ਅਤੇ ਉਨ੍ਹਾਂ 'ਤੇ ਮੁਕੱਦਮਾ ਚਲਾਉਣ ਦਾ ਨਿਰਦੇਸ਼ ਦਿੱਤਾ ਗਿਆ। ਹਾਲਾਂਕਿ, ਅਮਰੀਕੀ ਸੁਪਰੀਮ ਕੋਰਟ ਨੇ ਝੰਡਾ ਸਾੜਨ ਨੂੰ ਸੰਵਿਧਾਨ ਦੁਆਰਾ ਸੁਰੱਖਿਅਤ ਇੱਕ ਜਾਇਜ਼ ਰਾਜਨੀਤਿਕ ਪ੍ਰਗਟਾਵਾ ਮੰਨਿਆ ਹੈ।

'ਓਵਲ ਆਫਿਸ' (ਰਾਸ਼ਟਰਪਤੀ ਦਫਤਰ) 'ਚ ਦਸਤਖਤ ਕੀਤੇ ਗਏ ਇਸ ਆਦੇਸ਼ ਨੇ 1989 'ਚ ਟੈਕਸਾਸ ਨਾਲ ਸਬੰਧਤ ਇੱਕ ਮਾਮਲੇ 'ਚ ਸੁਪਰੀਮ ਕੋਰਟ ਦੇ ਫੈਸਲੇ ਨੂੰ ਸਵੀਕਾਰ ਕਰ ਲਿਆ ਹੈ, ਪਰ ਇਹ ਵੀ ਕਿਹਾ ਗਿਆ ਹੈ ਕਿ ਅਜਿਹੇ ਮਾਮਲਿਆਂ ਵਿਚ ਮੁਕੱਦਮਾ ਚਲਾਉਣ ਦੀ ਗੁੰਜਾਇਸ਼ ਬਣੀ ਹੋਈ ਹੈ, ਖਾਸ ਕਰਕੇ ਜਦੋਂ ਝੰਡਾ ਸਾੜਨ ਨਾਲ "ਕਾਨੂੰਨ ਤੋੜਨ ਦੀ



ਸੰਭਾਵਨਾ" ਹੁੰਦੀ ਹੈ ਜਾਂ ਇਸਨੂੰ "ਭੜਕਾਊ ਸ਼ਬਦਾਂ" ਦੇ ਬਰਾਬਰ ਮੰਨਿਆ ਜਾਂਦਾ ਹੈ। ਅਮਰੀਕੀ ਸੁਪਰੀਮ ਕੋਰਟ ਨੇ ਚਾਰ ਦੇ ਮੁਕਾਬਲੇ ਪੰਜ ਦੇ ਬਹੁਮਤ ਨਾਲ ਫੈਸਲਾ ਸੁਣਾਇਆ ਸੀ ਕਿ (ਸੰਵਿਧਾਨ ਦਾ) ਪਹਿਲਾ ਸੋਧ ਅਮਰੀਕੀ ਝੰਡੇ ਨੂੰ ਇੱਕ ਜਾਇਜ਼ ਰਾਜਨੀਤਿਕ ਪ੍ਰਗਟਾਵਾ ਵਜੋਂ ਸਾੜਨ ਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ। ਹਾਲਾਂਕਿ, ਰਾਸ਼ਟਰਪਤੀ ਨੇ ਇਸ ਫੈਸਲੇ ਨੂੰ ਮੰਦਭਾਗਾ ਕਿਹਾ।


ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਅਮਰੀਕੀ ਝੰਡੇ ਦਾ ਅਪਮਾਨ ਕਰਨਾ ਸਾਡੇ ਰਾਸ਼ਟਰ ਪ੍ਰਤੀ ਅਪਮਾਨ, ਦੁਸ਼ਮਣੀ ਅਤੇ ਹਿੰਸਾ ਦਾ ਪ੍ਰਤੀਕ ਹੈ ਅਤੇ ਇਹ ਅਮਰੀਕਾ ਦੇ ਮੁੱਲਾਂ ਅਤੇ ਆਜ਼ਾਦੀ ਦੇ ਵਿਰੋਧ ਨੂੰ ਦਰਸਾਉਂਦਾ ਹੈ। ਆਦੇਸ਼ ਵਿਚ ਇਹ ਵੀ ਕਿਹਾ ਗਿਆ ਹੈ ਕਿ ਅਜਿਹੇ ਕੰਮ ਹਿੰਸਾ ਅਤੇ ਦੰਗੇ ਭੜਕਾਉਣ ਦੀ ਸੰਭਾਵਨਾ ਰੱਖਦੇ ਹਨ।

ਟਰੰਪ ਨੇ ਕਿਹਾ ਕਿ ਝੰਡਾ ਸਾੜਨ ਦੇ ਦੋਸ਼ੀ ਵਿਅਕਤੀ ਨੂੰ ਇੱਕ ਸਾਲ ਤੱਕ ਦੀ ਕੈਦ ਹੋਣੀ ਚਾਹੀਦੀ ਹੈ ਅਤੇ ਜਲਦੀ ਰਿਹਾਈ ਦਾ ਕੋਈ ਵਿਕਲਪ ਨਹੀਂ ਹੋਣਾ ਚਾਹੀਦਾ। ਆਦੇਸ਼ ਵਿਚ ਇਹ ਵੀ ਕਿਹਾ ਗਿਆ ਹੈ ਕਿ ਜੇਕਰ ਕੋਈ ਵਿਦੇਸ਼ੀ ਨਾਗਰਿਕ ਝੰਡਾ ਸਾੜਦਾ ਹੈ, ਤਾਂ ਉਸਦਾ ਵੀਜ਼ਾ, ਰਿਹਾਇਸ਼ੀ ਪਰਮਿਟ, ਨਾਗਰਿਕਤਾ ਪ੍ਰਕਿਰਿਆ ਅਤੇ ਹੋਰ ਇਮੀਗ੍ਰੇਸ਼ਨ ਲਾਭ ਰੱਦ ਕੀਤੇ ਜਾ ਸਕਦੇ ਹਨ। ਉਨ੍ਹਾਂ ਨੂੰ ਦੇਸ਼ ਤੋਂ ਵੀ ਕੱਢਿਆ ਜਾ ਸਕਦਾ ਹੈ।

## ਟਰੰਪ ਵਲੋਂ ਫੈਡਰਲ ਬੈਂਕ ਦੀ ਗਵਰਨਰ ਲੀਜ਼ਾ ਕੁੱਕ ਦੀ ਛੁੱਟੀ

**ਵਾਸ਼ਿੰਗਟਨ, (ਪੰਜਾਬ ਮੇਲ)-** ਰਾਸ਼ਟਰਪਤੀ ਡੋਨਲਡ ਟਰੰਪ ਨੇ





ਫੈਡਰਲ ਰਿਜ਼ਰਵ ਬੈਂਕ ਦੀ ਗਵਰਨਰ ਲੀਜ਼ਾ ਕੁੱਕ ਨੂੰ ਬਰਖਾਸਤ ਕਰ ਦਿੱਤਾ ਹੈ। ਟਰੰਪ ਨੇ ਆਪਣੇ ਟਰੂਥ ਸੋਸ਼ਲ ਪਲੈਟਫਾਰਮ 'ਤੇ ਪੋਸਟ ਕੀਤੇ ਇੱਕ ਪੱਤਰ ਵਿਚ ਕਿਹਾ ਕਿ ਉਹ ਕੁੱਕ ਨੂੰ ਮੌਰਗੇਜ ਧੋਖਾਧੜੀ ਕਰਨ ਦੇ ਦੋਸ਼ਾਂ ਕਾਰਨ ਬਰਖਾਸਤ ਕਰ ਰਹੇ ਹਨ। ਮੌਰਗੇਜ ਦਿੱਗਜਾਂ ਫੈਨੀ ਮੇਅ ਅਤੇ ਫਰੈਡੀ ਮੈਕ ਨੂੰ ਕੰਟਰੋਲ ਕਰਨ ਵਾਲੀ ਏਜੰਸੀ ਵਿਚ ਟਰੰਪ ਵੱਲੋਂ ਨਿਯੁਕਤ ਬਿਲ ਪੁਲਟੇ ਨੇ ਪਿਛਲੇ ਹਫ਼ਤੇ ਇਹ ਦੋਸ਼ ਲਗਾਏ ਸਨ।

ਫੈੱਡ ਦੇ ਬੋਰਡ ਵਿਚ ਸੱਤ ਮੈਂਬਰ ਹਨ, ਜਿਸਦਾ ਮਤਲਬ ਹੈ ਕਿ ਟਰੰਪ ਦੀ ਇਸ ਪੇਸ਼ਕਦਮੀ ਦਾ ਡੂੰਘਾ ਆਰਥਿਕ ਅਤੇ ਸਿਆਸੀ ਅਸਰ ਪੈ ਸਕਦਾ ਹੈ। ਟਰੰਪ ਨੇ ਇਸ ਕਦਮ ਦਾ ਐਲਾਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਕੋਲ ਕੁੱਕ ਨੂੰ ਹਟਾਉਣ ਦਾ ਸੰਵਿਧਾਨਕ ਅਧਿਕਾਰ ਹੈ, ਪਰ ਅਜਿਹਾ ਕਰਨ ਨਾਲ ਇੱਕ ਸੁਤੰਤਰ ਹਸਤੀ ਵਜੋਂ ਫੈੱਡ ਦੇ ਕੰਟਰੋਲ ਬਾਰੇ ਸਵਾਲ ਖੜ੍ਹੇ ਹੋਣਗੇ। ਟਰੰਪ ਨੇ ਕਿਹਾ ਹੈ ਕਿ ਉਹ ਸਿਰਫ਼ ਉਨ੍ਹਾਂ ਅਧਿਕਾਰੀਆਂ ਨੂੰ ਨਿਯੁਕਤ ਕਰਨਗੇ, ਜੋ ਦਰਾਂ ਵਿਚ ਕਟੌਤੀ ਦਾ ਸਮਰਥਨ ਕਰਨਗੇ।

## ਟਰੰਪ ਦੇ ਕਰੀਬੀ ਸਰਜੀਓ ਗੋਰ ਹੋਣਗੇ ਭਾਰਤ 'ਚ ਅਗਲੇ ਅਮਰੀਕੀ ਰਾਜਦੂਤ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਕਰੀਬੀ ਸਹਿਯੋਗੀ ਅਤੇ ਰਿਪਬਲਿਕਨ ਰਣਨੀਤੀਕਾਰ ਸਰਜੀਓ ਗੋਰ ਨੂੰ ਭਾਰਤ ਵਿਚ ਅਗਲੇ ਅਮਰੀਕੀ ਰਾਜਦੂਤ ਵਜੋਂ ਨਾਮਜ਼ਦ ਕੀਤਾ ਹੈ। ਗੋਰ ਨੂੰ ਟਰੰਪ ਪਰਿਵਾਰ ਦੇ ਬਹੁਤ ਨੇੜੇ ਮੰਨਿਆ ਜਾਂਦਾ ਹੈ ਅਤੇ ਉਹ ਲੰਬੇ ਸਮੇਂ ਤੋਂ ਰਿਪਬਲਿਕਨ ਰਾਜਨੀਤੀ ਨਾਲ ਜੁੜੇ ਹੋਏ ਹਨ।



ਸਰਜੀਓ ਗੋਰ ਦਾ ਜੀਵਨ ਸਫ਼ਰ ਕਾਫ਼ੀ ਵਿਲੱਖਣ ਰਿਹਾ ਹੈ। 1986 ਵਿਚ ਤਾਸ਼ਕੰਦ (ਉਸ ਸਮੇਂ ਸੋਵੀਅਤ ਯੂਨੀਅਨ ਦਾ ਹਿੱਸਾ) ਵਿੱਚ ਜਨਮੇ ਗੋਰ ਦਾ ਅਸਲੀ ਨਾਮ ਸਰਜੀਓ ਗੋਰੋਖੋਵਸਕੀ ਸੀ। ਉਸਦੇ ਪਿਤਾ ਸੋਵੀਅਤ ਫੌਜ ਲਈ ਜਹਾਜ਼ ਡਿਜ਼ਾਈਨ ਕਰਦੇ ਸਨ, ਬਾਅਦ ਵਿਚ ਉਹ ਇਜ਼ਰਾਈਲੀ ਖੁਫੀਆ ਏਜੰਸੀਆਂ ਨਾਲ ਵੀ ਜੁੜੇ। ਉਸਦਾ ਪਰਿਵਾਰ 1990 ਦੇ ਦਹਾਕੇ ਵਿਚ ਉਜ਼ਬੇਕਿਸਤਾਨ ਤੋਂ ਮਾਲਟਾ ਅਤੇ ਫਿਰ ਸੰਯੁਕਤ ਰਾਜ ਅਮਰੀਕਾ ਚਲਾ ਗਿਆ। ਗੋਰ 12 ਸਾਲ ਦੀ ਉਮਰ ਵਿਚ ਅਮਰੀਕਾ ਆਇਆ ਅਤੇ 2006 ਵਿਚ ਅਮਰੀਕੀ ਨਾਗਰਿਕਤਾ ਪ੍ਰਾਪਤ ਕੀਤੀ। ਗੋਰ ਆਪਣੇ ਸਕੂਲ ਅਤੇ ਕਾਲਜ ਦੇ ਸਾਲਾਂ ਦੌਰਾਨ ਰਾਜਨੀਤੀ ਵਿਚ ਸਰਗਰਮ ਸੀ।

■ ਬਾਕੀ ਖਬਰ ਸਫਾ 15 'ਤੇ

# ਬੇਕਰਜ਼ਫੀਲਡ ਵਿਖੇ ਹੋਏ ਅੰਤਰਰਾਸ਼ਟਰੀ ਸਿੱਖ ਯੂਥ ਸਿੰਪੋਜ਼ੀਅਮ ਦੀ ਕਾਮਯਾਬੀ ਲਈ ਡਾ. ਮਨਬੀਰ ਸਿੰਘ ਵੱਲੋਂ ਸਮੂਹ ਸਹਿਯੋਗੀਆਂ ਦਾ ਧੰਨਵਾਦ

















Copyright@Punjab Mail USA

**ਬੇਕਰਜ਼ਫੀਲਡ, (ਪੰਜਾਬ ਮੇਲ)**-ਸਿੱਖ ਯੂਥ ਅਲਾਇੰਸ ਆਫ ਨੌਰਥ ਅਮਰੀਕਾ ਵੱਲੋਂ 4 ਰੋਜ਼ਾ ਸਾਲਾਨਾ ਇੰਟਰਨੈਸ਼ਨਲ ਸਿੱਖ ਯੂਥ ਸਿੰਪੋਜ਼ੀਅਮ 2025 ਬੇਕਰਜ਼ਫੀਲਡ ਵਿਖੇ ਆਯੋਜਿਤ ਕੀਤਾ ਗਿਆ। ਗੁਰਦੁਆਰਾ ਗੁਰੂ ਅੰਗਦ ਦਰਬਾਰ ਵਿਖੇ ਹੋਏ ਇਸ ਸਮਾਗਮ ਵਿਚ ਅਮਰੀਕਾ ਅਤੇ ਕੈਨੇਡਾ ਤੋਂ ਆਏ 6 ਸਾਲ ਤੋਂ ਲੈ ਕੇ 22 ਸਾਲ ਤੱਕ ਦੇ 68 ਬੱਚਿਆਂ ਅਤੇ ਨੌਜਵਾਨਾਂ ਨੇ ਭਾਗ ਲਿਆ। ਇਹ ਸਮਾਗਮ ਕਾਮਯਾਬੀ ਨਾਲ ਹੋ ਨਿਬੜਿਆ। ਪਿਛਲੇ ਲੰਮੇ ਸਮੇਂ ਤੋਂ ਸਿੱਖ ਯੂਥ ਅਲਾਇੰਸ ਆਫ ਨੌਰਥ ਅਮਰੀਕਾ ਨਾਲ ਜੁੜੇ ਅਤੇ ਸਿੰਪੋਜ਼ੀਅਮ ਦੇ ਕੈਲੀਫੋਰਨੀਆ ਦੇ ਰਿਜ਼ਨਲ ਕਨਵੀਨਰ ਡਾ. ਮਨਬੀਰ ਸਿੰਘ ਨੇ ਸਿੰਪੋਜ਼ੀਅਮ ਨੂੰ ਕਾਮਯਾਬੀ ਨਾਲ ਨੇਪਰੇ ਚੜ੍ਹਨ 'ਤੇ ਖੁਸ਼ੀ ਦਾ ਇਜ਼ਹਾਰ ਕੀਤਾ। ਉਨ੍ਹਾਂ ਅਮਰੀਕਾ, ਕੈਨੇਡਾ ਤੋਂ ਆਏ ਸਮੂਹ ਪ੍ਰਤੀਯੋਗੀਆਂ ਅਤੇ ਸਮਾਗਮ 'ਚ ਹਿਸਾ ਲੈਣ ਵਾਲੇ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਇਥੇ ਜ਼ਿਕਰਯੋਗ ਹੈ ਕਿ ਇਹ ਸਮਾਗਮ 17 ਸਾਲਾਂ ਬਾਅਦ ਦੁਬਾਰਾ ਬੇਕਰਜ਼ਫੀਲਡ ਵਿਖੇ ਕਰਵਾਇਆ ਗਿਆ ਸੀ।

# ਡਾ. ਬਲਵਿੰਦਰ ਕੌਰ ਬਰਾੜ ਕੈਲੀਫੋਰਨੀਆ ਦੌਰੇ 'ਤੇ



**ਸੈਕਰਾਮੈਂਟੋ, (ਪੰਜਾਬ ਮੇਲ)**-ਉੱਘੇ ਸਮਾਜ ਸੁਧਾਰਕ ਡਾ. ਬਲਵਿੰਦਰ ਕੌਰ ਬਰਾੜ ਅੱਜਕੱਲ੍ਹ ਕੈਲੀਫੋਰਨੀਆ ਦੌਰੇ 'ਤੇ ਹਨ। ਇਸ ਦੌਰਾਨ ਉਹ ਸਾਹਿਤਕਾਰ ਮਨਜੀਤ ਕੌਰ ਸੇਖੋਂ ਦੇ ਗ੍ਰਹਿ ਵਿਖੇ ਪਧਾਰੇ, ਜਿਥੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਭਾਰੀ ਗਿਣਤੀ ਵਿਚ ਸਥਾਨਕ ਸਾਹਿਤਕਾਰ ਹਾਜ਼ਰ ਸਨ।





# ਉੱਘੇ ਸਮਾਜ ਸੁਧਾਰਕ ਡਾ. ਬਲਵਿੰਦਰ ਕੌਰ ਬਰਾੜ ਪੰਜਾਬ ਮੇਲ ਯੂ.ਐੱਸ.ਏ. ਟੀ.ਵੀ. ਸਟੂਡੀਓ ਪਹੁੰਚੇ



**ਸੈਕਰਾਮੈਂਟੋ, (ਪੰਜਾਬ ਮੇਲ)**-ਉੱਘੇ ਸਮਾਜ ਸੁਧਾਰਕ ਡਾ. ਬਲਵਿੰਦਰ ਕੌਰ ਬਰਾੜ ਪੰਜਾਬ ਮੇਲ ਯੂ.ਐੱਸ.ਏ. ਟੀ.ਵੀ. ਸਟੂਡੀਓ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਨੇ ਗੁਰਜਤਿੰਦਰ ਸਿੰਘ ਰੰਧਾਵਾ ਨਾਲ ਅਜੋਕੇ ਪਰਿਵਾਰਾਂ ਪ੍ਰਤੀ ਲੰਬੀ ਵਿਚਾਰ ਚਰਚਾ ਕੀਤੀ। ਇਸ ਦੌਰਾਨ ਡਾ. ਬਲਵਿੰਦਰ ਬਰਾੜ ਨੇ ਪੰਜਾਬ ਮੇਲ ਯੂ.ਐੱਸ.ਏ. ਟੀ.ਵੀ. 'ਤੇ ਬੋਲਦਿਆਂ ਕਿਹਾ ਕਿ ਸਾਨੂੰ ਆਪਣੇ ਪਰਿਵਾਰਾਂ ਨੂੰ ਸੰਭਾਲਣਾ ਚਾਹੀਦਾ ਹੈ। ਉਨ੍ਹਾਂ ਇਸ ਗੱਲ ਤੋਂ ਚਿੰਤਾ ਪ੍ਰਗਟ ਕੀਤੀ ਕਿ ਸਾਡੇ ਪਰਿਵਾਰਾਂ ਅੱਜ ਪੱਛਮੀ ਸੱਭਿਆਚਾਰ 'ਚ ਢਲ ਰਹੇ ਹਨ। ਲੋੜ ਹੈ ਇਸ ਨੂੰ ਬਚਾਉਣ ਦੀ।

ਇਸ ਉਪਰੰਤ ਗੁਰਜਤਿੰਦਰ ਸਿੰਘ ਰੰਧਾਵਾ ਵੱਲੋਂ ਆਪਣੀਆਂ ਲਿਖੀਆਂ ਪੁਸਤਕਾਂ ਡਾ. ਬਲਵਿੰਦਰ ਕੌਰ ਬਰਾੜ ਨੂੰ ਭੇਂਟ ਕੀਤੀਆਂ।



Global Allianz

LAW FIRM LLP

ਕਾਨੂੰਨੀ ਸਲਾਹਾਂ

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਬੱਚਿਆਂ ਦੇ ਖੇਡ ਮੇਲੇ ਦੀ ਸਮਾਪਤੀ ਕੀਤੀ ਗਈ






**ਸਿਆਟਲ, (ਪੰਜਾਬ ਮੇਲ)**- 24 ਅਗਸਤ, ਐਤਵਾਰ ਨੂੰ ਬੱਚਿਆਂ ਦਾ ਜੋ ਖੇਡ ਕੈਂਪ ਲੱਗਦਾ ਹੈ ਅਤੇ ਦੋ ਮਹੀਨੇ ਲਗਾਤਾਰ ਸ਼ਨੀਵਾਰ, ਐਤਵਰ ਚੱਲਦਾ ਹੈ, ਦੀ ਸਮਾਪਤੀ ਕੀਤੀ ਗਈ। ਸਾਰੇ ਸਿਆਟਲ ਨਿਵਾਸੀ ਬਹੁਤ ਹੁੰਮਹੁਮਾ ਕੇ ਪਹੁੰਚੇ ਤੇ ਬੱਚਿਆਂ ਦੇ ਇਨਾਮ ਵੰਡ ਸਮਾਗਮ ਦੀ ਖੂਬਸੂਰਤੀ 'ਚ ਵਾਧਾ ਕੀਤਾ ਤੇ ਪ੍ਰਬੰਧਕਾਂ ਦੇ ਕਾਰਜ ਦੀ ਸ਼ਲਾਘਾ ਕੀਤੀ ਗਈ। ਇਕ ਮੇਲੇ ਦੀ ਤਰ੍ਹਾਂ ਲੋਕਾਂ ਨੇ ਸਮਾਪਤੀ ਸਮਾਰੋਹ ਦਾ ਅਨੰਦ ਮਾਣਿਆ। ਵੱਖ-ਵੱਖ ਤਰ੍ਹਾਂ ਦੇ ਖਾਣਿਆਂ ਦਾ ਪ੍ਰਬੰਧ ਸੀ, ਜਿਹੜਾ ਕਿ ਦਇਆਬੀਰ ਸਿੰਘ ਬਾਠ ਵੱਲੋਂ ਕੀਤਾ ਗਿਆ ਸੀ।

ਭਾਰੀ ਇਕੱਠ ਵਿਚ ਇਹ ਪ੍ਰਣ ਕੀਤਾ ਗਿਆ ਕਿ ਬੱਚਿਆਂ ਨੂੰ ਹੋਰ ਭਾਈਚਾਰਕ ਸਾਂਝਾਂ ਨਾਲ ਜੋੜਿਆ ਜਾਵੇ, ਆਪਣੀ ਮਾਂ ਬੋਲੀ ਅਤੇ ਪੰਜਾਬੀ ਖੇਡਾਂ ਦੀ ਜਾਣਕਾਰੀ ਬੱਚਿਆਂ ਨੂੰ ਸਿਖਾਈ ਜਾਵੇ, ਨਸ਼ਿਆਂ ਦੇ ਸੇਵਨ ਨਹੀਂ ਕਰਨਾ। ਨਿਰੋਲ ਤੰਦਰੁਸਤ ਸਿਹਤ ਰੱਖਣ ਲਈ ਉਤਸ਼ਾਹਿਤ ਕੀਤਾ ਗਿਆ। ਪ੍ਰਬੰਧਕਾਂ ਨੇ ਸਾਰੇ ਪ੍ਰੋਗਰਾਮ ਨੂੰ ਬੜੀ ਸੰਜੀਦਗੀ ਨਾਲ ਉਲੀਕਿਆ ਅਤੇ ਨਿਭਾਇਆ। ਸਾਰੀਆਂ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ। ਸ. ਗੁਰਮੀਤ ਸਿੰਘ ਨਿੱਜਰ ਮੁੱਖ ਮਹਿਮਾਨ ਅਤੇ ਸਤਪਾਲ ਸਿੰਘ ਸਿੱਧੂ ਸਪੈਸ਼ਲ ਮਹਿਮਾਨ ਦੇ ਤੌਰ 'ਤੇ ਵਿਰਾਜਮਾਨ ਸਨ। ਕੋਚਿਜ਼ ਅਤੇ ਦਾਨੀਆਂ ਦਾ ਮਾਣ-ਸਨਮਾਨ ਕਰਦਿਆਂ ਹੋਇਆਂ ਗੁਰਦੀਪ ਸਿੰਘ ਸਿੱਧੂ ਨੇ ਇਸੇ ਸਮੇਂ 'ਤੇ ਅਗਲੇ ਸਾਲ ਫਿਰ ਕੈਂਪ ਸ਼ੁਰੂ ਕਰਨ ਦਾ ਵਾਅਦਾ ਕੀਤਾ ਅਤੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਕੈਲਗਰੀ ਦੇ ਸਾਬਕਾ ਵਿਧਾਇਕ ਪ੍ਰਭ ਗਿੱਲ ਦੇ ਪੁੱਤ ਦੀ ਸੜਕ ਹਾਦਸੇ 'ਚ ਮੌਤ

**ਕੈਲਗਰੀ, (ਪੰਜਾਬ ਮੇਲ)**- ਕੈਲਗਰੀ 'ਚ ਬੀਤੇ ਦਿਨੀਂ ਵਾਪਰੇ ਸੜਕ ਹਾਦਸੇ ਵਿਚ ਪੰਜਾਬੀ ਮੂਲ ਦੇ ਸਾਬਕਾ ਐੱਮ.ਐੱਲ.ਏ. ਪ੍ਰਭ ਗਿੱਲ ਦੇ ਪੁੱਤਰ ਦਾ ਦੇਹਾਂਤ ਹੋ ਗਿਆ ਹੈ। ਜਾਣਕਾਰੀ ਅਨੁਸਾਰ ਸੜਕ ਹਾਦਸੇ ਵਿਚ ਇਕ ਮੋਟਰਸਾਈਕਲ ਦੀ ਕਾਰ ਨਾਲ ਹੋਈ ਟੱਕਰ ਵਿਚ 20 ਸਾਲਾ ਅਰਜਨ ਗਿੱਲ ਦੀ ਮੌਤ ਹੋ ਗਈ। ਕੈਲਗਰੀ ਪੁਲਿਸ ਵੱਲੋਂ ਜਾਰੀ ਪ੍ਰੈੱਸ ਰਿਲੀਜ਼ ਵਿਚ ਹਾਲਾਂਕਿ ਮ੍ਰਿਤਕ ਦਾ ਨਾਮ ਨਸ਼ਰ ਨਹੀਂ ਕੀਤਾ ਗਿਆ ਹੈ। ਪੁਲਿਸ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਮੁਤਾਬਕ ਇਹ ਹਾਦਸਾ ਐਤਵਾਰ ਰਾਤ ਨਾਰਥ ਵੈਸਟ ਕੈਲਗਰੀ ਵਿਚ ਹੋਇਆ। ਕੈਲਗਰੀ ਟਰੈਫ਼ਿਕ ਪੁਲਿਸ ਦੇ ਸਾਰਜੈਂਟ ਸ਼ੀਨ ਸ਼ਰਮਨ ਨੇ ਦੱਸਿਆ ਕਿ ਅਰਜਨ ਗਿੱਲ ਆਪਣੇ ਮੋਟਰਸਾਈਕਲ 'ਤੇ 16 ਐਵਿਨਿਊ ਤੋਂ ਪੱਛਮ ਵੱਲ ਜਾ ਰਿਹਾ ਸੀ, ਜਦੋਂ ਕਿ ਦੱਖਣ ਵੱਲੋਂ ਆ ਰਹੀ ਐੱਸ.ਯੂ.ਵੀ. ਨੇ ਇਕ ਚੌਕ 'ਚ ਉਸ ਨੂੰ ਟੱਕਰ ਮਾਰ ਦਿੱਤੀ। ਹਾਦਸੇ ਵਿਚ ਅਰਜਨ ਗਿੱਲ ਦੀ ਮੌਕੇ 'ਤੇ ਹੀ ਮੌਤ ਹੋ ਗਈ। ਐੱਸ.ਯੂ.ਵੀ. ਦਾ ਡਰਾਈਵਰ ਹਾਦਸੇ ਤੋਂ ਬਾਅਦ ਮੌਕੇ 'ਤੇ ਹੀ ਰਿਹਾ ਅਤੇ ਪੁਲਿਸ ਵੱਲੋਂ ਕੀਤੀ ਪੁੱਛਗਿੱਛ ਵਿਚ ਉਸ ਨੇ ਸਹਿਯੋਗ ਦਿੱਤਾ। ਪੁਲਿਸ ਦਾ ਮੰਨਣਾ ਹੈ ਕਿ ਮੋਟਰਸਾਈਕਲ ਸਵਾਰ ਬਹੁਤ ਤੇਜ਼ ਸੀ, ਜੋ ਹਾਦਸੇ ਦਾ ਇੱਕ ਕਾਰਨ ਹੋ ਸਕਦਾ ਹੈ। ਕੈਲਗਰੀ ਪੁਲਿਸ ਵੱਲੋਂ ਇਸ ਸੜਕ ਹਾਦਸੇ ਬਾਰੇ ਕੋਈ ਵੀ ਜਾਣਕਾਰੀ ਜਾਂ ਵੀਡੀਓ ਫੁਟੇਜ ਹੋਣ 'ਤੇ ਪੁਲਿਸ ਨਾਲ 403-266-1234 ਰਾਹੀਂ ਸੰਪਰਕ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ। ਪੰਜਾਬੀ ਮੂਲ ਦੇ ਪ੍ਰਭ ਗਿੱਲ ਜ਼ਿਮਨੀ ਚੋਣ ਵਿਚ ਕੈਲਗਰੀ ਗ੍ਰੀਨ ਵੇ ਰਾਈਡਿੰਗ ਤੋਂ ਐੱਮ.ਐੱਲ.ਏ. ਚੁਣੇ ਗਏ ਸਨ। 2018 ਦੌਰਾਨ ਇਕ ਵਿਵਾਦ ਦੇ ਚਲਦਿਆਂ ਗਿੱਲ ਨੇ ਆਪਣੀ ਯੂਨਾਈਟਿਡ ਕੰਜ਼ਰਵੇਟਿਵ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਪੰਜਾਬੀ ਭਾਈਚਾਰੇ ਵੱਲੋਂ ਪ੍ਰਭ ਗਿੱਲ ਨਾਲ ਪੁੱਤਰ ਦੇ ਦੇਹਾਂਤ 'ਤੇ ਅਫ਼ਸੋਸ ਜ਼ਾਹਰ ਕੀਤਾ ਜਾ ਰਿਹਾ ਹੈ।



# ਟਰੰਪ ਨੇ ਜਾਣਬੁੱਝ ਕੇ ਭਾਰਤ 'ਤੇ ਵਾਧੂ ਟੈਰਿਫ ਵਰਗੇ ਆਰਥਿਕ ਦਬਾਅ ਦੀ ਵਰਤੋਂ ਕੀਤੀ : ਜੇਡੀ ਵੈਂਸ ਦਾ ਖੁਲਾਸਾ



**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਨੇ ਐਤਵਾਰ ਨੂੰ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰੂਸ ਨੂੰ ਯੂਕਰੇਨ 'ਤੇ ਬੰਬਾਰੀ ਬੰਦ ਕਰਨ ਲਈ ਮਜਬੂਰ ਕਰਨ ਲਈ ਭਾਰਤ 'ਤੇ ਵਾਧੂ ਟੈਰਿਫ ਵਰਗੇ "ਹਮਲਾਵਰ ਆਰਥਿਕ ਦਬਾਅ" ਦੀ ਵਰਤੋਂ ਕੀਤੀ ਹੈ। ਵੈਂਸ ਨੇ ਇਹ ਵੀ ਕਿਹਾ ਕਿ ਇਸ ਕਦਮ ਨਾਲ ਰੂਸ ਲਈ ਆਪਣੀ ਤੇਲ ਆਰਥਿਕਤਾ ਦੇ ਆਧਾਰ 'ਤੇ ਖੁਸ਼ਹਾਲ ਹੋਣਾ "ਮੁਸ਼ਕਲ" ਹੋ ਜਾਵੇਗਾ।

ਟਰੰਪ ਪ੍ਰਸ਼ਾਸਨ ਭਾਰਤ ਦੀ ਰੂਸ ਤੋਂ ਰਿਆਇਤੀ ਦਰਾਂ 'ਤੇ ਕੱਚਾ ਤੇਲ ਖਰੀਦਣ ਦੀ ਸਖ਼ਤ ਆਲੋਚਨਾ ਕਰ ਰਿਹਾ ਹੈ। ਦਿਲਚਸਪ ਗੱਲ ਇਹ ਹੈ ਕਿ ਵਾਸ਼ਿੰਗਟਨ ਰੂਸੀ ਕੱਚੇ ਤੇਲ ਦੇ ਸਭ ਤੋਂ ਵੱਡੇ ਆਯਾਤਕ ਚੀਨ ਦੀ ਆਲੋਚਨਾ ਨਹੀਂ ਕਰ ਰਿਹਾ ਹੈ। ਭਾਰਤ ਦਾ ਕਹਿਣਾ ਹੈ ਕਿ ਰੂਸ ਤੋਂ ਸਮੇਤ ਉਸਦੀਆਂ ਊਰਜਾ ਖਰੀਦਾਂ ਰਾਸ਼ਟਰੀ ਹਿੱਤ ਦੁਆਰਾ ਪ੍ਰੇਰਿਤ ਹਨ। ਵੈਂਸ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਅਮਰੀਕਾ ਰੂਸ ਅਤੇ ਯੂਕਰੇਨ ਵਿਚਕਾਰ ਯੁੱਧ ਨੂੰ ਖਤਮ ਕਰਨ ਵਿਚ ਵਿਚੋਲਗੀ ਕਰ ਸਕਦਾ ਹੈ, ਹਾਲਾਂਕਿ ਇਸ ਮਹੀਨੇ ਰਾਸ਼ਟਰਪਤੀ ਟਰੰਪ ਦੀ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਮੁਲਾਕਾਤ ਤੋਂ ਬਾਅਦ ਕੁਝ "ਰੁਕਾਵਟਾਂ" ਪੈਦਾ ਹੋਈਆਂ ਹਨ।

ਐਤਵਾਰ ਨੂੰ ਪ੍ਰਸਾਰਿਤ ਇੱਕ ਇੰਟਰਵਿਊ 'ਚ, ਮੇਜ਼ਬਾਨ ਕ੍ਰਿਸਟਨ ਵੇਲਕਰ ਨੇ ਪੁੱਛਿਆ, "ਤੁਸੀਂ ਉਸਨੂੰ (ਪੁਤਿਨ) ਨੂੰ ਜ਼ੇਲੇਂਸਕੀ ਨਾਲ ਗੱਲਬਾਤ ਦੀ ਮੇਜ਼ 'ਤੇ ਕਿਵੇਂ ਲਿਆਉਂਦੇ ਹੋ ਅਤੇ ਉਸਨੂੰ ਬੰਬ ਸੁੱਟਣ ਤੋਂ ਕਿਵੇਂ ਰੋਕਦੇ ਹੋ?" ਵੈਂਸ ਨੇ ਜਵਾਬ ਦਿੱਤਾ ਕਿ ਟਰੰਪ ਨੇ "ਹਮਲਾਵਰ ਆਰਥਿਕ ਦਬਾਅ" ਦਾ ਸਹਾਰਾ ਲਿਆ ਹੈ, ਉਦਾਹਰਣ ਵਜੋਂ "ਭਾਰਤ 'ਤੇ ਵਾਧੂ ਟੈਰਿਫ ਲਗਾਉਣਾ ਤਾਂ ਜੋ ਰੂਸ ਲਈ ਆਪਣੀ ਤੇਲ ਆਰਥਿਕਤਾ ਤੋਂ ਅਮੀਰ ਹੋਣਾ ਔਖਾ ਹੋ ਸਕੇ।"



# ਅਮਰੀਕਾ ਟਰੱਕ ਹਾਦਸਾ: ਪੰਜਾਬੀ ਨੌਜਵਾਨ ਨੂੰ ਹੋ ਸਕਦੀ ਹੈ 45 ਸਾਲ ਦੀ ਜੇਲ੍ਹ

ਵਾਸ਼ਿੰਗਟਨ/ਤਰਨਤਾਰਨ, (ਪੰਜਾਬ ਮੇਲ)-12 ਅਗਸਤ ਦੀ ਦੁਪਹਿਰ ਅਮਰੀਕਾ 'ਚ ਟਰੱਕ ਚਲਾਉਂਦੇ ਸਮੇਂ ਹੋਏ ਹਾਦਸੇ 'ਚ ਤਿੰਨ ਲੋਕਾਂ ਦੀ ਮੌਤ ਲਈ ਹਰਜਿੰਦਰ ਸਿੰਘ ਨਾਂ ਦੇ ਡਰਾਈਵਰ ਦੀ ਜ਼ਿੰਮੇਵਾਰੀ ਦਾ ਫੈਸਲਾ ਅਜੇ ਤਕ ਅਮਰੀਕੀ ਅਦਾਲਤ ਨੇ ਨਹੀਂ ਕੀਤਾ ਹੈ, ਪਰ ਉਥੇ ਦੇ ਕਾਨੂੰਨ ਮੁਤਾਬਕ ਹਰਜਿੰਦਰ ਸਿੰਘ ਨੂੰ 45 ਸਾਲ ਦੀ ਸਜ਼ਾ ਹੋ ਸਕਦੀ ਹੈ। ਇਸ ਸੰਦਰਭ 'ਚ ਹਰਜਿੰਦਰ ਸਿੰਘ ਦਾ ਪਰਿਵਾਰ ਚਿੰਤਤ ਹੈ। ਹਰਜਿੰਦਰ ਦਾ ਭਰਾ, ਭਾਬੀ ਤੇ ਮਾਂ ਲਗਾਤਾਰ ਚਾਰ ਦਿਨਾਂ ਤੋਂ ਘਰ ਤੋਂ ਬਾਹਰ ਨਹੀਂ ਨਿਕਲੇ। ਹਾਲਾਂਕਿ ਪਰਿਵਾਰ ਜਨਤਕ ਤੌਰ 'ਤੇ ਕੁਝ ਨਹੀਂ ਕਹਿ ਰਿਹਾ, ਪਰ ਪਿੰਡ ਦੇ ਲੋਕ ਹਰਜਿੰਦਰ ਸਿੰਘ ਤੇ ਉਸ ਦੇ ਪਰਿਵਾਰ ਦੇ ਭਵਿੱਖ ਨੂੰ ਲੈ ਕੇ ਚਿੰਤਤ ਹਨ। ਤਰਨਤਾਰਨ ਜ਼ਿਲ੍ਹੇ ਦੇ ਪਿੰਡ ਰਟੌਲ ਦੇ ਕਿਸਾਨ ਕਾਬਲ ਸਿੰਘ ਦੀ 2020 'ਚ ਕੋਰੋਨਾ ਕਾਰਨ ਮੌਤ ਹੋ ਗਈ ਸੀ। ਕਾਬਲ ਸਿੰਘ ਦਾ ਛੋਟਾ ਪੁੱਤਰ ਹਰਜਿੰਦਰ ਸਿੰਘ (ਜਿਸ ਦੇ ਪਰਿਵਾਰ ਕੋਲ ਲਗਪਗ 14 ਏਕੜ ਜ਼ਮੀਨ ਹੈ) 2018 'ਚ ਅਮਰੀਕਾ ਚਲਾ ਗਿਆ ਸੀ। ਹਰਜਿੰਦਰ ਸਿੰਘ ਦਾ ਵੱਡਾ ਭਰਾ ਤਜਿੰਦਰ ਸਿੰਘ ਪਿੰਡ ਵਿਚ ਹੀ ਖੇਤੀਬਾੜੀ ਦਾ ਕੰਮ ਦੇਖਦਾ ਹੈ। ਹਰਜਿੰਦਰ ਸਿੰਘ ਅਮਰੀਕਾ 'ਚ ਟਰੱਕ ਡਰਾਈਵਰ ਦੇ ਤੌਰ 'ਤੇ ਕੰਮ



ਕਰਨ ਲੱਗਾ। 12 ਅਗਸਤ ਦੀ ਦੁਪਹਿਰ ਨੂੰ ਹਰਜਿੰਦਰ ਸਿੰਘ ਦਾ ਟਰੱਕ ਦੁਰਘਟਨਾ ਦਾ ਸ਼ਿਕਾਰ ਹੋ ਗਿਆ, ਜਿਸ ਵਿਚ ਅਮਰੀਕਾ ਦੇ ਤਿੰਨ ਨਾਗਰਿਕਾਂ ਦੀ ਮੌਤ ਹੋ ਗਈ। ਅਮਰੀਕੀ ਕਾਨੂੰਨ ਮੁਤਾਬਕ ਜੇਕਰ ਕਿਸੇ ਦੁਰਘਟਨਾ 'ਚ ਇਕ ਵਿਅਕਤੀ ਦੀ ਮੌਤ ਹੁੰਦੀ ਹੈ, ਤਾਂ ਮੁਲਜ਼ਮ ਡਰਾਈਵਰ ਨੂੰ ਇਕ ਮੌਤ ਲਈ 15 ਸਾਲ ਦੀ ਜੇਲ੍ਹ ਦੀ ਸਜ਼ਾ ਹੁੰਦੀ ਹੈ। ਇਸ ਤਰ੍ਹਾਂ, ਇਹ ਸੰਭਾਵਨਾ ਹੈ ਕਿ ਹਰਜਿੰਦਰ ਸਿੰਘ ਨੂੰ 45 ਸਾਲ ਦੀ ਜੇਲ੍ਹ ਹੋ ਸਕਦੀ ਹੈ। ਪਿੰਡ ਰਟੌਲ ਦੇ ਸਾਰੇ ਨਿਵਾਸੀ ਹਰਜਿੰਦਰ ਸਿੰਘ ਦੇ ਭਵਿੱਖ ਨੂੰ ਲੈ ਕੇ ਚਿੰਤਤ ਹਨ ਜਦੋਂਕਿ ਉਕਤ ਯੁਵਕ ਦਾ ਭਰਾ ਹਰਜਿੰਦਰ ਸਿੰਘ ਮੀਡੀਆ ਨੂੰ ਕੋਈ ਵੀ ਜਾਣਕਾਰੀ ਦੇਣ ਤੋਂ ਕਤਰਾਉਂਦਾ ਹੈ, ਪਰ ਪਰਿਵਾਰ ਇਸ ਸਮੇਂ ਚਿੰਤਾ ਦੇ ਦੌਰ ਤੋਂ ਗੁਜ਼ਰ ਰਿਹਾ ਹੈ।

ਹਰਜਿੰਦਰ ਸਿੰਘ ਦੇ ਕਰੀਬੀ ਦੋਸਤ ਗੁਰਸੇਵਕ ਸਿੰਘ, ਮਹਿਪਾਲ ਸਿੰਘ ਤੇ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਅਮਰੀਕਾ 'ਚ ਹੋਏ ਹਾਦਸੇ ਤੋਂ ਬਾਅਦ ਭਾਵੇਂ ਹਰਜਿੰਦਰ ਸਿੰਘ ਦਾ ਪਰਿਵਾਰ ਜਨਤਕ ਤੌਰ 'ਤੇ ਕੁਝ ਨਹੀਂ ਕਹਿ ਰਿਹਾ, ਪਰ ਪੂਰਾ ਪਿੰਡ ਇਸ ਪਰਿਵਾਰ ਦੇ ਉੱਜਲ ਭਵਿੱਖ ਲਈ ਗੁਰੂ ਘਰ 'ਚ ਅਰਦਾਸ ਕਰ ਰਿਹਾ ਹੈ। ਗ੍ਰਾਮੀਣ ਮੰਜੀਤ ਸਿੰਘ, ਕਾਬਲ ਸਿੰਘ ਤੇ ਸ਼ਿੰਗਾਰਾ ਸਿੰਘ ਨੇ ਦੱਸਿਆ ਕਿ ਪਿੰਡ ਵਿਚ ਕਿਸੇ ਵੀ ਤਰ੍ਹਾਂ ਦੀ ਕੋਈ ਖ਼ੁਸ਼ੀ ਨਹੀਂ ਮਨਾਈ ਜਾ ਰਹੀ। ਬਲਕਿ ਹਰਜਿੰਦਰ ਸਿੰਘ ਦੀ ਚੰਗੀ ਖਬਰ ਲਈ ਪਿੰਡ ਦੇ ਗੁਰਦੁਆਰਾ ਸਾਹਿਬ 'ਚ ਸਵੇਰੇ-ਸ਼ਾਮ ਅਰਦਾਸ ਕੀਤੀ ਜਾ ਰਹੀ ਹੈ ਕਿਉਂਕਿ ਦੁਨੀਆਂ ਭਰ ਦੇ ਲੋਕ ਜਾਣਦੇ ਹਨ ਕਿ ਅਮਰੀਕਾ 'ਚ ਹਾਦਸੇ ਦੌਰਾਨ ਗ੍ਰਿਫ਼ਤਾਰ ਟਰੱਕ ਡਰਾਈਵਰ ਨੂੰ ਉਥੇ ਦੇ ਕਾਨੂੰਨ ਮੁਤਾਬਕ ਕੜੀ ਸਜ਼ਾ ਮਿਲਦੀ ਹੈ। ਇਸ ਤਰ੍ਹਾਂ, ਜੇਕਰ ਹਰਜਿੰਦਰ ਸਿੰਘ ਨੂੰ ਨਹੀਂ ਬਚਾਇਆ ਗਿਆ, ਤਾਂ ਉਸ ਨੂੰ 45 ਸਾਲ ਦੀ ਜੇਲ੍ਹ ਹੋ ਸਕਦੀ ਹੈ। ਅਮਰੀਕਾ 'ਚ ਰਹਿਣ ਵਾਲੇ ਭਾਰਤੀ ਮੂਲ ਦੇ ਇਕ ਟਰੱਕ ਡਰਾਈਵਰ ਨੇ ਹਰਜਿੰਦਰ ਸਿੰਘ ਨੂੰ ਬਚਾਉਣ ਲਈ ਇਕ ਵੈਬਸਾਈਟ ਜ਼ਰੀਏ ਆਨਲਾਈਨ ਮੁਹਿੰਮ ਚਲਾਈ ਹੈ, ਜਿਸ ਮੁਤਾਬਕ ਵੱਖ-ਵੱਖ ਦੇਸ਼ਾਂ ਦੇ ਲਗਪਗ 11 ਲੱਖ 61 ਹਜ਼ਾਰ ਲੋਕਾਂ ਨੇ ਕਾਨੂੰਨੀ ਤੌਰ 'ਤੇ ਹਰਜਿੰਦਰ ਸਿੰਘ ਪ੍ਰਤੀ ਨਰਮੀ ਬਰਤਣ ਦੀ ਅਪੀਲ ਕੀਤੀ ਹੈ। ਇਹ ਅਪੀਲ ਅਮਰੀਕਾ ਦੇ ਫਲੋਰੀਡਾ ਦੇ ਗਵਰਨਰ ਤੋਂ ਕੀਤੀ ਗਈ ਹੈ।

# ਫਲੋਰੀਡਾ 'ਚ 3 ਵਿਅਕਤੀਆਂ ਦੀ ਮੌਤ ਦੇ ਮੁਲਜ਼ਮ ਪੰਜਾਬੀ ਟਰੱਕ ਡਰਾਈਵਰ ਦਾ ਭਰਾ ਵੀ ਗ੍ਰਿਫਤਾਰ

**■ ਦੋਸ਼ੀ ਦਾ ਭਰਾ ਹਰਨੀਤ ਵੀ 2023 'ਚ ਗੈਰ-ਕਾਨੂੰਨੀ ਤੌਰ 'ਤੇ ਦਾਖਲ ਹੋਇਆ ਸੀ ਅਮਰੀਕਾ 'ਚ**

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੇ ਫਲੋਰੀਡਾ 'ਚ 3 ਵਿਅਕਤੀਆਂ ਦੀ ਕਥਿਤ ਤੌਰ 'ਤੇ ਮੌਤ ਦੇ ਪੰਜਾਬੀ ਮੂਲ ਦੇ ਮੁਲਜ਼ਮ ਟਰੱਕ ਡਰਾਈਵਰ ਹਰਜਿੰਦਰ ਸਿੰਘ ਦੇ ਭਰਾ ਨੂੰ ਵੀ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਨੇ ਗ੍ਰਿਫ਼ਤਾਰ ਕਰ ਲਿਆ ਹੈ। ਹਰਜਿੰਦਰ ਸਿੰਘ ਉਹ ਗੈਰ-ਕਾਨੂੰਨੀ ਪ੍ਰਵਾਸੀ ਹੈ, ਜਿਸ ਵੱਲੋਂ ਫਲੋਰੀਡਾ ਦੀ ਸੇਂਟ ਲੂਸੀ ਕਾਊਂਟੀ ਦੇ ਟਰਨਪਾਈਕ 'ਤੇ ਗਲਤ ਯੂ-ਟਰਨ ਲੈਣ 'ਤੇ ਹੋਏ ਹਾਦਸੇ 'ਚ 3 ਵਿਅਕਤੀਆਂ ਦੀ ਜਾਨ ਚਲੀ ਗਈ ਸੀ।

ਹਾਦਸੇ ਤੋਂ ਬਾਅਦ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਐਲਾਨ ਕੀਤਾ ਕਿ ਕਮਰਸ਼ੀਅਲ ਟਰੱਕ ਡਰਾਈਵਰਾਂ ਲਈ ਸਾਰੇ ਵੀਜ਼ੇ ਤੁਰੰਤ ਮੁਅੱਤਲ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅਮਰੀਕੀ ਸੜਕਾਂ 'ਤੇ ਵੱਡੇ ਟਰੈਕਟਰ-ਟ੍ਰੇਲਰ ਟਰੱਕ ਚਲਾਉਣ ਵਾਲੇ ਵਿਦੇਸ਼ੀ ਡਰਾਈਵਰਾਂ ਦੀ ਵਧ ਰਹੀ ਗਿਣਤੀ ਅਮਰੀਕੀ ਜਾਨਾਂ ਨੂੰ ਖ਼ਤਰੇ ਵਿਚ ਪਾ ਰਹੀ ਹੈ।

ਹਰਜਿੰਦਰ ਸਿੰਘ ਨੂੰ ਫਲੋਰੀਡਾ ਵਾਪਸ ਲਿਆਂਦੇ ਜਾਣ 'ਤੇ ਲੈਫਟੀਨੈਂਟ ਗਵਰਨਰ ਜੇ. ਕਾਲਿੰਸ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਵਿਚ ਕਿਹਾ ਕਿ ਮੁਲਜ਼ਮ ਨੂੰ ਲੱਗਾ ਕਿ ਉਹ ਭੱਜ ਸਕਦਾ ਹੈ ਪਰ ਉਸ ਨੂੰ ਨਿਆਂ ਦੇ ਕਟਹਿਰੇ ਵਿਚ ਲਿਆਉਣ ਲਈ ਵਾਪਸ ਲਿਆਂਦਾ ਗਿਆ। ਪੁਰਾਣੇ ਰਿਕਾਰਡਾਂ ਤੋਂ ਪਤਾ ਲੱਗਦਾ ਹੈ ਕਿ ਹਰਜਿੰਦਰ ਸਿੰਘ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਦੇ ਮੁਲਾਂਕਣ ਵਿਚ ਫੇਲ ਹੋ ਗਿਆ ਸੀ ਅਤੇ 12 ਮੌਖਿਕ ਸਵਾਲਾਂ ਵਿਚੋਂ ਸਿਰਫ਼ 2 ਦੇ ਸਹੀ ਜਵਾਬ ਦੇ ਸਕਿਆ ਸੀ। ਉਸ ਨੇ 4 ਹਾਈਵੇਅ ਟ੍ਰੈਫਿਕ ਚਿੰਨ੍ਹਾਂ ਵਿਚੋਂ ਸਿਰਫ਼ ਇਕ ਦੀ ਪਛਾਣ ਕੀਤੀ ਸੀ ਪਰ ਫਿਰ ਵੀ ਕੈਲੀਫੋਰਨੀਆ ਤੋਂ ਲਾਇਸੈਂਸ ਪ੍ਰਾਪਤ ਕਰਨ 'ਚ ਕਾਮਯਾਬ ਰਿਹਾ ਸੀ।

ਡੀ.ਐੱਚ.ਐੱਸ. ਦੀ ਸਹਾਇਕ ਸਕੱਤਰ ਟ੍ਰਿਸੀਆ ਮੈਕਲਾਘਲਿਨ ਨੇ ਇਕ ਬਿਆਨ ਵਿਚ ਕਿਹਾ ਕਿ ਫਲੋਰੀਡਾ ਵਿਚ 3 ਨਿਰਦੋਸ਼ ਲੋਕ ਇਸ ਲਈ ਮਾਰੇ ਗਏ ਕਿਉਂਕਿ ਗੈਵਿਨ ਨਿਊਸਮ ਦੇ ਕੈਲੀਫੋਰਨੀਆ ਮੋਟਰ ਵਾਹਨ ਵਿਭਾਗ ਨੇ ਇਸ ਗੈਰ-ਕਾਨੂੰਨੀ ਵਿਦੇਸ਼ੀ ਨੂੰ ਕਰਮਸ਼ੀਅਲ ਡਰਾਈਵਿੰਗ ਲਾਇਸੈਂਸ ਜਾਰੀ ਕਰ ਦਿੱਤਾ ਸੀ, ਇਹ ਸ਼ਾਸਨ ਵਿਵਸਥਾ ਬੇਤੁਕੀ ਹੈ।

ਮੈਕਲਾਘਲਿਨ ਨੇ ਕਿਹਾ ਕਿ ਗੇਵਿਨ ਨਿਊਸਮ ਵੱਲੋਂ ਅਮਰੀਕੀ ਜਨਤਾ ਦੀ ਸੁਰੱਖਿਆ ਨਾਲ ਖਿਲਵਾੜ ਬੰਦ ਕਰਨ ਤੋਂ ਪਹਿਲਾਂ ਹੋਰ ਕਿੰਨੇ ਬੇਕਸੂਰ ਲੋਕਾਂ ਨੂੰ ਮਰਨਾ ਪਵੇਗਾ। ਫਲੋਰੀਡਾ 'ਚ 3 ਮਾਸੂਮ ਲੋਕ ਮਾਰੇ ਗਏ ਕਿਉਂਕਿ ਗੈਵਿਨ ਨਿਊਸਮ ਦੇ ਕੈਲੀਫੋਰਨੀਆ ਮੋਟਰ ਵਾਹਨ ਵਿਭਾਗ ਨੇ ਇਕ ਗੈਰ-ਕਾਨੂੰਨੀ ਪ੍ਰਦੇਸੀ ਨੂੰ ਵਪਾਰਕ ਡਰਾਈਵਿੰਗ ਲਾਇਸੈਂਸ ਜਾਰੀ ਕੀਤਾ। ਡੀ.ਐੱਚ.ਐੱਸ. ਦੀ ਸਹਾਇਕ ਸਕੱਤਰ ਟ੍ਰਿਸੀਆ ਮੈਕਲਾਘਲਿਨ ਨੇ ਇਕ ਬਿਆਨ ਵਿਚ ਕਿਹਾ ਕਿ ਅਸੀਂ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਪ੍ਰਾਰਥਨਾ ਕਰਦੇ ਹਾਂ। ਡੀ.ਐੱਚ.ਐੱਸ. ਜਨਤਾ ਦੀ ਸੁਰੱਖਿਆ ਅਤੇ ਇਨ੍ਹਾਂ ਅਪਰਾਧਕ ਗੈਰ-ਕਾਨੂੰਨੀ ਵਿਦੇਸ਼ੀਆਂ ਨੂੰ ਅਮਰੀਕਾ 'ਚੋਂ ਬਾਹਰ ਕੱਢਣ ਲਈ 24 ਘੰਟੇ ਕੰਮ ਕਰ ਰਹੇ ਹਨ।

ਆਈ.ਸੀ.ਈ. ਨੇ ਪੁਸ਼ਟੀ ਕੀਤੀ ਹੈ ਕਿ ਉਸ ਨੇ ਮੁਲਜ਼ਮ ਸਿੰਘ ਦੇ ਭਰਾ ਹਰਨੀਤ ਸਿੰਘ (25) ਨੂੰ ਗ੍ਰਿਫਤਾਰ ਕਰ ਲਿਆ ਹੈ, ਜੋ ਹਾਦਸੇ ਸਮੇਂ ਹਰਜਿੰਦਰ ਦੇ ਟਰੱਕ ਵਿਚ ਸਵਾਰ ਸੀ। ਅਧਿਕਾਰੀਆਂ ਨੇ ਕਿਹਾ ਕਿ ਉਹ ਵੀ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਿਹਾ ਸੀ। ਹਰਜਿੰਦਰ ਸਿੰਘ ਹਾਦਸੇ ਤੋਂ ਬਾਅਦ ਕੈਲੀਫੋਰਨੀਆ ਭੱਜ ਗਿਆ ਸੀ ਅਤੇ ਬਾਅਦ ਵਿਚ ਉਸ ਨੂੰ ਫਲੋਰੀਡਾ ਲਿਆਂਦਾ ਗਿਆ।

ਹੋਮਲੈਂਡ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਨੇ ਕਿਹਾ ਕਿ ਸਰਹੱਦ 'ਤੇ ਗਸ਼ਤ ਕਰਨ ਵਾਲੀ ਟੀਮ ਨੇ 2023 ਵਿਚ ਹਰਨੀਤ ਸਿੰਘ ਨੂੰ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਦਾਖਲ ਹੋਣ ਦੇ ਦੋਸ਼ ਵਿਚ ਫੜ ਲਿਆ ਸੀ ਪਰ ਬਾਇਡਨ ਪ੍ਰਸ਼ਾਸਨ ਨੇ ਉਸ ਨੂੰ ਅਮਰੀਕੀ ਭਾਈਚਾਰੇ ਵਿਚ ਛੱਡ ਦਿੱਤਾ ਸੀ। ਹਰਨੀਤ ਸਿੰਘ ਹੁਣ ਉਦੋਂ ਤੱਕ ਹਿਰਾਸਤ ਵਿਚ ਰਹੇਗਾ, ਜਦੋਂ ਤੱਕ ਉਸ ਦੀ ਜਲਾਵਤਨੀ ਦੀ ਪ੍ਰਕਿਰਿਆ ਪੂਰੀ ਨਹੀਂ ਹੋ ਜਾਂਦੀ।



# EXPO Furniture Gallery






## We offer 0% interest financing and carry all major brands.

ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ

In business for over 30 years

*SPECIAL SALE*

***Best price guaranteed.***



Designed By Punjab Mail USA

**7310 HOME LEISURE PLAZA, SACRAMENTO, CA 95823**

**(916) 392-3233**

www.expofurnituregallery.com

# ਨਿਊਯਾਰਕ ਦੇ ਗੁਜਰਾਤੀ ਰਾਮਭਾਈ ਪਟੇਲ ਨੂੰ ਯੂ ਵੀਜ਼ਾ ਧੋਖਾਧੜੀ ਮਾਮਲੇ 'ਚ ਸਜ਼ਾ ਸੁਣਾਈ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਨਿਊਯਾਰਕ ਦੇ ਇਕ ਭਾਰਤੀ-ਗੁਜਰਾਤੀ ਵਿਅਕਤੀ ਰਾਮ ਪਟੇਲ ਨੂੰ ਯੂ ਵੀਜ਼ਾ ਧੋਖਾਧੜੀ ਦੇ ਅਦਾਲਤ ਵਲੋਂ ਇਸ ਮਾਮਲੇ ਵਿਚ ਸਜ਼ਾ ਸੁਣਾਈ ਗਈ ਹੈ



ਦਸੰਬਰ 2023 ਵਿਚ ਸਿਆਟਲ ਵਿਚ ਗ੍ਰਿਫ਼ਤਾਰ ਕੀਤੇ ਗਏ ਰਾਮ ਪਟੇਲ 'ਤੇ ਇੱਕ ਪੰਜਾਬੀ ਨਾਲ ਮਿਲ ਕੇ ਅੱਠ ਨਕਲੀ ਡਕੈਤੀਆਂ ਨੂੰ ਅੰਜਾਮ ਦੇਣ ਦਾ ਦੋਸ਼ ਸੀ।

ਨਿਊਯਾਰਕ ਦੇ ਰਾਮ ਪਟੇਲ ਨਾਮ ਦੇ ਭਾਰਤੀ-ਗੁਜਰਾਤੀ ਵਿਅਕਤੀ ਨੂੰ ਬੋਸਟਨ ਦੀ ਇੱਕ ਸੰਘੀ ਅਦਾਲਤ ਨੇ ਯੂ ਵੀਜ਼ਾ ਲਈ ਨਕਲੀ ਹਥਿਆਰਬੰਦ ਡਕੈਤੀ ਕਰਨ ਦੇ ਦੋਸ਼ ਵਿਚ 20 ਮਹੀਨੇ ਅਤੇ ਅੱਠ ਦਿਨ ਦੀ ਕੈਦ ਅਤੇ 850,000 ਹਜ਼ਾਰ ਦੇ ਜੁਰਮਾਨੇ ਦਾ ਹੁਕਮ ਵੀ ਸੁਣਾਇਆ ਹੈ। 38 ਸਾਲਾ ਰਾਮ ਪਟੇਲ ਦੇ ਨਾਲ, ਬਲਵਿੰਦਰ ਸਿੰਘ ਨਾਮ ਦੇ ਇੱਕ ਪੰਜਾਬੀ 'ਤੇ ਯੂ ਵੀਜ਼ਾ ਧੋਖਾਧੜੀ ਦਾ ਵੀ ਦੋਸ਼ ਵੀ ਲਗਾਇਆ ਗਿਆ ਸੀ। ਆਪਣੀ ਗ੍ਰਿਫਤਾਰੀ ਤੋਂ ਬਾਅਦ, ਰਾਮ ਪਟੇਲ ਨੇ ਹਾਲ ਹੀ ਵਿਚ ਮਈ 2025 ਵਿਚ ਆਪਣਾ ਅਪਰਾਧ ਅਦਾਲਤ 'ਚ ਕਬੂਲ ਕੀਤਾ ਸੀ ਅਤੇ 20 ਅਗਸਤ ਨੂੰ ਉਸਨੂੰ ਸਜ਼ਾ ਸੁਣਾਈ ਗਈ ਸੀ। ਹਾਲਾਂਕਿ, ਕਿਉਂਕਿ ਰਾਮ ਪਟੇਲ ਸ਼ਾਇਦ ਆਪਣੀ ਸਜ਼ਾ ਤੋਂ ਵੱਧ ਸਮੇਂ ਲਈ ਜੇਲ੍ਹ ਵਿਚ ਰਿਹਾ ਹੈ, ਇਸ ਲਈ ਉਸਨੂੰ ਕਿਸੇ ਵੀ ਸਮੇਂ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ। ਰਾਮ ਪਟੇਲ ਨੂੰ 13 ਦਸੰਬਰ, 2023 ਨੂੰ ਸਿਆਟਲ, ਵਾਸ਼ਿੰਗਟਨ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਨਿਆਂ ਵਿਭਾਗ ਅਨੁਸਾਰ, ਗੁਜਰਾਤੀ ਰਾਮ ਪਟੇਲ ਅਤੇ ਬਲਵਿੰਦਰ ਸਿੰਘ ਪੰਜਾਬੀ ਮਾਰਚ 2023 ਤੋਂ ਜਾਅਲੀ ਡਕੈਤੀਆਂ ਕਰਨ ਦੇ ਕਾਰੋਬਾਰ ਵਿਚ ਸਨ। ਪੁਲਿਸ ਦੇ ਧਿਆਨ ਵਿਚ ਆਇਆ ਸੀ ਕਿ ਉਨ੍ਹਾਂ ਨੇ ਸੰਯੁਕਤ ਰਾਜ ਅਮਰੀਕਾ ਵਿਚ ਅੱਠ ਜਾਅਲੀ ਡਕੈਤੀਆਂ ਕੀਤੀਆਂ ਹਨ, ਜਿਨ੍ਹਾਂ ਵਿਚੋਂ ਚਾਰ ਇਕੱਲੇ ਮੈਸੇਚਿਉਸੇਟਸ ਸਟੇਟ ਵਿਚ ਹੋਈਆਂ ਸਨ। ਇਨ੍ਹਾਂ ਡਕੈਤੀਆਂ ਦਾ ਉਦੇਸ਼, ਜੋ ਕਿ ਸੁਵਿਧਾ ਅਤੇ ਸ਼ਰਾਬ ਦੀਆਂ ਦੁਕਾਨਾਂ ਦੇ ਨਾਲ-ਨਾਲ ਰੈਸਟੋਰੈਂਟਾਂ ਵਿਚ ਹੋਈਆਂ ਸਨ, ਸਿਰਫ਼ ਯੂ ਵੀਜ਼ਾ ਪ੍ਰਾਪਤ ਕਰਨਾ ਸੀ।

ਰਾਮ ਪਟੇਲ ਜਿਸ ਫਰਜ਼ੀ ਡਕੈਤੀ ਨੂੰ ਅੰਜਾਮ ਦੇ ਰਿਹਾ ਸੀ, ਉਸ ਵਿਚ ਨਕਲੀ ਲੁਟੇਰੇ ਸਟੋਰ ਵਿਚ ਕੰਮ ਕਰਨ ਵਾਲੇ ਇੱਕ ਵਿਅਕਤੀ ਨੂੰ ਹਥਿਆਰ ਦਿਖਾਉਂਦੇ ਸਨ ਅਤੇ ਕੈਸ਼ ਰਜਿਸਟਰ ਲੁੱਟਣ ਤੋਂ ਬਾਅਦ ਭੱਜ ਜਾਂਦੇ ਸਨ, ਅਤੇ ਫਿਰ ਲਗਭਗ ਪੰਜ ਮਿੰਟਾਂ ਬਾਅਦ, ਨਕਲੀ ਡਕੈਤੀ ਦਾ ਨਕਲੀ ਪੀੜਤ 911 'ਤੇ ਪੁਲਿਸ ਨੂੰ ਕਾਲ ਕਰਦਾ ਸੀ ਅਤੇ ਡਕੈਤੀ ਦੀ ਰਿਪੋਰਟ ਕਰਦਾ ਸੀ। ਰਾਮ ਪਟੇਲ ਵੱਲੋਂ ਆਪਣਾ ਜੁਰਮ ਕਬੂਲ ਕਰਨ ਤੋਂ ਪਹਿਲਾਂ, ਉਸਦੇ ਸਾਥੀ ਬਲਵਿੰਦਰ ਸਿੰਘ ਪੰਜਾਬੀ ਨੇ ਵੀ 22 ਮਈ, 2025 ਨੂੰ ਜੁਰਮ ਕਬੂਲ ਕਰ ਲਿਆ ਸੀ ਅਤੇ ਉਸਦੀ ਸਜ਼ਾ ਹੁਣ 11 ਸਤੰਬਰ, 2025 ਨੂੰ ਐਲਾਨੀ ਜਾਣੀ ਹੈ।

# ਟਰੰਪ ਵੱਲੋਂ ਚੀਨ ਨੂੰ ਚੁੰਬਕ ਸਪਲਾਈ ਨਾ ਕਰਨ 'ਤੇ 200% ਟੈਰਿਫ ਲਾਉਣ ਦੀ ਧਮਕੀ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੀਨ ਨਾਲ ਆਪਣੇ ਸਬੰਧਾਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਅਮਰੀਕਾ ਅਤੇ ਚੀਨ ਦੇ ਸਬੰਧ ਬਹੁਤ ਵਧੀਆ ਹੋਣ ਵਾਲੇ ਹਨ। ਸਾਡੇ ਕੋਲ ਕੁਝ ਵਧੀਆ ਪੱਤੇ ਹਨ, ਪਰ ਮੈਂ ਉਨ੍ਹਾਂ ਨੂੰ ਨਹੀਂ ਖੇਡਣਾ ਚਾਹੁੰਦਾ। ਜੇ ਮੈਂ ਅਜਿਹਾ ਕਰਾਂਗਾ, ਤਾਂ ਚੀਨ ਬਰਬਾਦ ਹੋ ਜਾਵੇਗਾ।

ਟਰੰਪ ਨੇ ਇਹ ਟਿੱਪਣੀ ਵ੍ਹਾਈਟ ਹਾਊਸ ਦੇ ਓਵਲ ਦਫ਼ਤਰ ਤੋਂ ਕੀਤੀ। ਉਸ ਸਮੇਂ, ਦੱਖਣੀ ਕੋਰੀਆ ਦੇ ਰਾਸ਼ਟਰਪਤੀ ਲੀ ਜੇ ਮਯੁੰਗ ਟਰੰਪ ਦੇ ਕੋਲ ਬੈਠੇ ਸਨ। ਟਰੰਪ ਨੇ ਸੰਕੇਤ ਦਿੱਤਾ ਕਿ ਜੇਕਰ ਚੀਨ ਅਮਰੀਕਾ ਨੂੰ ਚੁੰਬਕ ਸਪਲਾਈ ਨਹੀਂ ਕਰਦਾ ਹੈ, ਤਾਂ ਉਹ 200% ਟੈਰਿਫ ਲਗਾ ਸਕਦਾ ਹੈ। ਦਰਅਸਲ, ਚੁੰਬਕ ਆਟੋਮੋਟਿਵ, ਇਲੈਕਟ੍ਰਾਨਿਕਸ ਅਤੇ ਰੱਖਿਆ ਉਦਯੋਗਾਂ ਵਿਚ ਵਰਤੇ ਜਾਂਦੇ ਹਨ।



ਟਰੰਪ ਨੇ ਅਮਰੀਕਾ ਵਿਚ ਭਾਰਤੀ ਸਾਮਾਨ 'ਤੇ 50% ਟੈਰਿਫ ਲਗਾਉਣ ਦਾ ਹੁਕਮ ਜਾਰੀ ਕੀਤਾ ਹੈ। ਇਹ ਟੈਰਿਫ 27 ਅਗਸਤ ਤੋਂ ਲਾਗੂ ਹੋਣਗੇ। ਅਮਰੀਕਾ ਨੇ ਇਸ ਨਾਲ ਸਬੰਧਤ ਇੱਕ ਡਰਾਫਟ ਮਤਾ ਵੀ ਜਾਰੀ ਕੀਤਾ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਕਿਹੜੇ ਸਾਮਾਨ 'ਤੇ ਟੈਰਿਫ ਕਿਸ ਦਰ ਨਾਲ ਲਗਾਇਆ ਜਾਵੇਗਾ। ਪਹਿਲਾਂ, ਭਾਰਤ 'ਤੇ 25% ਟੈਰਿਫ ਲਗਾਇਆ ਜਾਣਾ ਸੀ, ਪਰ ਭਾਰਤ ਵੱਲੋਂ ਰੂਸੀ ਤੇਲ ਖਰੀਦਣ ਕਾਰਨ, 25% ਜੁਰਮਾਨਾ ਲਗਾਇਆ ਗਿਆ ਸੀ।

ਚੀਨ ਰੂਸੀ ਤੇਲ ਦਾ ਸਭ ਤੋਂ ਵੱਡਾ ਖਰੀਦਦਾਰ ਹੈ। ਇਸ ਦੇ ਬਾਵਜੂਦ, ਅਮਰੀਕਾ ਨੇ ਇਸਦੇ ਵਿਰੁੱਧ ਅਜਿਹਾ ਕੋਈ ਕਦਮ ਨਹੀਂ ਚੁੱਕਿਆ। ਟਰੰਪ ਦੇ ਵਿੱਤ ਮੰਤਰੀ ਸਕਾਟ ਬੇਸੈਂਟ ਨੇ ਕਿਹਾ ਸੀ ਕਿ ਰੂਸ-ਯੂਕਰੇਨ ਯੁੱਧ ਤੋਂ ਪਹਿਲਾਂ, ਚੀਨ ਰੂਸ ਤੋਂ 13% ਤੇਲ ਖਰੀਦਦਾ ਸੀ, ਜੋ ਹੁਣ ਵਧ ਕੇ 16% ਹੋ ਗਿਆ ਹੈ।

ਚੀਨ ਨੇ ਆਪਣੀ ਤੇਲ ਖਰੀਦਦਾਰੀ ਵਿਚ ਥੋੜ੍ਹਾ ਜਿਹਾ ਵਾਧਾ ਕੀਤਾ ਹੈ, ਇਸ ਲਈ ਉਸ 'ਤੇ ਕੋਈ ਜੁਰਮਾਨਾ ਨਹੀਂ ਲਗਾਇਆ ਗਿਆ ਹੈ। ਬੇਸੈਂਟ ਨੇ ਦਾਅਵਾ ਕੀਤਾ ਕਿ ਭਾਰਤ ਨੇ ਯੁੱਧ ਦੌਰਾਨ ਤੇਲ ਵਪਾਰ ਤੋਂ ਬਹੁਤ ਜ਼ਿਆਦਾ ਮੁਨਾਫ਼ਾ ਕਮਾਇਆ। ਪਹਿਲਾਂ ਰੂਸੀ ਤੇਲ ਵਪਾਰ ਵਿਚ ਭਾਰਤ ਦਾ ਹਿੱਸਾ 1% ਤੋਂ ਘੱਟ ਸੀ, ਜਦੋਂ ਕਿ ਬਾਅਦ ਵਿਚ ਇਹ ਵਧ ਕੇ 42% ਹੋ ਗਿਆ।

ਟਰੰਪ ਨੇ ਇੱਕ ਕਾਰਜਕਾਰੀ ਆਦੇਸ਼ ਵਿਚ ਕਿਹਾ, "ਮੇਰਾ ਮੰਨਣਾ ਹੈ ਕਿ ਭਾਰਤ ਤੋਂ ਆਯਾਤ ਕੀਤੇ ਜਾਣ ਵਾਲੇ ਸਮਾਨ 'ਤੇ ਵਾਧੂ ਡਿਊਟੀ ਲਗਾਉਣਾ ਉਚਿਤ ਹੈ, ਕਿਉਂਕਿ ਭਾਰਤ ਸਿੱਧੇ ਜਾਂ ਅਸਿੱਧੇ ਤੌਰ 'ਤੇ ਰੂਸ ਤੋਂ ਤੇਲ ਖਰੀਦਦਾ ਹੈ।" ਹਾਲਾਂਕਿ, ਭਾਰਤ ਨੇ ਕਿਹਾ ਹੈ ਕਿ ਰੂਸ ਤੋਂ ਸਸਤਾ ਤੇਲ ਖਰੀਦਣਾ ਦੇਸ਼ ਅਤੇ ਦੁਨੀਆਂ ਦੇ ਹਿੱਤ ਵਿਚ ਹੈ।

ਭਾਰਤ ਦਾ ਕਹਿਣਾ ਹੈ ਕਿ ਉਸ ਨੇ ਰੂਸ ਤੋਂ ਤੇਲ ਖਰੀਦ ਕੇ ਵਿਸ਼ਵ ਬਾਜ਼ਾਰ ਵਿਚ ਤੇਲ ਦੀਆਂ ਕੀਮਤਾਂ ਨੂੰ ਸਥਿਰ ਰੱਖਿਆ। ਟਰੰਪ ਨੇ ਚੀਨ ਲਈ ਟੈਰਿਫ ਦੀ ਆਖਰੀ ਮਿਤੀ 12 ਅਗਸਤ ਤੱਕ ਨਿਰਧਾਰਤ ਕੀਤੀ ਸੀ, ਜਿਸ ਨੂੰ 90 ਦਿਨਾਂ ਲਈ ਵਧਾ ਦਿੱਤਾ ਗਿਆ ਹੈ।

# ਜ਼ੇਲੈਂਸਕੀ ਨੇ ਟਰੰਪ ਦੀਆਂ ਸ਼ਰਤਾਂ ਨੂੰ ਕੀਤਾ ਰੱਦ; ਜੰਗਬੰਦੀ ਦੀਆਂ ਉਮੀਦਾਂ ਨੂੰ ਲੱਗਾ ਝਟਕਾ !

**ਵਾਸ਼ਿੰਗਟਨ, (ਪੰਜਾਬ ਮੇਲ)**- ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਅਲਾਸਕਾ 'ਚ ਮੁਲਾਕਾਤ ਮਗਰੋਂ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੇ ਯੂਕਰੇਨੀ ਰਾਸ਼ਟਰਪਤੀ ਜ਼ੇਲੈਂਸਕੀ ਅਤੇ ਯੂਰਪੀ ਨੇਤਾਵਾਂ ਨਾਲ ਇਕ ਵਰਚੁਅਲ ਮੀਟਿੰਗ ਕੀਤੀ। ਇਸ ਮੀਟਿੰਗ ਵਿਚ ਟਰੰਪ ਨੇ ਜੰਗ ਖਤਮ ਕਰਨ ਲਈ ਜ਼ਮੀਨ ਦੀ ਅਦਲਾ-ਬਦਲੀ ਬਾਰੇ ਗੱਲ ਕਹੀ ਸੀ। ਟਰੰਪ ਨੇ ਕਿਹਾ ਕਿ ਯੂਕਰੇਨ ਨੂੰ ਕ੍ਰੀਮੀਆ ਛੱਡਣਾ ਪਵੇਗਾ। ਇਸ ਤੋਂ ਇਲਾਵਾ ਯੂਕਰੇਨ ਨਾਟੋ ਦਾ ਹਿੱਸਾ ਨਹੀਂ ਬਣ ਸਕੇਗਾ।



ਇਨ੍ਹਾਂ ਸਭ ਸ਼ਰਤਾਂ ਨੂੰ ਸੁਣ ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਨੇ ਡੋਨਾਲਡ ਟਰੰਪ ਦੀਆਂ ਉਨ੍ਹਾਂ ਸ਼ਰਤਾਂ ਨੂੰ ਰੱਦ ਕਰ ਦਿੱਤਾ ਹੈ, ਜਿਸ ਵਿਚ ਜ਼ਮੀਨ ਦੀ ਅਦਲਾ-ਬਦਲੀ ਸ਼ਾਮਲ ਹੈ। ਜ਼ੇਲੈਂਸਕੀ ਨੇ ਕਿਹਾ ਕਿ ਯੂਕਰੇਨ ਦੇ ਲੋਕ ਆਪਣੀ ਜ਼ਮੀਨ ਅਤੇ ਆਜ਼ਾਦੀ ਲਈ ਲੜ ਰਹੇ ਹਨ। ਸਾਡੀ ਫੌਜ ਨੇ ਦੋਨੇਤਸਕ ਅਤੇ ਸੁਮੀ ਵਿਚ ਤਰੱਕੀ ਕੀਤੀ ਹੈ। ਅਸੀਂ ਕੋਈ ਨਵਾਂ ਸਮਝੌਤਾ ਨਹੀਂ ਕਰਾਂਗੇ, ਜਿਸ ਨਾਲ ਭਵਿੱਖ ਵਿਚ ਰੂਸ ਨੂੰ ਹਮਲਾ ਕਰਨ ਦਾ ਇਕ ਹੋਰ ਮੌਕਾ ਮਿਲੇ। ਜ਼ੇਲੈਂਸਕੀ ਨੇ ਪੁਤਿਨ 'ਤੇ ਯੂਕਰੇਨ ਅਤੇ ਯੂਰਪ 'ਤੇ ਦਬਾਅ ਬਣਾਈ ਰੱਖਣ ਲਈ ਹਮਲਾ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਇਹੀ ਕਾਰਨ ਹੈ ਕਿ ਅਸੀਂ ਮਦਦ ਮੰਗ ਰਹੇ ਹਾਂ। ਸਾਨੂੰ ਸੁਰੱਖਿਆ ਗਾਰੰਟੀਆਂ ਦੀ ਲੋੜ ਹੈ। ਰੂਸ ਨੂੰ ਜੰਗ ਰੋਕਣੀ ਪਵੇਗੀ। ਅਸੀਂ ਰੂਸ ਨੂੰ ਯੂਕਰੇਨ ਦੀ ਇਕ ਇੰਚ ਵੀ ਜ਼ਮੀਨ ਨਹੀਂ ਦੇਵਾਂਗੇ। ਉਨ੍ਹਾਂ ਦਾ ਮੰਨਣਾ ਹੈ ਕਿ ਜੇ ਯੂਕਰੇਨ ਹੁਣ ਪਿੱਛੇ ਹੱਟਦਾ ਹੈ, ਤਾਂ ਇਸ ਨਾਲ ਦੇਸ਼ ਦੀ ਪ੍ਰਭੂਸੱਤਾ ਅਤੇ ਸੁਰੱਖਿਆ ਕਮਜ਼ੋਰ ਹੋ ਸਕਦੀ ਹੈ, ਨਾਲ ਹੀ ਰੂਸ ਨੂੰ ਭਵਿੱਖ ਵਿਚ ਹੋਰ ਹਮਲੇ ਕਰਨ ਦਾ ਮੌਕਾ ਮਿਲ ਸਕਦਾ ਹੈ। ਯੂਕਰੇਨ ਦੀ ਖੇਤਰੀ ਅਖੰਡਤਾ 'ਤੇ ਕੋਈ ਵੀ ਫੈਸਲਾ ਸਾਡੇ ਸੰਵਿਧਾਨ ਅਤੇ ਲੋਕਾਂ ਦੀ ਇੱਛਾ ਨੂੰ ਧਿਆਨ ਵਿਚ ਰੱਖੇ ਬਿਨਾਂ ਨਹੀਂ ਲਿਆ ਜਾ ਸਕਦਾ। ਵ੍ਹਾਈਟ ਹਾਊਸ ਵਿਚ ਫਰਵਰੀ ਮਹੀਨੇ ਵਿਚ ਜ਼ੇਲੈਂਸਕੀ ਅਤੇ ਟਰੰਪ ਵਿਚਾਲੇ ਹੋਏ ਟਕਰਾਅ ਦੇ ਮੱਦੇਨਜ਼ਰ ਇਸ ਵਾਰ ਯੂਕਰੇਨੀ ਰਾਸ਼ਟਰਪਤੀ ਦਾ ਸਮਰਥਨ ਕਰਨ ਲਈ ਕਈ ਯੂਰਪੀ ਨੇਤਾ ਵੀ ਅਮਰੀਕਾ ਪਹੁੰਚੇ। ਇਨ੍ਹਾਂ ਵਿਚ ਬ੍ਰਿਟੇਨ, ਫਰਾਂਸ, ਜਰਮਨੀ, ਇਟਲੀ ਅਤੇ ਫਿਨਲੈਂਡ ਦੇ ਨੇਤਾ ਸ਼ਾਮਲ ਹਨ। ਅਮਰੀਕਾ ਪਹੁੰਚੇ ਯੂਰਪੀ ਨੇਤਾਵਾਂ ਦਾ ਉਦੇਸ਼ ਹੈ ਕਿ ਇਸ ਵਾਰ ਵ੍ਹਾਈਟ ਹਾਊਸ ਵਿਚ ਜ਼ੇਲੈਂਸਕੀ ਅਤੇ ਟਰੰਪ ਟੀਮ ਵਿਚਾਲੇ ਗੱਲਬਾਤ ਪੱਟੜੀ ਤੋਂ ਨਾ ਉੱਤਰੇ। ਫਰਾਂਸ ਦੇ ਰਿਟਾਇਰਡ ਜਨਰਲ ਡੋਮਿਨਿਕ ਟ੍ਰਿਨਕਵਾਂਡ ਨੇ ਕਿਹਾ ਕਿ ਯੂਰਪੀਅਨ ਦੇਸ਼ਾਂ ਨੂੰ ਡਰ ਹੈ ਕਿ ਵ੍ਹਾਈਟ ਹਾਊਸ ਵਿਚ ਉਹੀ ਨਜ਼ਾਰਾ ਦੁਬਾਰਾ ਦੁਹਰਾਇਆ ਜਾਵੇਗਾ। ਇਸ ਲਈ ਉਹ ਜ਼ੇਲੈਂਸਕੀ ਨਾਲ ਖੜ੍ਹੇ ਹੋ ਕੇ ਟਰੰਪ ਨੂੰ ਸਮੂਹਿਕ ਤਾਕਤ ਦਿਖਾਉਣਾ ਚਾਹੁੰਦੇ ਹਨ। ਰੂਸ ਨੇ ਯੂਕਰੇਨ ਦੇ ਲਗਭਗ 20 ਫੀਸਦੀ ਹਿੱਸੇ ਯਾਨੀ ਲਗਭਗ 1,14,500 ਵਰਗ ਕਿਲੋਮੀਟਰ 'ਤੇ ਕਬਜ਼ਾ ਕਰ ਲਿਆ ਹੈ। ਇਸ ਵਿਚ ਕ੍ਰੀਮੀਆ, ਦੋਨੇਤਸਕ, ਲੁਹਾਂਸਕ, ਖੇਰਸਾਨ ਅਤੇ ਜ਼ਾਪੋਰਿਜ਼ੀਆ ਵਰਗੇ ਖੇਤਰ ਸ਼ਾਮਲ ਹਨ। ਰੂਸ ਇਨ੍ਹਾਂ ਖੇਤਰਾਂ ਨੂੰ ਆਪਣੀ ਰਣਨੀਤਕ ਅਤੇ ਇਤਿਹਾਸਕ ਵਿਰਾਸਤ ਮੰਨਦਾ ਹੈ ਅਤੇ ਉਨ੍ਹਾਂ ਨੂੰ ਛੱਡਣ ਲਈ ਤਿਆਰ ਨਹੀਂ ਹੈ।

# ਵਾਸ਼ਿੰਗਟਨ ਡੀ.ਸੀ. ਤੋਂ ਬਾਅਦ ਹੁਣ ਸ਼ਿਕਾਗੋ 'ਚ ਤਾਇਨਾਤ ਹੋਣਗੇ ਨੈਸ਼ਨਲ ਗਾਰਡ

**ਵਾਸ਼ਿੰਗਟਨ, (ਪੰਜਾਬ ਮੇਲ)**- ਰਾਜਧਾਨੀ ਵਾਸ਼ਿੰਗਟਨ ਡੀ.ਸੀ. ਵਿਚ ਨੈਸ਼ਨਲ ਗਾਰਡਾਂ ਦੀ ਤਾਇਨਾਤੀ ਤੋਂ ਬਾਅਦ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਲੀਨੋਇਸ ਰਾਜ ਦੇ ਸ਼ਿਕਾਗੋ ਸ਼ਹਿਰ ਵਿਚ ਵੀ ਫੌਜਾਂ ਤਾਇਨਾਤ ਕਰਨ ਜਾ ਰਹੇ ਹਨ। ਰਿਪੋਰਟ ਅਨੁਸਾਰ, ਪੈਂਟਾਗਨ (ਅਮਰੀਕੀ ਰੱਖਿਆ ਵਿਭਾਗ ਦਾ ਮੁੱਖ ਦਫਤਰ) ਪਿਛਲੇ ਕੁਝ ਹਫ਼ਤਿਆਂ ਤੋਂ ਸ਼ਿਕਾਗੋ ਵਿਚ ਫੌਜੀ ਤਾਇਨਾਤੀ ਦੀ ਯੋਜਨਾ 'ਤੇ ਕੰਮ ਕਰ ਰਿਹਾ ਹੈ।

ਇੱਕ ਹਜ਼ਾਰ ਤੋਂ ਵੱਧ ਨੈਸ਼ਨਲ ਗਾਰਡ ਸਤੰਬਰ ਤੱਕ ਸ਼ਿਕਾਗੋ ਪਹੁੰਚ ਸਕਦੇ ਹਨ। 12 ਅਗਸਤ ਨੂੰ ਟਰੰਪ ਨੇ ਵਾਸ਼ਿੰਗਟਨ ਵਿਚ 800 ਨੈਸ਼ਨਲ ਗਾਰਡ ਤਾਇਨਾਤ ਕਰਨ ਦਾ ਹੁਕਮ ਦਿੱਤਾ ਸੀ। ਉਨ੍ਹਾਂ ਕਿਹਾ ਕਿ ਇਹ ਰਾਜਧਾਨੀ ਵਿਚ ਵਿਗੜਦੀ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਸੁਧਾਰਨ ਲਈ ਕੀਤਾ ਜਾ ਰਿਹਾ ਹੈ। ਟਰੰਪ ਦਾ ਇਹ ਫੈਸਲਾ ਅਪਰਾਧ, ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਬੇਘਰਿਆਂ ਵਿਰੁੱਧ ਕਾਰਵਾਈ ਨਾਲ ਸਬੰਧਤ ਹੈ।

ਸ਼ੁੱਕਰਵਾਰ ਨੂੰ ਹੀ, ਟਰੰਪ ਨੇ ਸੰਕੇਤ ਦਿੱਤਾ ਸੀ ਕਿ ਉਨ੍ਹਾਂ ਦੀਆਂ ਨਜ਼ਰਾਂ ਸ਼ਿਕਾਗੋ 'ਤੇ ਹਨ। ਉਨ੍ਹਾਂ ਕਿਹਾ ਸੀ ਕਿ ਸ਼ਿਕਾਗੋ ਵਿਚ ਵਿਵਸਥਾ ਨਹੀਂ ਹੈ। ਤੁਹਾਡੇ ਕੋਲ ਇੱਕ ਅਯੋਗ ਮੇਅਰ ਜੋ ਬੇਹੱਦ ਅਯੋਗ ਹੈ ਅਤੇ ਅਸੀਂ ਸ਼ਾਇਦ ਅਗਲੀ ਵਾਰ ਇਸ ਨੂੰ ਠੀਕ ਕਰਾਂਗੇ। ਟਰੰਪ ਨੇ ਉਨ੍ਹਾਂ ਸ਼ਹਿਰਾਂ ਦੇ ਨਾਵਾਂ ਦਾ ਵੀ ਜ਼ਿਕਰ ਕੀਤਾ, ਜਿਨ੍ਹਾਂ ਨੂੰ ਉਹ ਸਾਫ਼ ਕਰਨਾ ਚਾਹੁੰਦੇ ਹਨ।

ਇਸ ਮਾਮਲੇ ਨਾਲ ਜੁੜੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸ਼ਿਕਾਗੋ ਵਿਚ ਫੌਜੀ ਦਖਲਅੰਦਾਜ਼ੀ ਦੀ ਯੋਜਨਾ ਲੰਬੇ ਸਮੇਂ ਤੋਂ ਬਣਾਈ ਜਾ ਰਹੀ ਹੈ। ਸ਼ਹਿਰ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਭਾਲ ਲਈ ਆਈ.ਸੀ.ਈ. (ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ) ਦੇ ਸਹਿਯੋਗ ਨਾਲ ਕੰਮ ਕਰ ਰਿਹਾ ਹੈ। ਸ਼ਹਿਰਾਂ 'ਤੇ ਕਬਜ਼ਾ ਕਰਨ ਬਾਰੇ ਉਨ੍ਹਾਂ ਦੇ ਬਿਆਨਾਂ ਲਈ ਮੇਅਰਾਂ ਅਤੇ ਰਾਜ ਦੇ ਗਵਰਨਰਾਂ ਦੁਆਰਾ ਟਰੰਪ ਦੀ ਸਖ਼ਤ ਆਲੋਚਨਾ ਕੀਤੀ ਗਈ ਹੈ। ਇਲੀਨੋਇਸ ਦੇ ਗਵਰਨਰ ਜੇਬੀ ਪ੍ਰਿਟਜ਼ਕਰ ਨੇ ਕਿਹਾ ਹੈ ਕਿ ਟਰੰਪ ਅਰਾਜਕਤਾ ਫੈਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਪ੍ਰਿਟਜ਼ਕਰ ਨੇ ਕਿਹਾ, ਟਰੰਪ ਨੇ ਲਾਸ ਏਂਜਲਸ ਅਤੇ ਵਾਸ਼ਿੰਗਟਨ ਡੀ.ਸੀ. ਨੂੰ ਤਾਨਾਸ਼ਾਹੀ ਕਬਜ਼ੇ ਲਈ ਇੱਕ ਟੈਸਟਿੰਗ ਗਰਾਊਂਡ ਵਜੋਂ ਵਰਤਿਆ, ਉਹ ਹੁਣ ਦੂਜੇ ਸੂਬਿਆਂ ਅਤੇ ਸ਼ਹਿਰਾਂ 'ਤੇ ਵੀ ਕਬਜ਼ਾ ਕਰਨ ਬਾਰੇ ਸੋਚ ਰਹੇ ਹਨ। ਗਵਰਨਰ ਨੇ ਕਿਹਾ, ਟਰੰਪ ਦਾ ਟੀਚਾ ਲੋਕਾਂ ਵਿਚ ਡਰ ਪੈਦਾ ਕਰਨਾ ਅਤੇ ਮੌਜੂਦਾ ਜਨਤਕ ਸੁਰੱਖਿਆ ਯਤਨਾਂ ਨੂੰ ਅਸਥਿਰ ਕਰਨਾ ਹੈ। ਉਹ ਆਪਣੀ ਸ਼ਕਤੀ ਦੀ ਦੁਰਵਰਤੋਂ ਕਰ ਰਿਹਾ ਹੈ। ਇਸ ਦੌਰਾਨ, ਸ਼ਿਕਾਗੋ ਦੇ ਮੇਅਰ ਬ੍ਰੈਂਡਨ ਜੌਹਨਸਨ ਨੇ ਟਰੰਪ ਦੇ ਬਿਆਨ ਅਤੇ ਭਵਿੱਖ ਦੀਆਂ ਯੋਜਨਾਵਾਂ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ। ਜੌਹਨਸਨ ਨੇ ਕਿਹਾ, ਰਾਸ਼ਟਰਪਤੀ ਦਾ ਇਹ ਵਿਚਾਰ ਗਲਤ ਅਤੇ ਗਲਤਫਹਿਮੀ ਨਾਲ ਭਰਿਆ ਹੋਇਆ ਹੈ। ਰਾਸ਼ਟਰਪਤੀ ਟਰੰਪ ਨੇ ਵਾਸ਼ਿੰਗਟਨ ਡੀ.ਸੀ. ਵਿਚ ਨੈਸ਼ਨਲ ਗਾਰਡ ਤਾਇਨਾਤ ਕਰਨ ਲਈ 1970 ਦੇ ਹੋਮ ਰੂਲ ਐਕਟ ਦੀ ਵਰਤੋਂ ਕੀਤੀ ਹੈ। ਇਸ ਨਾਲ ਰਾਸ਼ਟਰਪਤੀ ਨੂੰ ਐਮਰਜੈਂਸੀ ਦੀ ਸਥਿਤੀ ਵਿਚ 48 ਘੰਟਿਆਂ ਲਈ ਸ਼ਹਿਰ ਦੀ ਪੁਲਿਸ ਦਾ ਕੰਟਰੋਲ ਆਪਣੇ ਹੱਥ ਵਿਚ ਲੈਣ ਦਾ ਅਧਿਕਾਰ ਮਿਲਦਾ ਹੈ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਟਰੰਪ ਪ੍ਰਸ਼ਾਸਨ ਨੇ 55 ਮਿਲੀਅਨ ਵੀਜ਼ਾ ਧਾਰਕਾਂ ਦੀ ਮੁੜ ਸਮੀਖਿਆ ਕੀਤੀ ਸ਼ੁਰੂ

**■ ਵੀਜ਼ਾ ਸ਼ਰਤਾਂ ਦੀ ਉਲੰਘਣਾ ਪਾਏ ਜਾਣ 'ਤੇ ਰੱਦ ਹੋਵੇਗਾ ਵੀਜ਼ਾ**

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਵੀਜ਼ਾ ਨਿਯਮਾਂ ਨੂੰ ਲੈ ਕੇ ਇੱਕ ਵੱਡਾ ਕਦਮ ਚੁੱਕਿਆ ਹੈ। ਟਰੰਪ ਪ੍ਰਸ਼ਾਸਨ ਨੇ ਲਗਭਗ 55 ਮਿਲੀਅਨ ਵੀਜ਼ਾ ਧਾਰਕਾਂ ਦੀ ਪੂਰੀ ਸਮੀਖਿਆ ਸ਼ੁਰੂ ਕਰ ਦਿੱਤੀ ਹੈ। ਇਸ ਸਮੀਖਿਆ ਦਾ ਉਦੇਸ਼ ਇਹ ਦੇਖਣਾ ਹੈ ਕਿ ਕੀ ਕਿਸੇ ਨੇ ਵੀਜ਼ਾ ਦੀਆਂ ਸ਼ਰਤਾਂ ਦੀ ਉਲੰਘਣਾ ਕੀਤੀ ਹੈ ਅਤੇ ਜੇਕਰ ਕਿਸੇ ਨੇ ਵੀਜ਼ਾ ਸ਼ਰਤਾਂ ਦੀ ਉਲੰਘਣਾ ਕੀਤੀ ਹੈ, ਤਾਂ ਉਸ ਵਿਰੁੱਧ ਦੇਸ਼ ਨਿਕਾਲਾ ਦੀ ਕਾਰਵਾਈ ਕੀਤੀ ਜਾ ਸਕਦੀ ਹੈ।

ਇਹ ਫ਼ੈਸਲਾ ਅਮਰੀਕਾ ਵਿਚ ਰਹਿਣ ਵਾਲੇ ਸਾਰੇ ਵੀਜ਼ਾ ਧਾਰਕਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ, ਜਿਵੇਂ ਕਿ:

- ਵਿਦਿਆਰਥੀ (ਸਟੂਡੈਂਟ ਵੀਜ਼ਾ)
- ਵਰਕ ਵੀਜ਼ਾ ਵਾਲੇ ਕਰਮਚਾਰੀ (ਐੱਚ-1ਬੀ, ਐੱਲ1 ਵੀਜ਼ਾ ਆਦਿ)
- ਪਰਿਵਾਰਕ ਵੀਜ਼ਾ ਧਾਰਕ (ਸਪਾਊਜ਼/ਡਿਪੈਂਡਟ ਵੀਜ਼ਾ)
- ਸੈਲਾਨੀ ਜਾਂ ਵਿਜ਼ਟਰ ਵੀਜ਼ਾ ਵਾਲੇ ਲੋਕ
- ਗ੍ਰੀਨ ਕਾਰਡ ਲਈ ਅਪਲਾਈ ਕਰ ਚੁੱਕੇ ਲੋਕ

ਇੱਕ ਸੀਨੀਅਰ ਸਰਕਾਰੀ ਅਧਿਕਾਰੀ ਦੇ ਅਨੁਸਾਰ: "ਜੇਕਰ ਕਿਸੇ ਵਿਅਕਤੀ ਦਾ ਵੀਜ਼ਾ ਰਿਕਾਰਡ ਓਵਰਸਟੇ (ਭਾਵ ਨਿਰਧਾਰਤ ਸਮੇਂ ਤੋਂ ਵੱਧ ਸਮਾਂ ਰੁਕਣਾ), ਅਪਰਾਧਿਕ ਗਤੀਵਿਧੀ, ਸੁਰੱਖਿਆ ਲਈ ਖ਼ਤਰਾ ਜਾਂ ਅੱਤਵਾਦ ਨਾਲ ਸਬੰਧਤ ਕੋਈ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ, ਤਾਂ ਵੀਜ਼ਾ ਕਿਸੇ ਵੀ ਸਮੇਂ ਰੱਦ ਕੀਤਾ ਜਾ ਸਕਦਾ ਹੈ।" ਇਸਦਾ ਮਤਲਬ ਹੈ ਕਿ ਜੇਕਰ ਕੋਈ ਵੀ ਵੀਜ਼ਾ ਧਾਰਕ ਨਿਯਮਾਂ ਦੀ ਉਲੰਘਣਾ ਕਰਦਾ ਫੜਿਆ ਜਾਂਦਾ ਹੈ, ਤਾਂ ਉਸਦਾ ਵੀਜ਼ਾ ਬਿਨਾਂ ਕਿਸੇ ਪੂਰਵ ਚੇਤਾਵਨੀ ਦੇ ਮੁਅੱਤਲ ਜਾਂ ਰੱਦ ਕੀਤਾ ਜਾ ਸਕਦਾ ਹੈ।

ਇਹ ਜਾਂਚ ਅਮਰੀਕੀ ਵਿਦੇਸ਼ ਵਿਭਾਗ ਅਤੇ ਗ੍ਰਹਿ ਸੁਰੱਖਿਆ ਵਿਭਾਗ ਵੱਲੋਂ ਕੀਤੀ ਜਾ ਰਹੀ ਹੈ। ਸਾਰੇ ਵੀਜ਼ਾ ਧਾਰਕਾਂ ਦੇ ਪਿਛੋਕੜ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਵਿਚ ਪੁਲਿਸ ਰਿਕਾਰਡ, ਇਮੀਗ੍ਰੇਸ਼ਨ ਇਤਿਹਾਸ ਅਤੇ ਇੱਥੋਂ ਤੱਕ ਕਿ ਅਦਾਲਤੀ ਮਾਮਲਿਆਂ ਬਾਰੇ ਜਾਣਕਾਰੀ ਵੀ ਸ਼ਾਮਲ ਹੋਵੇਗੀ।

**ਪ੍ਰਵਾਸੀ ਵਕਾਲਤ ਸਮੂਹਾਂ ਨੇ ਇਸ ਫ਼ੈਸਲੇ 'ਤੇ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਅਨੁਸਾਰ:**

- ਇਹ ਪ੍ਰਕਿਰਿਆ ਬਹੁਤ ਸਖ਼ਤ ਅਤੇ ਪੱਖਪਾਤੀ ਹੋ ਸਕਦੀ ਹੈ।
- ਬਹੁਤ ਸਾਰੇ ਲੋਕਾਂ ਦੇ ਵੀਜ਼ੇ ਬਿਨਾਂ ਕਿਸੇ ਸਪੱਸ਼ਟ ਕਾਰਨ ਦੇ ਵੀ ਰੱਦ ਕੀਤੇ ਜਾ ਸਕਦੇ ਹਨ।
- ਅਜਿਹੇ ਫੈਸਲੇ ਵਿਦੇਸ਼ੀ ਵਿਦਿਆਰਥੀਆਂ ਅਤੇ ਹੁਨਰਮੰਦ ਕਾਮਿਆਂ ਵਿਚ ਡਰ ਦਾ ਮਾਹੌਲ ਪੈਦਾ ਕਰ ਸਕਦੇ ਹਨ।

ਡੋਨਾਲਡ ਟਰੰਪ ਦੇ ਰਾਸ਼ਟਰਪਤੀ ਕਾਰਜਕਾਲ ਦੌਰਾਨ ਇਮੀਗ੍ਰੇਸ਼ਨ ਨੀਤੀ ਪਹਿਲਾਂ ਹੀ ਬਹੁਤ ਸਖ਼ਤ ਰਹੀ ਹੈ। ਇਸ ਤੋਂ ਪਹਿਲਾਂ ਉਸਨੇ ਮੁਸਲਿਮ ਪਾਬੰਦੀ ਲਗਾਈ ਸੀ, ਜਿਸ ਨਾਲ ਕੁਝ ਦੇਸ਼ਾਂ ਦੇ ਨਾਗਰਿਕਾਂ ਨੂੰ ਅਮਰੀਕਾ ਆਉਣ ਤੋਂ ਰੋਕਿਆ ਗਿਆ ਸੀ।

ਉਸਨੇ ਐੱਚ-1ਬੀ ਵੀਜ਼ਾ ਦੀ ਪ੍ਰਕਿਰਿਆ ਨੂੰ ਸਖ਼ਤ ਕੀਤਾ ਸੀ ਅਤੇ DACA ਵਰਗੇ ਪ੍ਰੋਗਰਾਮਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਸੀ, ਜਿਸ ਨਾਲ ਲੱਖਾਂ ਨੌਜਵਾਨ ਪ੍ਰਵਾਸੀ ਪ੍ਰਭਾਵਿਤ ਹੋਏ ਸਨ। ਲੱਖਾਂ ਭਾਰਤੀ ਵਿਦਿਆਰਥੀ ਅਤੇ ਆਈ.ਟੀ. ਪੇਸ਼ੇਵਰ ਐੱਚ-1ਬੀ, ਐੱਫ1 ਅਤੇ ਹੋਰ ਵੀਜ਼ਾ 'ਤੇ ਅਮਰੀਕਾ ਵਿਚ ਰਹਿੰਦੇ ਹਨ। ਅਜਿਹੀ ਸਥਿਤੀ ਵਿਚ, ਇਹ ਫੈਸਲਾ ਭਾਰਤ ਦੇ ਹਜ਼ਾਰਾਂ ਪਰਿਵਾਰਾਂ ਅਤੇ ਪੇਸ਼ੇਵਰਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਖਾਸ ਕਰਕੇ ਜਿਨ੍ਹਾਂ ਨੂੰ ਵੀਜ਼ਾ ਵੈਧਤਾ ਸੰਬੰਧੀ ਕੋਈ ਪੇਚੀਦਗੀਆਂ ਹਨ, ਉਨ੍ਹਾਂ ਨੂੰ ਦੇਸ਼ ਨਿਕਾਲੇ ਦਾ ਨੋਟਿਸ ਮਿਲ ਸਕਦਾ ਹੈ।

## ਰੂਸੀ ਤੇਲ ਬਾਰੇ ਟਰੰਪ ਦੇ ਬਿਆਨਾਂ ਨੂੰ ਗੰਭੀਰਤਾ ਨਾਲ ਲਵੇ ਭਾਰਤ: ਨਿੱਕੀ ਹੇਲੀ

ਨਿਓਯਾਰਕ, (ਪੰਜਾਬ ਮੇਲ)- ਰਿਪਬਲਿਕਨ ਪਾਰਟੀ ਆਗੂ ਨਿੱਕੀ ਹੇਲੀ ਨੇ ਭਾਰਤ ਨੂੰ ਰੂਸੀ ਤੇਲ ਬਾਰੇ ਟਰੰਪ ਦੇ ਬਿਆਨਾਂ ਨੂੰ ਗੰਭੀਰਤਾ ਨਾਲ ਲੈਣ ਲਈ ਕਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਨੂੰ ਮਸਲੇ ਦਾ ਹੱਲ ਲੱਭਣ ਲਈ ਵ੍ਹਾਈਟ ਹਾਊਸ ਨਾਲ ਫੌਰੀ ਰਲ ਕੇ ਕੰਮ ਕਰਨਾ ਚਾਹੀਦਾ ਹੈ। ਰਿਪਬਲਿਕਨ ਪਾਰਟੀ ਆਗੂ ਨਿੱਕੀ ਹੇਲੀ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ 'ਚ ਕਿਹਾ, "ਵਪਾਰ ਸਬੰਧੀ ਮਤਭੇਦਾਂ ਅਤੇ ਰੂਸੀ ਤੇਲ ਦਰਾਮਦ ਜਿਹੇ ਮੁੱਦਿਆਂ ਨਾਲ ਸਿੱਝਣ ਲਈ ਸਖ਼ਤ ਵਾਰਤਾ ਦੀ ਲੋੜ ਹੈ।" ਉਨ੍ਹਾਂ 'ਐਕਸ' 'ਤੇ ਉਸ ਲੇਖ ਦਾ ਇਕ ਹਿੱਸਾ ਵੀ ਪੋਸਟ ਕੀਤਾ, ਜੋ ਉਨ੍ਹਾਂ ਪਿਛਲੇ ਹਫ਼ਤੇ 'ਨਿਊਜ਼ਵੀਕ' ਲਈ ਲਿਖਿਆ ਸੀ। ਇਹ ਲੇਖ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਭਾਰਤੀ ਵਸਤਾਂ 'ਤੇ 50 ਫ਼ੀਸਦੀ ਟੈਰਿਫ ਲਗਾਏ ਜਾਣ ਮਗਰੋਂ ਦੋਵੇਂ ਮੁਲਕਾਂ ਵਿਚਾਲੇ ਸਬੰਧਾਂ 'ਚ ਆਏ ਤਣਾਅ ਨਾਲ ਸਬੰਧਤ ਸੀ। ਹੇਲੀ ਨੂੰ ਦੋਵੇਂ ਮੁਲਕਾਂ ਵਿਚਾਲੇ ਟੈਰਿਫ ਨੂੰ ਲੈ ਕੇ ਤਣਾਅ ਦਰਮਿਆਨ ਭਾਰਤ ਦਾ ਪੱਖ ਲੈਣ ਲਈ ਆਪਣੀ ਪਾਰਟੀ 'ਚ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੇਲੀ ਨੇ ਕਿਹਾ, "ਭਾਰਤ, ਰੂਸ ਤੋਂ ਤੇਲ ਖ਼ਰੀਦ ਰਿਹਾ ਹੈ, ਜਿਸ ਨੂੰ ਲੈ ਕੇ ਟਰੰਪ ਨਿਸ਼ਾਨਾ ਸੇਧ ਰਹੇ ਹਨ, ਜੋ ਸਹੀ ਹੈ। ਇਸ ਨਾਲ ਵਲਾਦੀਮੀਰ ਪੂਤਿਨ ਨੂੰ ਯੂਕਰੇਨ ਖ਼ਿਲਾਫ਼ ਜੰਗ ਲਈ ਰਕਮ ਇਕੱਠੀ ਕਰਨ 'ਚ ਸਹਾਇਤਾ ਮਿਲ ਰਹੀ ਹੈ।" ਉਂਝ ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਨਾਲ ਚੀਨ ਵਰਗਾ ਨਹੀਂ, ਸਗੋਂ 'ਅਹਿਮ ਆਜ਼ਾਦ ਅਤੇ ਜਮਹੂਰੀ ਭਾਈਵਾਲ' ਵਾਲਾ ਵਿਹਾਰ ਕੀਤਾ ਜਾਣਾ ਚਾਹੀਦਾ ਹੈ।

## ਨਿੱਕੀ ਹੇਲੀ ਵੱਲੋਂ ਟਰੰਪ ਪ੍ਰਸ਼ਾਸਨ ਨੂੰ ਚਿਤਾਵਨੀ; 'ਚੀਨ 'ਤੇ ਲਗਾਮ ਲਾਉਣ ਲਈ ਭਾਰਤ ਨਾਲ ਸੁਧਾਰਨਗੇ ਪੈਣਗੇ ਰਿਸ਼ਤੇ'



ਵਾਸ਼ਿੰਗਟਨ, (ਪੰਜਾਬ ਮੇਲ)- ਸੰਯੁਕਤ ਰਾਸ਼ਟਰ ਵਿਚ ਸਾਬਕਾ ਅਮਰੀਕੀ ਰਾਜਦੂਤ ਨਿੱਕੀ ਹੇਲੀ ਨੇ ਟਰੰਪ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਹੈ ਕਿ ਭਾਰਤ-ਅਮਰੀਕਾ ਸਬੰਧ ਇੱਕ ਨਾਜ਼ੁਕ ਮੋੜ 'ਤੇ ਹਨ ਅਤੇ ਜੇਕਰ ਵਾਸ਼ਿੰਗਟਨ ਨੂੰ ਚੀਨ ਦੀਆਂ ਵਿਸ਼ਵਵਿਆਪੀ ਇੱਛਾਵਾਂ ਨੂੰ ਕੰਟਰੋਲ ਕਰਨਾ ਹੈ, ਤਾਂ ਇਨ੍ਹਾਂ ਸਬੰਧਾਂ ਨੂੰ ਜਲਦੀ ਤੋਂ ਜਲਦੀ ਸੁਧਾਰਨਾ ਪਵੇਗਾ। ਹੇਲੀ ਨੇ ਕਿਹਾ ਕਿ ਡੋਨਾਲਡ ਟਰੰਪ ਪ੍ਰਸ਼ਾਸਨ ਨੂੰ ਰੂਸੀ ਤੇਲ ਅਤੇ ਟੈਰਿਫ ਵਿਵਾਦ ਦੇ ਮੁੱਦੇ ਨੂੰ ਦੁਨੀਆਂ ਦੀਆਂ ਦੋ ਸਭ ਤੋਂ ਵੱਡੀਆਂ ਲੋਕਤੰਤਰੀ ਸ਼ਕਤੀਆਂ ਵਿਚਕਾਰ ਦਰਾਰ ਪੈਦਾ ਕਰਨ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ। ਉਨ੍ਹਾਂ ਲਿਖਿਆ, "ਸੰਯੁਕਤ ਰਾਜ ਅਮਰੀਕਾ ਨੂੰ ਆਪਣੀ ਸਭ ਤੋਂ ਮਹੱਤਵਪੂਰਨ ਚੀਜ਼ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਚੀਨ ਦਾ ਸਾਹਮਣਾ ਕਰਨ ਲਈ ਅਮਰੀਕਾ ਨੂੰ ਭਾਰਤ ਵਰਗੇ ਦੋਸਤ ਦੀ ਲੋੜ ਹੈ।"

ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਰੂਸੀ ਤੇਲ ਖਰੀਦਣਾ ਜਾਰੀ ਰੱਖਣ ਲਈ ਨਵੀਂ ਦਿੱਲੀ 'ਤੇ 25 ਫੀਸਦੀ ਪਰਸਪਰ ਡਿਊਟੀ ਅਤੇ 25 ਫੀਸਦੀ ਵਾਧੂ ਡਿਊਟੀ ਲਗਾਉਣ ਤੋਂ ਬਾਅਦ ਤਣਾਅ ਵਧ ਗਿਆ ਹੈ। ਇਹ ਕਦਮ ਮਹੀਨਿਆਂ ਦੇ ਤਣਾਅ ਤੋਂ ਬਾਅਦ ਚੁੱਕਿਆ ਗਿਆ ਸੀ, ਜਿਸ ਵਿਚ ਭਾਰਤ-ਪਾਕਿਸਤਾਨ ਜੰਗਬੰਦੀ ਗੱਲਬਾਤ ਵਿੱਚ ਅਮਰੀਕਾ ਦੀ ਭੂਮਿਕਾ 'ਤੇ ਦਾਅਵੇ ਵੀ ਸ਼ਾਮਲ ਸਨ। ਹੇਲੀ ਨੇ ਟਰੰਪ ਦੇ ਦਬਾਅ ਮੁਹਿੰਮ ਦਾ ਸਮਰਥਨ ਕਰਦੇ ਹੋਏ ਕਿਹਾ ਕਿ ਭਾਰਤ ਦੀਆਂ ਊਰਜਾ ਖਰੀਦਾਂ ਯੂਕਰੇਨ ਵਿਰੁੱਧ ਵਲਾਦੀਮੀਰ ਪੁਤਿਨ ਦੀ ਬੇਰਹਿਮ ਜੰਗ ਨੂੰ ਵਿੱਤ ਪ੍ਰਦਾਨ ਕਰਨ ਵਿਚ ਮਦਦ ਕਰ ਰਹੀਆਂ ਹਨ। ਹਾਲਾਂਕਿ, ਉਨ੍ਹਾਂ ਭਾਰਤ ਨੂੰ ਦੁਸ਼ਮਣ ਵਜੋਂ ਪੇਸ਼ ਕਰਨ ਵਿਰੁੱਧ ਚਿਤਾਵਨੀ ਦਿੱਤੀ। ਉਨ੍ਹਾਂ ਕਿਹਾ ਕਿ ਏਸ਼ੀਆ ਵਿਚ ਚੀਨੀ ਦਬਦਬੇ ਦੇ ਵਿਰੁੱਧ ਖੜ੍ਹੇ ਇੱਕੋ ਇੱਕ ਦੇਸ਼ ਨਾਲ 25 ਸਾਲਾਂ ਦੀ ਤਰੱਕੀ ਨੂੰ ਖਤਮ ਕਰਨਾ ਇੱਕ ਰਣਨੀਤਕ ਤਬਾਹੀ ਹੋਵੇਗੀ।

ਉਨ੍ਹਾਂ ਦਲੀਲ ਦਿੱਤੀ ਕਿ ਭਾਰਤ ਵਾਸ਼ਿੰਗਟਨ ਦੇ ਆਰਥਿਕ ਅਤੇ ਸੁਰੱਖਿਆ ਟੀਚਿਆਂ ਲਈ ਜ਼ਰੂਰੀ ਹੈ ਕਿ ਅਮਰੀਕਾ ਆਪਣੀਆਂ ਸਪਲਾਈ ਚੇਨਾਂ ਨੂੰ ਚੀਨ ਤੋਂ ਦੂਰ ਲਿਜਾਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਭਾਰਤ ਟੈਕਸਟਾਈਲ, ਫੋਨ ਅਤੇ ਸੋਲਰ ਪੈਨਲ ਵਰਗੇ ਉਦਯੋਗਾਂ ਲਈ "ਚੀਨ ਦੇ ਸਾਮਾਨ ਪੈਮਾਨੇ 'ਤੇ" ਨਿਰਮਾਣ ਸਮਰੱਥਾ ਦੀ ਪੇਸ਼ਕਸ਼ ਕਰਦਾ ਹੈ। ਉਨ੍ਹਾਂ ਅਮਰੀਕਾ ਅਤੇ ਇਜ਼ਰਾਈਲ ਵਰਗੇ ਸਹਿਯੋਗੀਆਂ ਨਾਲ ਭਾਰਤ ਦੇ ਵਧ ਰਹੇ ਰੱਖਿਆ ਸਬੰਧਾਂ ਨੂੰ ਵੀ ਉਜਾਗਰ ਕੀਤਾ, ਜਿਸ ਨੂੰ ਉਸਨੇ ਆਜ਼ਾਦ ਦੁਨੀਆਂ ਦੀ ਸੁਰੱਖਿਆ ਲਈ ਮਹੱਤਵਪੂਰਨ ਸੰਪਤੀ ਦੱਸਿਆ।




# ਭਾਰਤੀ ਡਾਕ ਵਿਭਾਗ ਵੱਲੋਂ ਅਮਰੀਕਾ ਲਈ ਡਾਕ ਸੇਵਾਵਾਂ ਅਸਥਾਈ ਤੌਰ ’ਤੇ ਬੰਦ ਕਰਨ ਦਾ ਫੈਸਲਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸਰਕਾਰ ਵੱਲੋਂ ਅੰਤਰਰਾਸ਼ਟਰੀ ਸ਼ਿਪਿੰਗ ਨਿਯਮਾਂ ਵਿਚ ਕੀਤੇ ਗਏ ਵੱਡੇ ਬਦਲਾਅ ਦੇ ਕਾਰਨ, ਭਾਰਤੀ ਡਾਕ ਵਿਭਾਗ 25 ਅਗਸਤ, 2025 ਤੋਂ ਅਮਰੀਕਾ ਨੂੰ ਜਾਣ ਵਾਲੀਆਂ ਜ਼ਿਆਦਾਤਰ ਅੰਤਰਰਾਸ਼ਟਰੀ ਡਾਕ ਸੇਵਾਵਾਂ ਨੂੰ ਅਸਥਾਈ ਤੌਰ ’ਤੇ ਬੰਦ ਕਰਨ ਜਾ ਰਿਹਾ ਹੈ। ਇਸ ਫੈਸਲੇ ਦਾ ਸਿੱਧਾ ਅਸਰ ਭਾਰਤੀ ਖਪਤਕਾਰਾਂ ਅਤੇ ਵਪਾਰੀਆਂ ’ਤੇ ਪਵੇਗਾ ਜੋ ਅਮਰੀਕਾ ਨੂੰ ਸਾਮਾਨ ਭੇਜਦੇ ਹਨ।

ਸਰਕਾਰੀ ਜਾਣਕਾਰੀ ਅਨੁਸਾਰ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 30 ਜੁਲਾਈ, 2025 ਨੂੰ ਇੱਕ ਵਿਸ਼ੇਸ਼ ਕਾਰਜਕਾਰੀ ਆਦੇਸ਼ ਜਾਰੀ ਕੀਤਾ ਸੀ, ਜਿਸ ਦੇ ਤਹਿਤ $800 ਤੱਕ ਦੇ ਸਾਮਾਨ ’ਤੇ ਕਸਟਮ ਡਿਊਟੀ ਛੋਟ ਨੂੰ ਖਤਮ ਕਰ ਦਿੱਤਾ ਗਿਆ ਹੈ। ਪਹਿਲਾਂ, ਘੱਟ ਮੁੱਲ ਵਾਲੇ ਸਾਮਾਨ ਬਿਨਾਂ ਕਿਸੇ ਡਿਊਟੀ ਦੇ ਅਮਰੀਕਾ ਭੇਜੇ ਜਾ ਸਕਦੇ ਸਨ, ਪਰ ਹੁਣ 29 ਅਗਸਤ, 2025 ਤੋਂ, ਸਾਰੀਆਂ ਵਸਤਾਂ ’ਤੇ ਡਿਊਟੀ ਲਗਾਈ ਜਾਵੇਗੀ, ਭਾਵੇਂ ਉਨ੍ਹਾਂ ਦੀ ਕੀਮਤ ਕੁਝ ਵੀ ਹੋਵੇ। ਇਹ ਨਿਯਮ ਅੰਤਰਰਾਸ਼ਟਰੀ ਐਮਰਜੈਂਸੀ ਆਰਥਿਕ ਸ਼ਕਤੀ ਐਕਟ (ਆਈ.ਈ.ਈ.ਪੀ.ਏ.) ਦੇ ਤਹਿਤ ਲਾਗੂ ਹੋਵੇਗਾ। ਹਾਲਾਂਕਿ, $100 ਤੱਕ ਦੇ ਤੋਹਫ਼ੇ ਦੀਆਂ ਚੀਜ਼ਾਂ ਫਿਲਹਾਲ ਇਸ ਨਿਯਮ ਤੋਂ ਛੋਟ ਰਹਿਣਗੀਆਂ।

ਨਵੇਂ ਨਿਯਮਾਂ ਨਾਲ ਡਾਕ ਸੇਵਾਵਾਂ ਕਿਵੇਂ ਪ੍ਰਭਾਵਿਤ ਹੋਣਗੀਆਂ?

ਅਮਰੀਕੀ ਸਰਕਾਰ ਦੇ ਅਨੁਸਾਰ, ਹੁਣ ਅੰਤਰਰਾਸ਼ਟਰੀ ਡਾਕ ਸ਼ਿਪਮੈਂਟ ’ਤੇ ਡਿਊਟੀ ਜਮ੍ਹਾ ਕਰਨ ਦੀ ਜ਼ਿੰਮੇਵਾਰੀ ਯੂ.ਐੱਸ. ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ.) ਦੁਆਰਾ ਮਾਨਤਾ ਪ੍ਰਾਪਤ ਟਰਾਂਸਪੋਰਟ ਕੰਪਨੀਆਂ ਅਤੇ ਏਜੰਸੀਆਂ ਦੀ ਹੋਵੇਗੀ। ਸੀ.ਬੀ.ਪੀ. ਨੇ 15 ਅਗਸਤ ਨੂੰ ਸ਼ੁਰੂਆਤੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ, ਪਰ ਅਜੇ ਤੱਕ ਇਹ ਸਪੱਸ਼ਟ ਨਹੀਂ ਕੀਤਾ ਗਿਆ ਹੈ ਕਿ ਮਾਨਤਾ ਪ੍ਰਾਪਤ ਧਿਰਾਂ ਦੀ ਚੋਣ ਕਿਵੇਂ ਕੀਤੀ ਜਾਵੇਗੀ ਅਤੇ ਡਿਊਟੀ ਕਿਵੇਂ ਜਮ੍ਹਾ ਕੀਤੀ ਜਾਵੇਗੀ।

ਇਸ ਤਕਨੀਕੀ ਅਤੇ ਪ੍ਰਕਿਰਿਆਤਮਕ ਅਸਪੱਸ਼ਟਤਾ ਦੇ ਕਾਰਨ, ਅਮਰੀਕਾ ਜਾਣ ਵਾਲੀਆਂ ਅੰਤਰਰਾਸ਼ਟਰੀ ਡਾਕ ਨੂੰ ਸੰਭਾਲਣ ਵਾਲੀਆਂ ਏਅਰਲਾਈਨਾਂ ਨੇ 25 ਅਗਸਤ, 2025 ਤੋਂ ਡਾਕ ਖੇਪਾਂ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਇਸ ਸਮੇਂ ਨਵੇਂ ਨਿਯਮਾਂ ਦੀ ਪਾਲਣਾ ਕਰਨ ਲਈ ਤਕਨੀਕੀ ਅਤੇ ਕਾਰਜਸ਼ੀਲ ਤੌਰ ’ਤੇ ਤਿਆਰ ਨਹੀਂ ਹਨ।

ਭਾਰਤੀ ਡਾਕ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ 25 ਅਗਸਤ ਤੋਂ, ਅਮਰੀਕਾ ਲਈ ਸਿਰਫ ਹੇਠ ਲਿਖੀਆਂ ਚੀਜ਼ਾਂ ਬੁੱਕ ਕੀਤੀਆਂ ਜਾਣਗੀਆਂ:

- ਪੱਤਰ/ਦਸਤਾਵੇਜ਼
- 100 ਅਮਰੀਕੀ ਡਾਲਰ ਤੱਕ ਦੇ ਤੋਹਫ਼ੇ ਦੀਆਂ ਚੀਜ਼ਾਂ
- ਇਨ੍ਹਾਂ ਤੋਂ ਇਲਾਵਾ, ਕਿਸੇ ਵੀ ਕਿਸਮ ਦੇ ਪਾਰਸਲ, ਵਪਾਰਕ ਸਮਾਨ ਜਾਂ ਹੋਰ ਚੀਜ਼ਾਂ ਦੀ ਬੁਕਿੰਗ ਅਸਥਾਈ ਤੌਰ ’ਤੇ ਬੰਦ ਕਰ ਦਿੱਤੀ ਜਾਵੇਗੀ।

ਪੀ.ਆਈ.ਬੀ. ਵੱਲੋਂ ਜਾਰੀ ਪ੍ਰੈੱਸ ਰਿਲੀਜ਼ ਅਨੁਸਾਰ, ਜਿਨ੍ਹਾਂ ਗਾਹਕਾਂ ਨੇ 25 ਅਗਸਤ ਤੋਂ ਪਹਿਲਾਂ ਅਜਿਹੀਆਂ ਚੀਜ਼ਾਂ ਬੁੱਕ ਕੀਤੀਆਂ ਹਨ, ਜੋ ਹੁਣ ਭੇਜੀਆਂ ਨਹੀਂ ਜਾ ਸਕਦੀਆਂ, ਉਨ੍ਹਾਂ ਨੂੰ ਡਾਕ ਖਰਚ ਵਾਪਸ ਕਰ ਦਿੱਤਾ ਜਾਵੇਗਾ। ਵਿਭਾਗ ਨੇ ਕਿਹਾ ਹੈ ਕਿ ਯੂ.ਐੱਸ.ਪੀ.ਐੱਸ. ਅਤੇ ਸੀ.ਬੀ.ਪੀ. ਤੋਂ ਪੂਰੀ ਜਾਣਕਾਰੀ ਪ੍ਰਾਪਤ ਹੁੰਦੇ ਹੀ ਸੇਵਾਵਾਂ ਮੁੜ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਡਾਕ ਵਿਭਾਗ ਨੇ ਇਹ ਵੀ ਕਿਹਾ ਕਿ ਉਹ ਸਾਰੀਆਂ ਸਬੰਧਤ ਏਜੰਸੀਆਂ ਨਾਲ ਲਗਾਤਾਰ ਕੰਮ ਕਰ ਰਿਹਾ ਹੈ ਅਤੇ ਅਮਰੀਕਾ ਲਈ ਪੂਰੀ ਡਾਕ ਸੇਵਾ ਨੂੰ ਜਲਦੀ ਤੋਂ ਜਲਦੀ ਮੁੜ ਸ਼ੁਰੂ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਵਿਭਾਗ ਨੇ ਗਾਹਕਾਂ ਤੋਂ ਸਹਿਯੋਗ ਦੀ ਅਪੀਲ ਕੀਤੀ ਹੈ ਅਤੇ ਅਸੁਵਿਧਾ ਲਈ ਮੁਆਫੀ ਮੰਗੀ ਹੈ।

## ਨਸ਼ੇ ’ਚ ਡਰਾਈਵਿੰਗ ਕਰਦਿਆਂ ਫੜੇ ਜਾਣ ’ਤੇ ਗ੍ਰੀਨ ਕਾਰਡ ਹੋਲਡਰ ਵੀ ਹੋਣਗੇ ਡਿਪੋਰਟ!

**ਵਾਸ਼ਿੰਗਟਨ, (ਪੰਜਾਬ ਮੇਲ)-** ਵ੍ਹਾਈਟ ਹਾਊਸ ਉਸ ਬਿੱਲ ਦੇ ਸਮਰਥਨ ਵਿਚ ਹੈ, ਜਿਸਦੇ ਤਹਿਤ ਨਸ਼ੇ ’ਚ ਡਰਾਈਵਿੰਗ ਕਰਨ (ਡੀ.ਯੂ.ਆਈ.) ਦੇ ਅਪਰਾਧ ’ਚ ਫੜੇ ਗਏ ਗ੍ਰੀਨ ਕਾਰਡ ਹੋਲਡਰਾਂ ਨੂੰ ਵੀ ਦੇਸ਼ ਨਿਕਾਲਾ ਦੇਣ ਦੀ ਵਿਵਸਥਾ ਹੈ। ਇਹ ਬਿੱਲ ਜੁਲਾਈ ਦੇ ਅੰਤ ਵਿਚ ਸੈਨੇਟ ਵੱਲੋਂ ਪਾਸ ਕੀਤਾ ਗਿਆ ਸੀ। ਹੁਣ ਅਮਰੀਕਾ ਵਿਚ ਰਹਿਣ ਵਾਲੇ ਪ੍ਰਵਾਸੀ ਭਾਈਚਾਰਿਆਂ ਅਤੇ ਖਾਸ ਕਰ ਕੇ ਭਾਰਤੀ ਮੂਲ ਦੇ ਲੋਕਾਂ ਵਿਚ ਇਸ ਬਾਰੇ ਬਹੁਤ ਬੇਚੈਨੀ ਹੈ। ਇਮੀਗ੍ਰੇਸ਼ਨ ਅਟਾਰਨੀ ਜੋਸਫ਼ ਤਸਾਂਗ ਨੇ ਇਕ ਸੋਸ਼ਲ ਮੀਡੀਆ ਪੋਸਟ ਵਿਚ ਕਿਹਾ ਕਿ ਹੁਣ ਇਕ ਡੀ.ਯੂ.ਆਈ. ਗ੍ਰੀਨ ਕਾਰਡ ਹੋਲਡਰ ਨੂੰ ਵੀ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ, ਭਾਵੇਂ ਉਸਨੇ 10 ਸਾਲ ਪਹਿਲਾਂ ਅਪਰਾਧ ਕੀਤਾ ਹੋਵੇ! ਜੇਕਰ ਇਹ ਕਾਨੂੰਨ ਬਣ ਜਾਂਦਾ ਹੈ, ਤਾਂ ਕੋਈ ਵੀ ਜੋ ਸੰਯੁਕਤ ਰਾਜ ਦਾ ਨਾਗਰਿਕ ਨਹੀਂ ਹੈ, ਭਾਵੇਂ ਉਨ੍ਹਾਂ ਕੋਲ ਗ੍ਰੀਨ ਕਾਰਡ ਹੋਵੇ, ਅੰਤਰਰਾਸ਼ਟਰੀ ਵਿਦਿਆਰਥੀ ਵੀਜ਼ਾ ਹੋਵੇ, ਜਾਂ ਐੱਚ-1ਬੀ ਵਰਕ ਵੀਜ਼ਾ ਹੋਵੇ, ਜੇਕਰ ਉਨ੍ਹਾਂ ਕੋਲ ਡੀ.ਯੂ.ਆਈ. ਰਿਕਾਰਡ ਹੈ, ਤਾਂ ਉਨ੍ਹਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾਵੇਗਾ। ਵ੍ਹਾਈਟ ਹਾਊਸ ਨਾਲ ਜੁੜੇ ਪ੍ਰਬੰਧਨ ਅਤੇ ਬਜਟ ਦਫ਼ਤਰ ਨੇ ਅਧਿਕਾਰਤ ਤੌਰ ’ਤੇ ਕਿਹਾ ਹੈ ਕਿ ਉਹ ਇਸ ਬਿੱਲ ਦਾ ਸਮਰਥਨ ਕਰਦਾ ਹੈ। ਇਹ ਬਿੱਲ ਐੱਚ.ਆਰ. 875 ਸਾਡੇ ਸਮਾਜ ਨੂੰ ਡੀ.ਯੂ. ਆਈਜ਼ ਐਕਟ ਤੋਂ ਬਚਾਉਂਦਾ ਹੈ। ਭਾਵ ਕਿ ਇਹ ਅਮਰੀਕੀਆਂ ਲਈ ਨਹੀਂ ਹੋਵੇਗਾ। ਹੁਣ ਇਸ ਬਿੱਲ ਨੂੰ ਸੈਨੇਟ ਦੀ ਨਿਆਂ ਕਮੇਟੀ ਅਤੇ ਇਮੀਗ੍ਰੇਸ਼ਨ ਮਾਹਿਰਾਂ ਨੂੰ ਸਮਰਥਨ ਲਈ ਭੇਜਿਆ ਜਾ ਰਿਹਾ ਹੈ।

# ਅਮਰੀਕਾ ਨਾਗਰਿਕਤਾ ਨਿਯਮਾਂ ਨੂੰ ਸਖ਼ਤ ਕਰਨ ਦੀ ਤਿਆਰੀ ’ਚ

**ਕਾਨੂੰਨੀ ਕੰਮ, ਨਾਗਰਿਕਤਾ ਦੀ ਮੰਗ ਕਰਨ ਵਾਲੇ ਪਰਵਾਸੀ ਹੁਣ ‘ਅਮਰੀਕਾ ਵਿਰੋਧੀ’ ਸਕ੍ਰੀਨਿੰਗ ਦੇ ਅਧੀਨ**

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ’ਚ ਰਹਿਣ ਅਤੇ ਕੰਮ ਕਰਨ ਲਈ ਕਾਨੂੰਨੀ ਰਾਹ ਲੱਭਣ ਵਾਲੇ ਪਰਵਾਸੀਆਂ ਲਈ ਹੁਣ ‘ਅਮਰੀਕਾ ਵਿਰੋਧੀ’ ਸਕਰੀਨਿੰਗ ਚਿੰਤਾ ਦਾ ਵਿਸ਼ਾ ਹੈ।

ਯੂ.ਐੱਸ. ਸਿਟੀਜ਼ਨਸ਼ਿਪ ਅਤੇ ਇਮੀਗ੍ਰੇਸ਼ਨ ਸਰਵਿਸਿਜ਼ ਨੇ ਕਿਹਾ ਕਿ ਅਧਿਕਾਰੀ ਹੁਣ ਇਸ ਗੱਲ ’ਤੇ ਵਿਚਾਰ ਕਰਨਗੇ ਕਿ ਕੀ ਗਰੀਨ ਕਾਰਡ ਵਰਗੇ ਲਾਭ ਲੈਣ ਵਾਲਾ ਬਿਨੈਕਾਰ ਅਮਰੀਕਾ-ਵਿਰੋਧੀ, ਅੱਤਵਾਦੀ ਜਾਂ ਯਹੂਦੀ-ਵਿਰੋਧੀ ਵਿਚਾਰਾਂ ਨੂੰ ‘ਸਮਰਥਨ, ਪ੍ਰੇਰਿਤ, ਹਮਾਇਤ, ਜਾਂ ਹੋਰ ਢੰਗ ਨਾਲ ਵਿਚੋਲਗੀ’ ਕਰਦਾ ਹੈ।

ਯੂ.ਐੱਸ.ਸੀ.ਆਈ.ਐੱਸ. ਦੇ ਬੁਲਾਰੇ ਮੈਥਿਊ ਟ੍ਰੈਗੇਸਰ ਨੇ ਇਕ ਬਿਆਨ ਵਿਚ ਕਿਹਾ, “ਅਮਰੀਕਾ ਦੇ ਲਾਭ ਉਨ੍ਹਾਂ ਲੋਕਾਂ ਨੂੰ ਨਹੀਂ ਦਿੱਤੇ ਜਾਣੇ ਚਾਹੀਦੇ, ਜੋ ਦੇਸ਼ ਨੂੰ ਨਫ਼ਰਤ ਕਰਦੇ ਹਨ ਅਤੇ ਅਮਰੀਕਾ-ਵਿਰੋਧੀ ਵਿਚਾਰਧਾਰਾਵਾਂ ਨੂੰ ਉਤਸ਼ਾਹਿਤ ਕਰਦੇ ਹਨ।” “ਇਮੀਗ੍ਰੇਸ਼ਨ ਲਾਭ - ਸੰਯੁਕਤ ਰਾਜ ਵਿਚ ਰਹਿਣ ਅਤੇ ਕੰਮ ਕਰਨ ਸਣੇ, ਇੱਕ ਵਿਸ਼ੇਸ਼ ਅਧਿਕਾਰ ਬਣੇ ਰਹਿਣਗੇ, ਅਧਿਕਾਰ ਨਹੀਂ।”

ਇਹ ਸਪੱਸ਼ਟ ਨਹੀਂ ਹੈ ਕਿ ਅਮਰੀਕਾ-ਵਿਰੋਧੀ ਵਿਚਾਰਧਾਰਾ ਕੀ ਹੈ ਅਤੇ ਇਹ ਵੀ ਸਪੱਸ਼ਟ ਨਹੀਂ ਹੈ ਕਿ ਇਹ ਨਿਰਦੇਸ਼ ਕਿਵੇਂ ਅਤੇ ਕਦੋਂ ਲਾਗੂ ਕੀਤਾ ਜਾਵੇਗਾ। ਇਮੀਗ੍ਰੇਸ਼ਨ ਪਾਬੰਦੀਆਂ ਦੀ ਵਕਾਲਤ ਕਰਨ ਵਾਲੇ ਇਕ ਸਮੂਹ, ਸੈਂਟਰ ਫਾਰ ਇਮੀਗ੍ਰੇਸ਼ਨ ਸਟੱਡੀਜ਼ ਵਿਚ ਰੈਗੂਲੇਟਰੀ ਮਾਮਲਿਆਂ ਅਤੇ ਨੀਤੀ ਦੀ ਡਾਇਰੈਕਟਰ ਐਲਿਜ਼ਾਬੈਥ ਜੈਕਬਸ ਨੇ ਕਿਹਾ, “ਸੰਦੇਸ਼ ਇਹ ਹੈ ਕਿ ਅਮਰੀਕਾ ਅਤੇ ਇਮੀਗ੍ਰੇਸ਼ਨ ਏਜੰਸੀਆਂ ਇਮੀਗ੍ਰੇਸ਼ਨ ਫੈਸਲੇ ਲੈਂਦੇ ਸਮੇਂ ਅਮਰੀਕਾ-ਵਿਰੋਧੀ ਜਾਂ ਯਹੂਦੀ-ਵਿਰੋਧੀ ਪ੍ਰਤੀ ਘੱਟ ਸਹਿਣਸ਼ੀਲ ਹੋਣ ਜਾ ਰਹੀਆਂ ਹਨ।”

ਉਨ੍ਹਾਂ ਕਿਹਾ, “ਏਜੰਸੀ ਅਧਿਕਾਰੀਆਂ ਨੂੰ ਇਹ ਨਹੀਂ ਦੱਸ ਸਕਦੀ ਕਿ ਸਿਰਫ਼ ਇਸ ਨੂੰ ਇਕ ਨਕਾਰਾਤਮਕ ਵਿਵੇਕ ਵਜੋਂ ਵਿਚਾਰਨ ਲਈ ਉਨ੍ਹਾਂ ਨੂੰ ਇਨਕਾਰ ਕਰਨਾ ਪਵੇਗਾ।” ਕਈ ਮਾਹਿਰਾਂ ਨੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ’ਤੇ ਹਮਲਾ ਦੱਸਦਿਆਂ ਅਮਰੀਕੀ ਸਰਕਾਰ ਦੀ ਨਵੀਂ ਨੀਤੀ ਦੀ ਆਲੋਚਨਾ ਕੀਤੀ ਹੈ। ਕਈਆਂ ਨੇ ਟਰੰਪ ਪ੍ਰਸ਼ਾਸਨ ਦੀਆਂ ਅਜਿਹੀਆਂ ਗਤੀਵਿਧੀਆਂ ਨੂੰ ਸੰਵਿਧਾਨਕ ਨਿਯਮਾਂ ਦੀ ਉਲੰਘਣਾ ਦੱਸਦਿਆਂ ਅਦਾਲਤ ਵਿਚ ਚੁਣੌਤੀ ਦੇਣ ’ਤੇ ਜ਼ੋਰ ਦਿੱਤਾ ਹੈ।



FOR SALE & PURCHASE OF
ANY KIND OF PROPERTY

RE/MAX
RE/MAX
Outstanding Agents
Outstanding Results®
DRE Lic. # 01215931 (Broker)
Gurjatinder S. Randhawa
REALTOR CA DRE licence # 01490567
916-320-9444

# ਅਮਰੀਕਾ ਵੱਲੋਂ ਭਾਰਤੀ ਟਰੱਕ ਡਰਾਈਵਰਾਂ ਲਈ ਵਰਕ ਵੀਜ਼ਾ ਜਾਰੀ ਕਰਨ 'ਤੇ ਤੁਰੰਤ ਪ੍ਰਭਾਵ ਨਾਲ ਪਾਬੰਦੀ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਨੇ ਵਪਾਰਕ ਟਰੱਕ ਡਰਾਈਵਰਾਂ ਲਈ ਵਰਕ ਵੀਜ਼ਾ ਜਾਰੀ ਕਰਨ 'ਤੇ ਤੁਰੰਤ ਪ੍ਰਭਾਵ ਨਾਲ ਪਾਬੰਦੀ ਲਗਾ ਦਿੱਤੀ ਹੈ। ਇਹ ਫੈਸਲਾ 12 ਅਗਸਤ 2025 ਨੂੰ ਫਲੋਰੀਡਾ ਵਿਚ ਹੋਏ ਇੱਕ ਦੁਖਦਾਈ ਸੜਕ ਹਾਦਸੇ ਤੋਂ ਬਾਅਦ ਲਿਆ ਗਿਆ ਸੀ, ਜਿਸ ਵਿਚ ਪੰਜਾਬ ਦੇ ਇੱਕ ਭਾਰਤੀ ਟਰੱਕ ਡਰਾਈਵਰ ਦੀ ਲਾਪ੍ਰਵਾਹੀ ਕਾਰਨ ਤਿੰਨ ਲੋਕਾਂ ਦੀ ਜਾਨ ਚਲੀ ਗਈ ਸੀ। ਇਸ ਫੈਸਲੇ ਦਾ ਭਾਰਤੀ ਟਰੱਕ ਡਰਾਈਵਰਾਂ, ਖਾਸ ਕਰਕੇ ਪੰਜਾਬੀ ਭਾਈਚਾਰੇ ਦੇ ਲੋਕਾਂ 'ਤੇ ਡੂੰਘਾ ਪ੍ਰਭਾਵ ਪੈ ਸਕਦਾ ਹੈ, ਜੋ ਅਮਰੀਕਾ ਦੇ ਟਰਾਂਸਪੋਰਟ ਖੇਤਰ ਵਿਚ ਕੰਮ ਕਰਨ ਦੀ ਯੋਜਨਾ ਬਣਾ ਰਹੇ ਹਨ।

ਇਹ ਘਟਨਾ ਫਲੋਰੀਡਾ ਟਰਨਪਾਈਕ ਹਾਈਵੇਅ 'ਤੇ ਵਾਪਰੀ, ਜਿੱਥੇ 25 ਸਾਲਾ ਭਾਰਤੀ ਡਰਾਈਵਰ ਹਰਜਿੰਦਰ ਸਿੰਘ ਨੇ ਕਥਿਤ ਤੌਰ 'ਤੇ ਗੈਰ-ਕਾਨੂੰਨੀ ਯੂ-ਟਰਨ ਲਿਆ। ਇਸ ਦੌਰਾਨ ਇੱਕ ਮਿਨੀਵੈਨ ਉਸ ਦੇ ਸੈਮੀ-ਟਰੱਕ ਨਾਲ ਟਕਰਾ ਗਈ, ਜਿਸ ਵਿਚ 3 ਲੋਕਾਂ, ਇੱਕ 30 ਸਾਲਾ ਡਰਾਈਵਰ, ਇੱਕ 37 ਸਾਲਾ ਔਰਤ ਅਤੇ ਇੱਕ 54 ਸਾਲਾ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਾਂਚ ਤੋਂ ਪਤਾ ਲੱਗਾ ਕਿ ਹਰਜਿੰਦਰ ਸਿੰਘ 2018 ਵਿਚ ਮੈਕਸੀਕਨ ਸਰਹੱਦ ਰਾਹੀਂ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਦਾਖਲ ਹੋਇਆ ਸੀ ਅਤੇ ਕੈਲੀਫੋਰਨੀਆ ਤੋਂ ਵਪਾਰਕ ਡਰਾਈਵਿੰਗ ਲਾਇਸੈਂਸ ਪ੍ਰਾਪਤ ਕੀਤਾ ਸੀ। ਹਾਲਾਂਕਿ ਟਰਾਸਪੋਰਟ ਵਿਭਾਗ ਦੀ ਜਾਂਚ ਵਿਚ, ਉਸ ਨੂੰ ਅੰਗਰੇਜ਼ੀ ਭਾਸ਼ਾ ਅਤੇ ਸੜਕ ਚਿੰਨ੍ਹਾਂ ਦੇ ਟੈਸਟ ਵਿਚ ਫੇਲ੍ਹ ਪਾਇਆ ਗਿਆ।

### ਫਲੋਰੀਡਾ ਹਾਦਸੇ ਕਾਰਨ ਵਧਾਈ ਸਖ਼ਤੀ

ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਇਸ ਘਟਨਾ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਇੱਕ ਬਿਆਨ ਜਾਰੀ ਕੀਤਾ, ਜਿਸ ਵਿਚ ਕਿਹਾ ਗਿਆ ਕਿ ਵਿਦੇਸ਼ੀ ਡਰਾਈਵਰਾਂ ਦੀ ਵੱਧ ਰਹੀ ਗਿਣਤੀ ਅਮਰੀਕੀ ਸੜਕਾਂ 'ਤੇ ਖ਼ਤਰਾ ਪੈਦਾ ਕਰ ਰਹੀ ਹੈ ਅਤੇ ਸਥਾਨਕ ਟਰੱਕ ਡਰਾਈਵਰਾਂ ਦੀ ਰੋਜ਼ੀ-ਰੋਟੀ ਨੂੰ ਪ੍ਰਭਾਵਿਤ ਕਰ ਰਹੀ ਹੈ। ਉਨ੍ਹਾਂ ਨੇ ਵਪਾਰਕ ਟਰੱਕ ਡਰਾਈਵਰਾਂ ਲਈ ਨਵੇਂ ਵਰਕ ਵੀਜ਼ਿਆਂ 'ਤੇ ਤੁਰੰਤ ਪ੍ਰਭਾਵ ਨਾਲ ਪਾਬੰਦੀ ਲਗਾਉਣ ਦਾ ਐਲਾਨ ਕੀਤਾ, ਨਾਲ ਹੀ ਮੌਜੂਦਾ ਵੀਜ਼ਾ ਧਾਰਕਾਂ ਦੀ ਡੂੰਘਾਈ ਨਾਲ ਜਾਂਚ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ। ਰੂਬੀਓ ਨੇ ਸਪੱਸ਼ਟ ਕੀਤਾ ਕਿ ਇਹ ਕਦਮ ਕਿਸੇ ਖਾਸ ਦੇਸ਼ ਨੂੰ ਨਿਸ਼ਾਨਾ ਨਹੀਂ ਬਣਾਉਂਦਾ ਪਰ ਸੜਕ ਸੁਰੱਖਿਆ ਅਤੇ ਯੋਗਤਾ ਮਾਪਦੰਡਾਂ ਨੂੰ ਯਕੀਨੀ ਬਣਾਉਣ ਲਈ ਚੁੱਕਿਆ ਗਿਆ ਹੈ।

ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਅਪ੍ਰੈਲ 2025 ਵਿਚ ਇੱਕ ਕਾਰਜਕਾਰੀ ਆਦੇਸ਼ ਜਾਰੀ ਕੀਤਾ ਸੀ, ਜਿਸ ਵਿਚ ਵਪਾਰਕ ਟਰੱਕ ਡਰਾਈਵਰਾਂ ਲਈ ਅੰਗਰੇਜ਼ੀ ਭਾਸ਼ਾ ਦੇ ਮਿਆਰਾਂ ਨੂੰ ਲਾਜ਼ਮੀ ਬਣਾਇਆ ਗਿਆ ਸੀ। ਇਸ ਆਦੇਸ਼ ਨੇ 2016 ਦੇ ਇੱਕ ਨਿਯਮ ਨੂੰ ਉਲਟਾ ਦਿੱਤਾ, ਜਿਸ ਵਿਚ ਭਾਸ਼ਾ ਦੀ ਅਯੋਗਤਾ ਨੂੰ ਡਰਾਈਵਰ ਨੂੰ ਹਟਾਉਣ ਦਾ ਆਧਾਰ ਨਹੀਂ ਮੰਨਿਆ ਗਿਆ ਸੀ। ਹਰਜਿੰਦਰ ਸਿੰਘ ਖਿਲਾਫ ਵਾਹਨਾਂ ਵਿਚ ਕਤਲ ਦੇ ਤਿੰਨ ਮੁਲਜ਼ਮਾਂ ਅਤੇ ਡਿਪੋਟੇਸ਼ਨ ਦੀ ਕਾਰਵਾਈ ਨੇ ਇਸ ਨੀਤੀ ਨੂੰ ਹੋਰ ਸਖਤ ਕਰਨ ਦੀ ਮੰਗ ਨੂੰ ਤੇਜ਼ ਕਰ ਦਿੱਤਾ ਹੈ।

ਅਮਰੀਕਾ ਦੇ ਲੌਜਿਸਟਿਕਸ ਸੈਕਟਰ ਵਿਚ ਭਾਰਤੀ, ਖਾਸ ਕਰ ਕੇ ਪੰਜਾਬੀ ਡਰਾਇਵਰਾਂ ਦੀ ਗਿਣਤੀ ਮਹੱਤਵਪੂਰਨ ਹੈ। ਇੱਕ ਅੰਦਾਜ਼ੇ ਅਨੁਸਾਰ 1.5 ਲੱਖ ਸਿੱਖ/ਪੰਜਾਬੀ ਡਰਾਈਵਰ ਅਮਰੀਕੀ ਟਰੱਕਿੰਗ ਉਦਯੋਗ ਦਾ 90 ਪ੍ਰਤੀਸ਼ਤ ਹਨ। ਪਾਬੰਦੀ ਨਾਲ ਨਵੇਂ ਬਿਨੈਕਾਰਾਂ ਨੂੰ ਵੀਜ਼ਾ ਦੇਣ ਵਿਚ ਦੇਰੀ ਜਾਂ ਇਨਕਾਰ ਹੋ ਸਕਦਾ ਹੈ। ਉੱਥੇ ਪਹਿਲਾਂ ਤੋਂ ਕੰਮ ਕਰ ਰਹੇ ਡਰਾਈਵਰਾਂ ਦੀ ਸਥਿਤੀ ਲਈ ਕੋਈ ਤੁਰੰਤ ਖ਼ਤਰਾ ਨਹੀਂ ਹੈ ਪਰ ਉਨ੍ਹਾਂ ਦੇ ਵੀਜ਼ਾ ਨਵੀਨੀਕਰਨ 'ਤੇ ਵੀ ਨੇੜਿਓਂ ਨਜ਼ਰ ਰੱਖੀ ਜਾਵੇਗੀ।

ਅਮਰੀਕਾ ਵਿਚ ਟਰੱਕ ਡਰਾਈਵਰਾਂ ਦੀ ਘਾਟ ਪਹਿਲਾਂ ਹੀ ਇੱਕ ਵੱਡੀ ਸਮੱਸਿਆ ਹੈ, ਜਿੱਥੇ ਲਗਭਗ 60,000 ਡਰਾਈਵਰਾਂ ਦੀ ਲੋੜ ਹੈ। ਪਾਬੰਦੀ ਕਾਰਨ ਦੇਰੀ ਅਤੇ ਮਾਲ ਭਾੜੇ ਵਿਚ ਲਾਗਤ ਵਧਣ ਦੀ ਉਮੀਦ ਹੈ, ਜਿਸ ਨਾਲ ਅੰਤ ਵਿਚ ਮਹਿੰਗਾਈ ਹੋ ਸਕਦੀ ਹੈ। ਦੂਜੇ ਪਾਸੇ, ਭਾਰਤ ਵਿਰੋਧੀ ਡਰਾਈਵਰ ਮਾਹੌਲ ਨੇ ਸਮਾਜਿਕ ਤਣਾਅ ਵੀ ਪੈਦਾ ਕੀਤਾ ਹੈ। ਕੁਝ ਅਮਰੀਕੀ ਨਾਗਰਿਕਾਂ ਅਤੇ ਸਿਆਸਤਦਾਨਾਂ ਦਾ ਮੰਨਣਾ ਹੈ ਕਿ ਵਿਦੇਸ਼ੀ ਡਰਾਈਵਰ ਸਥਾਨਕ ਰੁਜ਼ਗਾਰ ਨੂੰ ਪ੍ਰਭਾਵਿਤ ਕਰ ਰਹੇ ਹਨ।

# ਹੜ੍ਹਾਂ ਦੀ ਮਾਰ: ਰਾਵੀ ਦਰਿਆ 'ਚ ਡੁੱਬਿਆ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਵੱਡਾ ਹਿੱਸਾ





ਗੁਰਦਾਸਪੁਰ, (ਪੰਜਾਬ ਮੇਲ)- ਪਾਕਿਸਤਾਨ ਵਿਚ ਰਾਵੀ ਦਰਿਆ ਵਿਚ ਛੱਡੇ ਗਏ ਪਾਣੀ ਕਾਰਨ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਦਾ ਵੱਡਾ ਹਿੱਸਾ ਹੜ੍ਹਾਂ ਵਿਚ ਡੁੱਬ ਗਿਆ ਹੈ। ਸਿੱਖ ਸ਼ਰਧਾਲੂਆਂ ਲਈ ਆਸਥਾ ਦਾ ਕੇਂਦਰ ਇਹ ਪਵਿੱਤਰ ਸਥਾਨ ਇਸ ਸਮੇਂ ਹੜ੍ਹਾਂ ਦੇ ਪਾਣੀ ਵਿਚ ਡੁੱਬਿਆ ਹੋਇਆ ਹੈ।


ਗੁਰਦੁਆਰੇ ਦੇ ਅਹਾਤੇ ਵਿਚ ਦੋ ਤੋਂ ਤਿੰਨ ਫੁੱਟ ਤੱਕ ਪਾਣੀ ਇਕੱਠਾ ਹੋ ਗਿਆ ਹੈ। ਦਰਬਾਰ ਸਾਹਿਬ ਦੀਆਂ ਮੁੱਖ ਪੌੜੀਆਂ ਦੀਆਂ ਚਾਰ ਪੌੜੀਆਂ ਪਾਣੀ ਵਿਚ ਡੁੱਬ ਗਈਆਂ ਹਨ ਅਤੇ ਪਾਣੀ ਦਾ ਪੱਧਰ ਲਗਾਤਾਰ ਵੱਧ ਰਿਹਾ ਹੈ। ਬਾਹਰ ਸਥਿਤ ਮਜ਼ਾਰ ਪੂਰੀ ਤਰ੍ਹਾਂ ਡੁੱਬ ਚੁੱਕੀ ਹੈ, ਜਦੋਂ ਕਿ ਜ਼ਮੀਨੀ ਮੰਜ਼ਿਲ 'ਤੇ ਬਣੀ ਸਮਾਧ ਵੀ ਪਾਣੀ ਵਿਚ ਡੁੱਬ ਗਈ ਹੈ।

### ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਵਿੱਤਰ ਸਰੂਪ ਅਤੇ ਸੇਵਾਦਾਰ ਸੁਰੱਖਿਅਤ; ਕਰਤਾਰਪੁਰ ਸਾਹਿਬ-ਨਾਰੋਵਾਲ ਸੜਕ 'ਤੇ ਪਾਣੀ ਭਰਨ ਕਾਰਨ ਆਵਾਜਾਈ ਠੱਪ

ਹਾਲਾਂਕਿ ਰਾਹਤ ਦੀ ਗੱਲ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਵਿੱਤਰ ਸਰੂਪ ਅਤੇ ਸੇਵਾਦਾਰ ਸੁਰੱਖਿਅਤ ਹਨ, ਜਿਨ੍ਹਾਂ ਨੂੰ ਉੱਪਰਲੀ ਮੰਜ਼ਿਲ 'ਤੇ ਰੱਖਿਆ ਗਿਆ ਹੈ। ਪਾਕਿਸਤਾਨੀ ਪ੍ਰਸ਼ਾਸਨ ਨੇ ਹਾਲਾਤ ਵਿਗੜਨ 'ਤੇ ਸ਼ਰਧਾਲੂਆਂ ਅਤੇ ਸੇਵਾਦਾਰਾਂ ਨੂੰ ਕੱਢਣ ਲਈ ਹੈਲੀਕਾਪਟਰਾਂ ਅਤੇ ਵਾਹਨਾਂ ਦਾ ਪ੍ਰਬੰਧ ਕਰਨ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ।

ਹੜ੍ਹ ਨੇ ਗੁਰਦੁਆਰੇ ਦੇ ਆਲੇ-ਦੁਆਲੇ ਦੇ ਪਿੰਡਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਕਰਤਾਰਪੁਰ ਸਾਹਿਬ-ਨਾਰੋਵਾਲ ਸੜਕ 'ਤੇ ਪਾਣੀ ਭਰਨ ਕਾਰਨ ਆਵਾਜਾਈ ਠੱਪ ਹੋ ਗਈ ਹੈ ਅਤੇ ਲੋਕਾਂ ਦਾ ਆਮ ਜੀਵਨ ਪ੍ਰਭਾਵਿਤ ਹੋਇਆ ਹੈ।

ਕਾਬਿਲੇਗੌਰ ਹੈ ਕਿ ਕਰਤਾਰਪੁਰ ਲਾਂਘਾ, ਜੋ ਭਾਰਤ ਦੇ ਡੇਰਾ ਬਾਬਾ ਨਾਨਕ (ਪੰਜਾਬ) ਨੂੰ ਪਾਕਿਸਤਾਨ ਦੇ ਕਰਤਾਰਪੁਰ ਸਾਹਿਬ ਨਾਲ ਜੋੜਦਾ ਹੈ ਅਤੇ 2019 ਵਿੱਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਖੋਲ੍ਹਿਆ ਗਿਆ ਸੀ, 22 ਅਪ੍ਰੈਲ 2025 ਤੋਂ ਬੰਦ ਹੈ। ਜੰਮੂ-ਕਸ਼ਮੀਰ ਵਿਚ ਪਹਿਲਗਾਮ ਦਹਿਸ਼ਤੀ ਹਮਲੇ ਤੋਂ ਬਾਅਦ ਭਾਰਤ ਸਰਕਾਰ ਨੇ ਸਰਹੱਦ ਪਾਰ ਆਵਾਜਾਈ 'ਤੇ ਪਾਬੰਦੀ ਲਗਾ ਦਿੱਤੀ ਸੀ।



# ਅਮਰੀਕਾ ਬੈਠੇ ਗੈਂਗਸਟਰਾਂ ਨੇ ਪੰਜਾਬ 'ਚ ਕਰਵਾਇਆ ਕਤਲ ਕਾਂਡ; 2 ਮੁਲਜ਼ਮ ਗ੍ਰਿਫ਼ਤਾਰ



ਨਵਾਂਸ਼ਹਿਰ/ਜਲੰਧਰ, (ਪੰਜਾਬ ਮੇਲ)- ਰੂਪਨਗਰ ਜ਼ਿਲ੍ਹਾ ਪੁਲਿਸ ਅਤੇ ਕਾਊਂਟਰ ਇੰਟੈਲੀਜੈਂਸ ਦੇ ਸਾਂਝੇ ਆਪ੍ਰੇਸ਼ਨ 'ਚ ਪੁਲਿਸ ਨੇ ਥਾਣਾ ਪੋਜੇਵਾਲ ਅਧੀਨ ਪੈਂਦੇ ਪਿੰਡ ਕੁਲਪੁਰ 'ਚ ਹਰਦੀਪ ਸਿੰਘ ਉਰਫ਼ ਦੀਪਾ ਪੁੱਤਰ ਸ਼ਿੰਗਾਰਾ ਸਿੰਘ ਦੇ ਕਤਲ ਦੇ ਦੋਸ਼ 'ਚ 2 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਡੀ.ਜੀ.ਪੀ. ਗੌਰਵ ਯਾਦਵ ਨੇ ਦਿੱਤੀ। ਇਸ ਸਬੰਧੀ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦੇ ਐੱਸ.ਐੱਸ.ਪੀ. ਡਾ. ਮਹਿਤਾਬ ਸਿੰਘ ਨੇ ਦੱਸਿਆ ਕਿ 2 ਜੁਲਾਈ 2025 ਨੂੰ ਥਾਣਾ ਪੋਜੇਵਾਲ ਅਧੀਨ ਪੈਂਦੇ ਪਿੰਡ ਕੁਲਪੁਰ ਵਿਚ ਹਰਦੀਪ ਸਿੰਘ ਉਰਫ਼ ਦੀਪ ਦੀ ਗੋਲ਼ੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਮ੍ਰਿਤਕ ਦੇ ਭਰਾ ਸੰਦੀਪ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਪੁਲਿਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।

ਉਨ੍ਹਾਂ ਦੱਸਿਆ ਕਿ ਮਾਮਲੇ ਦੀ ਗੰਭੀਰਤਾ ਨੂੰ ਵੇਖਦੇ ਹੋਏ ਉਕਤ ਮਾਮਲੇ ਵਿਚ ਤਕਨੀਕੀ ਅਤੇ ਮਨੁੱਖੀ ਖ਼ੁਫ਼ੀਆ ਜਾਣਕਾਰੀ (ਹਿਊਮਨ ਇੰਟੈਲੀਜੈਂਸੀ) ਦੀ ਮਦਦ ਨਾਲ ਕਤਲ ਦੇ ਮੁਲਜ਼ਮ ਕਰਨ ਗੰਗੜ ਪੁੱਤਰ ਮੱਖਣ ਰਾਮ ਵਾਸੀ ਰੋਡ ਮਜ਼ਾਰਾ ਅਤੇ ਜਸਕਰਨ ਦੀਪ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਰਾਮਗੜ੍ਹ ਝੁੱਗੀਆਂ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਮੁੰਬਈ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਐੱਸ.ਐੱਸ.ਪੀ. ਨੇ ਦੱਸਿਆ ਕਿ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਮ੍ਰਿਤਕ ਹਰਦੀਪ ਸਿੰਘ ਉਰਫ਼ ਦੀਪਾ ਦੀ ਜਸਕਰਨ ਸਿੰਘ ਉਰਫ਼ ਕਾਲੂ ਵਾਸੀ ਕੁੱਕੜ ਮਜ਼ਾਰਾ ਨਾਲ ਨਿੱਜੀ ਦੁਸ਼ਮਣੀ ਸੀ, ਜੋਕਿ ਜਸਕਰਨ ਸਿੰਘ, ਕਰਨ ਗੰਗੜ, ਜਸਕਰਨ ਸਿੰਘ ਕਾਲੂ ਅਤੇ ਲੱਕੀ ਪਟਿਆਲਾ ਗੈਂਗ ਨਾਲ ਸਬੰਧਤ ਸੀ।

ਐੱਸ.ਐੱਸ.ਪੀ. ਨੇ ਦੱਸਿਆ ਕਿ ਜਸਕਰਨ ਸਿੰਘ ਉਰਫ਼ ਕੰਨੂ ਅਮਰੀਕਾ ਵਿਚ ਹੈ ਅਤੇ ਉਸ ਨੇ ਹਰਦੀਪ ਸਿੰਘ ਨੂੰ ਮਾਰਨ ਲਈ ਕਰਨ ਆਦਿ ਨੂੰ ਹਥਿਆਰ ਮੁਹੱਈਆ ਕਰਵਾਏ ਸਨ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਮੁਲਜ਼ਮਾਂ 'ਤੇ ਪਹਿਲਾਂ ਹੀ ਲੜਾਈ-ਝਗੜੇ, ਕਤਲ ਦੀ ਕੋਸ਼ਿਸ਼ ਅਤੇ ਅਸਲਾ ਐਕਟ ਦੇ ਮਾਮਲੇ ਦਰਜ ਹਨ। ਐੱਸ.ਪੀ. ਸਰਬਜੀਤ ਸਿੰਘ ਵਾਹੀਆ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਨੂੰ ਅਦਾਲਤ ਵਿਚ ਪੇਸ਼ ਕਰਕੇ 4 ਦਿਨਾਂ ਦੇ ਪੁਲਿਸ ਰਿਮਾਂਡ 'ਤੇ ਲਿਆ ਗਿਆ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਸਾਬਕਾ ਮੰਤਰੀ ਵਿਜੈ ਸਿੰਗਲਾ ਨਾਲ ਸੰਬੰਧਤ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਪ੍ਰੋਟੈਸਟ ਪਟੀਸ਼ਨ ਦਾਇਰ



ਐੱਸ.ਏ.ਐੱਸ. ਨਗਰ, (ਪੰਜਾਬ ਮੇਲ)- ਪੰਜਾਬ ਦੀ 'ਆਪ' ਸਰਕਾਰ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ 'ਤੇ ਸਵਾਲੀਆ ਚਿੰਨ੍ਹ ਲਗਾਉਂਦਿਆਂ ਮੋਹਾਲੀ ਦੇ ਇਕ ਵਿਅਕਤੀ ਵੱਲੋਂ ਸਾਬਕਾ ਮੰਤਰੀ ਡਾ. ਵਿਜੈ ਸਿੰਗਲਾ ਨਾਲ ਸੰਬੰਧਤ ਭ੍ਰਿਸ਼ਟਾਚਾਰੀ ਮਾਮਲੇ ਵਿਚ ਦਾਇਰ ਪੁਲਿਸ ਕਲੋਜ਼ਰ ਰਿਪੋਰਟ (ਕੈਂਸਲੇਸ਼ਨ ਰਿਪੋਰਟ) ਵਿਰੁੱਧ ਪ੍ਰੋਟੈਸਟ ਪਟੀਸ਼ਨ ਦਾਇਰ ਕੀਤੀ ਗਈ ਹੈ।

ਪਟੀਸ਼ਨਕਰਤਾ ਅਨੁਸਾਰ ਇਹ ਮਾਮਲਾ, ਜੋ ਕਿ ਕਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਅਰਵਿੰਦ ਕੇਜਰੀਵਾਲ ਦੀ ਭ੍ਰਿਸ਼ਟਾਚਾਰ ਪ੍ਰਤੀ ਜ਼ੀਰੋ-ਟਾਲਰੈਂਸ ਨੀਤੀ ਦਾ ਪ੍ਰਤੀਕ ਸੀ, ਹੁਣ ਵਿਜੈ ਸਿੰਗਲਾ ਦੀ ਆਵਾਜ਼ ਦੇ ਨਮੂਨਿਆਂ ਤੇ ਨਾਕਾਫ਼ੀ ਸਬੂਤ ਹੋਣ ਕਾਰਨ ਉਸ ਨੂੰ ਕਲੀਨ ਚਿੱਟ ਦਿੱਤੇ ਜਾਣ 'ਤੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਸ਼ੱਕ ਪੈਦਾ ਕਰਦਾ ਹੈ। ਇਸ ਮਾਮਲੇ ਵਿਚ ਪਟੀਸ਼ਨਕਰਤਾ ਵੱਲੋਂ ਫੋਰੈਂਸਿਕ ਰਿਪੋਰਟ ਨਾਲ ਛੇੜਛਾੜ ਦੇ ਤਾਜ਼ਾ ਦੋਸ਼ਾਂ ਨੇ ਇਸ ਵਿਵਾਦ ਨੂੰ ਹੋਰ ਵਧਾ ਦਿੱਤਾ ਹੈ।

ਦੱਸ ਦੇਈਏ ਕਿ ਇਹ ਘਪਲਾ ਮਈ 2022 ਦਾ ਹੈ, ਜਦੋਂ ਵਿਜੈ ਸਿੰਗਲਾ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗਣ 'ਤੇ ਉਸ ਨੂੰ ਮੁੱਖ ਮੰਤਰੀ ਨੇ ਸਿਹਤ ਮੰਤਰੀ ਦੇ ਅਹੁਦੇ ਬਰਖ਼ਾਸਤ ਕਰ ਦਿੱਤਾ ਸੀ। ਹਾਈਕੋਰਟ ਨੇ ਉਕਤ ਮਾਮਲੇ ਸੰਬੰਧੀ ਸਟੇਟਸ ਰਿਪੋਰਟ ਮੰਗੀ ਹੈ ਤੇ ਮਾਮਲੇ ਨੂੰ 28 ਅਗਸਤ ਤੱਕ ਮੁਲਤਵੀ ਕਰ ਦਿੱਤਾ ਹੈ।


**Help Wanted in Missouri**
**ਲੋੜ ਹੈ**

**ਨੌਕਰੀ ਦੇ ਮੌਕੇ -ਸਾਡੇ ਕੋਲ ਮਿਸੂਰੀ ਏਰੀਆ ਵਿਚ ਕਈ ਅਸਾਮੀਆਂ ਖਾਲੀ ਹਨ। ਹੇਠਾਂ ਦਿੱਤੀਆਂ ਜਗ੍ਹਾਂ ਲਈ ਕਰਮਚਾਰੀਆਂ ਦੀ ਲੋੜ ਹੈ:**

■ ਗੈਸ ਸਟੇਸ਼ਨ ■ ਲਿਕੁਰ ਸਟੋਰ ■ ਪੰਜਾਬੀ ਰੈਸਟੋਰੈਂਟ

ਅਸਾਮੀਆਂ: ਕੈਸ਼ਿਅਰ / ਦੁਕਾਨ ਸਹਾਇਕ / ਰਸੋਈ ਸਹਾਇਕ/ ਰਸੋਈਏ / ਸਫਾਈ ਕਰਮਚਾਰੀ

■ ਪਹਿਲਾਂ ਦਾ ਤਜਰਬਾ ਵਧੀਆ ਹੈ ਪਰ ਜ਼ਰੂਰੀ ਨਹੀਂ (ਟ੍ਰੇਨਿੰਗ ਦਿੱਤੀ ਜਾਵੇਗੀ)

■ ਬੁਨਿਆਦੀ ਅੰਗਰੇਜ਼ੀ ਜਾਂ ਪੰਜਾਬੀ ਬੋਲੀ ਜਾਣੀ ਚਾਹੀਦੀ

**ਸੰਪਰਕ ਕਰੋ: ਜੇਕਰ ਤੁਸੀਂ ਦਿਲਚਸਪੀ ਰੱਖਦੇ ਹੋ, ਤਾਂ ਇਸ ਨੰਬਰ 'ਤੇ ਸੰਪਰਕ ਕਰੋ: 417-382-9100** 869

**MATRIMONIAL**

South Indian man, 65, (Look's 50) , 5'-7", transportation business. looking a good loving girl of any age. Down to earth, anyone interested to living together. Pls send a photograph and little information with phone number. He can live anywhere in USA. Cell: 727-870-0052

855





# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ 52 ਲੋੜਵੰਦਾਂ ਨੂੰ ਦਿੱਤੀ ਸਹਾਇਤਾ ਰਾਸ਼ੀ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਵਿਚ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਟਰੱਸਟ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਸ੍ਰੀ ਮੁਕਤਸਰ ਸਾਹਿਬ ਵਿਖੇ 52 ਲੋੜਵੰਦਾਂ ਨੂੰ 46 ਹਜ਼ਾਰ ਦੇ ਕਰੀਬ ਸਹਾਇਤਾ ਰਾਸ਼ੀ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਸਹਾਇਤਾ ਰਾਸ਼ੀ ਬਜ਼ੁਰਗ



ਡਾ. ਐੱਸ.ਪੀ. ਸਿੰਘ ਓਬਰਾਏ।

ਵਿਧਵਾਵਾਂ, ਕੰਮ ਕਰਨ ਤੋਂ ਅਸਮਰਥ ਬਜ਼ੁਰਗਾਂ, ਲਾਵਾਰਸ ਬੱਚਿਆਂ ਨੂੰ ਦਿੱਤੀ ਗਈ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾ. ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਜਸਪਾਲ ਸਿੰਘ ਰਿਟਾ. ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਗੁਰਪਾਲ ਸਿੰਘ ਪਾਲੀ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਜਸਬੀਰ ਸਿੰਘ ਰਿਟਾ. ਏ.ਐੱਸ.ਆਈ., ਸੁਖਬੀਰ ਸਿੰਘ ਜੈਲਦਾਰ, ਬਰਨੇਕ ਸਿੰਘ ਰਿਟਾ. ਲੈਕਚਰਾਰ, ਚਰਨਜੀਤ ਸਿੰਘ, ਅਸ਼ੋਕ ਕੁਮਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਹਿਬ, ਗੁਰਜੀਤ ਸਿੰਘ ਜੀਤਾ, ਸੋਮ ਨਾਥ, ਮਾਸਟਰ ਰਾਜਿੰਦਰ ਸਿੰਘ ਅਤੇ ਅਸ਼ੋਕ ਕੁਮਾਰ ਆਦਿ ਹਾਜ਼ਰ ਸਨ।

# ਹਰਿਆਣਾ ਸਰਕਾਰ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਨੂੰ ਦੇਵੇਗੀ ਨੌਕਰੀ

**ਚੰਡੀਗੜ੍ਹ, (ਪੰਜਾਬ ਮੇਲ)**- ਹਰਿਆਣਾ ਸਰਕਾਰ ਹੁਣ ਸਿੱਖ ਦੰਗਿਆਂ ਦੇ ਪੀੜਤਾਂ ਨੂੰ ਨੌਕਰੀਆਂ ਦੇਵੇਗੀ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵਿਧਾਨ ਸਭਾ ਵਿਚ ਇਹ ਐਲਾਨ ਕੀਤਾ ਹੈ। ਸੀ.ਐੱਮ. ਸੈਣੀ ਨੇ ਕਿਹਾ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਜਾਨਾਂ ਗੁਆਉਣ ਵਾਲਿਆਂ ਦੇ ਪਰਿਵਾਰਕ ਮੈਂਬਰਾਂ ਨੂੰ ਹਰਿਆਣਾ ਸਰਕਾਰ ਵਿਚ ਢੁੱਕਵੀਂ ਨੌਕਰੀਆਂ ਮਿਲਣਗੀਆਂ। ਤੁਹਾਨੂੰ ਦੱਸ ਦੇਈਏ ਕਿ ਸਿੱਖ ਵਿਰੋਧੀ ਦੰਗਿਆਂ ਦੌਰਾਨ ਹਰਿਆਣਾ ਦੇ 121 ਲੋਕਾਂ ਦੀ ਮੌਤ ਹੋ ਗਈ ਸੀ।

ਸਦਨ ਵਿਚ ਵੱਡਾ ਐਲਾਨ ਕਰਦੇ ਹੋਏ ਸੀ.ਐੱਮ. ਸੈਣੀ ਨੇ ਕਿਹਾ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਵਿਚ ਜਾਨਾਂ ਗੁਆਉਣ ਵਾਲੇ 121 ਲੋਕਾਂ ਦੇ ਪਰਿਵਾਰਕ ਮੈਂਬਰਾਂ ਨੂੰ ਉਨ੍ਹਾਂ ਦੀ ਸਹਿਮਤੀ ਨਾਲ ਪਹਿਲ ਦੇ ਆਧਾਰ 'ਤੇ ਹਰਿਆਣਾ ਸਰਕਾਰ 'ਚ ਨੌਕਰੀਆਂ ਦਿੱਤੀਆਂ ਜਾਣਗੀਆਂ। ਸਿੱਖ ਵਿਰੋਧੀ ਦੰਗਿਆਂ 'ਚ 20 ਗੁਰਦੁਆਰੇ, 221 ਘਰ, 154 ਦੁਕਾਨਾਂ, 57 ਫੈਕਟਰੀਆਂ, 3 ਰੇਲਵੇ ਕੋਚ ਅਤੇ 85 ਵਾਹਨ ਸਾੜ ਦਿੱਤੇ ਗਏ ਸਨ। ਸੀ.ਐੱਮ. ਸੈਣੀ ਨੇ ਕਿਹਾ ਕਿ ਮੈਂ ਪੀੜਤ ਪਰਿਵਾਰਾਂ ਨੂੰ ਆਪਸੀ ਸਹਿਮਤੀ ਨਾਲ ਜ਼ਿਲ੍ਹਾ ਡਿਪਟੀ ਕਮਿਸ਼ਨਰਾਂ ਰਾਹੀਂ ਹਰਿਆਣਾ ਸਰਕਾਰ ਦੇ ਮੁੱਖ ਸਕੱਤਰ ਨੂੰ ਭੇਜਣ ਦੀ ਬੇਨਤੀ ਕਰਦਾ ਹਾਂ। ਇਸ ਸਬੰਧੀ ਹਦਾਇਤਾਂ ਸਰਕਾਰ ਵੱਲੋਂ ਜਲਦੀ ਹੀ ਪੱਤਰ ਰਾਹੀਂ ਜਾਰੀ ਕੀਤੀਆਂ ਜਾਣਗੀਆਂ।

# ਪੰਜਾਬ ਕਾਂਗਰਸ ਵੱਲੋਂ ਵਿਧਾਨ ਸਭਾ ਚੋਣਾਂ ਲਈ ਅਗਾਊਂ ਤਿਆਰੀਆਂ ਸ਼ੁਰੂ

**ਚੰਡੀਗੜ੍ਹ, (ਪੰਜਾਬ ਮੇਲ):** ਪੰਜਾਬ ਕਾਂਗਰਸ ਨੇ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਹੁਣੇ ਤੋਂ ਹੀ ਆਪਣੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਲਈ ਜ਼ਿਲ੍ਹਾ ਪ੍ਰਧਾਨਾਂ ਦੀਆਂ ਨਿਯੁਕਤੀਆਂ ਲਈ ਲਾਮਬੰਦੀਆਂ ਕੀਤੀਆਂ ਜਾ ਰਹੀਆਂ ਹਨ। ਪੰਜਾਬ ਕਾਂਗਰਸ 'ਚ ਜ਼ਿਲ੍ਹਾ ਪ੍ਰਧਾਨਾਂ ਦਾ ਕਾਰਜਕਾਲ ਤਿੰਨ ਸਾਲ ਹੁੰਦਾ ਹੈ। 19 ਨਵੰਬਰ 2022 ਨੂੰ 29 ਪ੍ਰਧਾਨ ਨਿਯੁਕਤ ਕੀਤੇ ਗਏ ਸਨ, ਜਿਨ੍ਹਾਂ ਦੀ ਟਰਮ ਨਵੰਬਰ 2025 ਤੱਕ ਹੈ। ਹਾਲਾਂਕਿ ਉਸ ਤੋਂ ਪਹਿਲਾਂ ਹੀ ਨਵੀਆਂ ਨਿਯੁਕਤੀਆਂ ਲਈ ਕਸਰਤ ਸ਼ੁਰੂ ਕਰ ਦਿੱਤੀ ਗਈ ਹੈ। ਇਸੇ ਸਬੰਧ 'ਚ ਹਾਲ ਹੀ 'ਚ 29 ਆਬਜ਼ਰਵਰ ਨਿਯੁਕਤ ਕੀਤੇ ਗਏ ਹਨ, ਜੋ ਪਹਿਲੀ ਸਤੰਬਰ ਤੋਂ ਆਪਣਾ ਕੰਮ ਸ਼ੁਰੂ ਕਰਨਗੇ। ਹਰ ਜ਼ਿਲ੍ਹੇ 'ਚ ਤਿੰਨ-ਤਿੰਨ ਆਬਜ਼ਰਵਰ ਹੋਣਗੇ, ਜੋ ਰਾਸ਼ਟਰੀ ਲੀਡਰਸ਼ਿਪ ਨੂੰ ਵਿਸਥਾਰਤ ਰਿਪੋਰਟ ਭੇਜਣਗੇ। ਇਸ ਰਿਪੋਰਟ ਦੇ ਆਧਾਰ 'ਤੇ ਹੀ ਨਵੇਂ ਜ਼ਿਲ੍ਹਾ ਪ੍ਰਧਾਨਾਂ ਦੀ ਨਿਯੁਕਤੀ ਹੋਵੇਗੀ। ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਨੇ ਕਾਂਗਰਸ ਅੰਦਰਲੇ ਮਤਭੇਦਾਂ ਨੂੰ ਖੁੱਲ੍ਹੇ ਤੌਰ 'ਤੇ ਬੇਨਕਾਬ ਕਰ ਦਿੱਤਾ। ਨੇਤਾ ਇਕ ਦੂਜੇ 'ਤੇ ਦੋਸ਼ ਲਾਉਣ ਤੋਂ ਲੈ ਕੇ ਮੀਡੀਆ 'ਚ ਬਿਆਨਬਾਜ਼ੀ ਤੱਕ ਕਰਦੇ ਦਿਖਾਈ ਦਿੱਤੇ। ਇਹ ਸਥਿਤੀ ਨਾ ਸਿਰਫ਼ ਪਾਰਟੀ ਨੂੰ ਕਮਜ਼ੋਰ ਕਰ ਰਹੀ ਹੈ, ਸਗੋਂ ਵੋਟਰਾਂ 'ਚ ਭਰੋਸੇ ਦੀ ਘਾਟ ਵੀ ਪੈਦਾ ਕਰ ਰਹੀ ਹੈ। ਕਈ ਸੀਨੀਅਰ ਨੇਤਾ ਆਪਣੀ ਤਾਕਤ ਸੋਸ਼ਲ ਮੀਡੀਆ 'ਤੇ ਗਾਣਿਆਂ ਰਾਹੀਂ ਜਾਂ ਜਨਤਾ ਨਾਲ ਮਿਲਣ-ਜੁਲਣ ਰਾਹੀਂ ਦਿਖਾ ਰਹੇ ਹਨ ਪਰ ਇੱਕੋ ਮੰਚ 'ਤੇ ਇਕੱਠੇ ਹੋਣ ਤੋਂ ਗੁਰੇਜ਼ ਕਰ ਰਹੇ ਹਨ।

ਸੋਮਵਾਰ ਦੀ ਮੀਟਿੰਗ 'ਚ ਰਾਹੁਲ ਗਾਂਧੀ ਨੇ ਸਪੱਸ਼ਟ ਕੀਤਾ ਕਿ ਪੰਜਾਬ ਕਾਂਗਰਸ ਨੂੰ ਅੰਦਰੂਨੀ ਕਲੇਸ਼ ਤੋਂ ਬਾਹਰ ਨਿਕਲ ਕੇ 2027 ਦੀਆਂ ਚੋਣਾਂ ਲਈ ਇਕੱਠਾ ਹੋਣਾ ਚਾਹੀਦਾ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇ ਪਾਰਟੀ ਨੇ ਆਪਸੀ ਏਕਤਾ ਨਾ ਦਿਖਾਈ, ਤਾਂ ਆਮ ਆਦਮੀ ਪਾਰਟੀ ਨੂੰ ਰਾਜਨੀਤਿਕ ਮੈਦਾਨ 'ਚ ਖੁੱਲ੍ਹੀ ਛੋਟ ਮਿਲ ਜਾਵੇਗੀ। ਪਾਰਟੀ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਵੀ ਇਹ ਸਾਫ਼ ਕਰ ਦਿੱਤਾ ਕਿ ਨਵੀਆਂ ਨਿਯੁਕਤੀਆਂ ਕਰਦਿਆਂ ਕਿਸੇ ਧੜੇ ਨੂੰ ਤਰਜੀਹ ਨਹੀਂ ਦਿੱਤੀ ਜਾਵੇਗੀ। ਪਾਰਟੀ ਦਾ ਇਕਮਾਤਰ ਉਦੇਸ਼ 2027 'ਚ ਮੁੜ ਸੱਤਾ ਪ੍ਰਾਪਤ ਕਰਨਾ ਹੈ। ਕਾਂਗਰਸ ਨੇ ਹਾਲ ਹੀ 'ਚ ਹਰਿਆਣਾ 'ਚ ਨਵੇਂ ਅਹੁਦੇਦਾਰਾਂ ਦੀ ਨਿਯੁਕਤੀ ਕਰ ਕੇ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕੀਤਾ ਸੀ। ਹੁਣ ਉਹੀ ਮਾਡਲ ਪੰਜਾਬ 'ਚ ਲਾਗੂ ਕੀਤਾ ਜਾ ਰਿਹਾ ਹੈ। ਰਾਹੁਲ ਗਾਂਧੀ ਦੀ ਰਣਨੀਤੀ ਇਹ ਹੈ ਕਿ ਹਰ ਰਾਜ 'ਚ ਜਥੇਬੰਦਕ ਢਾਂਚਾ ਹੁਣੇ ਤੋਂ ਪੂਰੀ ਤਰ੍ਹਾਂ ਮਜ਼ਬੂਤ ਕਰ ਕੇ ਚੋਣਾਂ ਸਮੇਂ ਉਮੀਦਵਾਰਾਂ ਦੀ ਚੋਣ ਆਸਾਨ ਬਣਾਈ ਜਾਵੇ, ਤਾਂ ਕਿ ਵਰਕਰਾਂ 'ਚ ਕੋਈ ਗੁੰਝਲ ਨਾ ਰਹੇ।



# ਵਿਜੈ ਗਰਗ ਦੀ ਕਿਤਾਬ "ਕਰੀਅਰ ਵਿਚ ਸਫਲਤਾ ਦੇ ਮੰਤਰਾਂ" ਜੀ.ਟੀ.ਬੀ. ਖਾਲਸਾ ਐਲੀਮੈਂਟਰੀ ਸਕੂਲ ਮਲੋਟ ਦੀ ਪ੍ਰਿੰਸੀਪਲ ਬਬੀਤਾ ਸੇਠੀ ਵੱਲੋਂ ਰਿਲੀਜ਼






**ਮਲੋਟ, (ਪੰਜਾਬ ਮੇਲ)-** ਪ੍ਰਿੰਸੀਪਲ ਬਬੀਤਾ ਸੇਠੀ ਜੀ.ਟੀ.ਬੀ. ਖਾਲਸਾ ਐਲੀਮੈਂਟਰੀ ਸਕੂਲ ਮਲੋਟ ਨੇ ਪ੍ਰਸਿੱਧ ਲੇਖਕ ਅਤੇ ਸੇਵਾਮੁਕਤ ਪ੍ਰਿੰਸੀਪਲ ਵਿਜੈ ਗਰਗ ਦੁਆਰਾ ਲਿਖੀ ਕਿਤਾਬ "ਕਰੀਅਰ ਵਿਚ ਸਫਲਤਾ ਦੇ ਮੰਤਰਾਂ ਜਾਦੂ" ਰਿਲੀਜ਼ ਕੀਤੀ। ਇਸ ਮੌਕੇ ਸੀਨੀਅਰ ਮੈਂਬਰ ਵੀ ਮੌਜੂਦ ਸਨ। ਜੀ.ਟੀ.ਬੀ. ਐਲੀਮੈਂਟਰੀ ਸਕੂਲ ਮਲੋਟ ਦੀ ਪ੍ਰਿੰਸੀਪਲ ਬਬੀਤਾ ਸੇਠੀ ਨੇ ਕਿਤਾਬ ਰਿਲੀਜ਼ ਸਮਾਗਮ ਦੌਰਾਨ ਬੋਲਦਿਆਂ ਵਿਜੈ ਗਰਗ ਦੇ ਸਿੱਖਿਆ ਖੇਤਰ ਵਿਚ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਕਿਤਾਬ ਉਨ੍ਹਾਂ ਵਿਦਿਆਰਥੀਆਂ ਲਈ ਬਹੁਤ ਉਪਯੋਗੀ ਹੈ, ਜੋ ਨਵੇਂ ਕਰੀਅਰ ਦੀ ਚੋਣ ਕਰਦੇ ਹਨ।

ਪ੍ਰਿੰਸੀਪਲ ਬਬੀਤਾ ਸੇਠੀ ਨੇ ਅੱਗੇ ਕਿਹਾ ਕਿ ਵਿਜੈ ਗਰਗ ਦੁਆਰਾ ਲਿਖੀ ਗਈ ਇਹ ਕਿਤਾਬ ਹਮੇਸ਼ਾ ਵਿਦਿਆਰਥੀਆਂ ਅਤੇ ਸਮਾਜ ਲਈ ਮਾਰਗਦਰਸ਼ਨ ਦਾ ਕੰਮ ਕਰੇਗੀ ਅਤੇ ਕਰੀਅਰ ਵਿਚ ਸਫਲਤਾ ਲਈ ਬਹੁਤ ਮਦਦਗਾਰ ਹੋਵੇਗੀ। ਕਿਤਾਬ ਰਿਲੀਜ਼ ਕਰਨ ਦੇ ਖਾਸ ਉਦੇਸ਼ 'ਤੇ ਬੋਲਦੇ ਹੋਏ, ਵਿਜੈ ਗਰਗ ਨੇ ਕਿਹਾ ਕਿ "ਕਰੀਅਰ ਵਿਚ ਸਫਲਤਾ ਦੇ ਮੰਤਰਾਂ" ਇੱਕ ਮਾਰਗਦਰਸ਼ਕ ਕਿਤਾਬ ਹੈ, ਜੋ ਵਿਦਿਆਰਥੀਆਂ, ਨੌਜਵਾਨਾਂ ਅਤੇ ਪੇਸ਼ੇਵਰਾਂ ਨੂੰ ਉਨ੍ਹਾਂ ਦੇ ਕਰੀਅਰ ਵਿਚ ਦਿਸ਼ਾ, ਸਪੱਸ਼ਟਤਾ ਅਤੇ ਪ੍ਰੇਰਣਾ ਦੇਣ ਦੇ ਉਦੇਸ਼ ਨਾਲ ਲਿਖੀ ਗਈ ਹੈ। ਇਹ ਕਿਤਾਬ ਸਿਰਫ਼ ਕਿਤਾਬੀ ਗਿਆਨ ਤੱਕ ਸੀਮਿਤ ਨਹੀਂ ਹੈ, ਸਗੋਂ ਇਹ ਜ਼ਿੰਦਗੀ ਦੇ ਅਸਲ ਅਨੁਭਵਾਂ, ਪ੍ਰੇਰਨਾਦਾਇਕ ਉਦਾਹਰਣਾਂ ਅਤੇ ਵਿਹਾਰਕ ਉਪਾਵਾਂ ਨੂੰ ਸ਼ਾਮਲ ਕਰਦੀ ਹੈ, ਜੋ ਸਫਲਤਾ ਦੀਆਂ ਪੌੜੀਆਂ ਚੜ੍ਹਨ ਵਿਚ ਮਦਦਗਾਰ ਹੋ ਸਕਦੇ ਹਨ। ਗਰਗ ਨੇ ਅੱਗੇ ਕਿਹਾ ਕਿ ਇਹ ਕਿਤਾਬ ਕਰੀਅਰ ਪਲੈਨਿੰਗ, ਆਤਮਵਿਸ਼ਵਾਸ, ਸਮਾਂ ਪ੍ਰਬੰਧਨ, ਟੀਚਾ ਨਿਰਧਾਰਨ, ਨੈੱਟਵਰਕਿੰਗ, ਇੰਟਰਵਿਊ ਸੁਝਾਅ ਅਤੇ ਲਗਾਤਾਰ ਸਿੱਖਣ ਦੀ ਆਦਤ ਵਰਗੇ ਵਿਸ਼ਿਆਂ ਨੂੰ ਸਰਲ ਭਾਸ਼ਾ ਵਿਚ ਪੇਸ਼ ਕਰਦੀ ਹੈ। ਇਹ ਨਾ ਸਿਰਫ਼ ਨੌਜਵਾਨਾਂ ਨੂੰ ਆਪਣੇ ਭਵਿੱਖ ਦੀ ਦਿਸ਼ਾ ਨਿਰਧਾਰਤ ਕਰਨ ਵਿਚ ਮਦਦ ਕਰਦੀ ਹੈ, ਸਗੋਂ ਉਨ੍ਹਾਂ ਨੂੰ ਆਪਣੇ ਅੰਦਰ ਛੁਪੀਆਂ ਸੰਭਾਵਨਾਵਾਂ ਨੂੰ ਪਛਾਣਨ ਅਤੇ ਨਿਖਾਰਨ ਦਾ ਮੌਕਾ ਵੀ ਦਿੰਦੀ ਹੈ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਕਰਮਜੀਤ ਸਿੰਘ ਅਕਾਲ ਤਖ਼ਤ ਵਿਖੇ ਪੇਸ਼

**■ ਨਿੱਜੀ ਤੇ ਲਿਖਤੀ ਰੂਪ 'ਚ ਪੱਖ ਰੱਖਿਆ**



**ਅੰਮ੍ਰਿਤਸਰ, (ਪੰਜਾਬ ਮੇਲ)-** ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਕਰਮਜੀਤ ਸਿੰਘ ਸ੍ਰੀ ਅਕਾਲ ਤਖਤ ਵਿਖੇ ਪੇਸ਼ ਹੋਏ ਅਤੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਕੋਲ ਆਪਣਾ ਪੱਖ ਰੱਖਿਆ। ਅਕਾਲ ਤਖਤ ਵੱਲੋਂ ਉਨ੍ਹਾਂ ਨੂੰ 15 ਦਿਨਾਂ ਵਿਚ ਆਪਣਾ ਪੱਖ ਸਪਸ਼ਟ ਕਰਨ ਲਈ ਪੇਸ਼ ਹੋਣ ਵਾਸਤੇ ਆਦੇਸ਼ ਦਿੱਤੇ ਗਏ ਸਨ।

ਸ੍ਰੀ ਅਕਾਲ ਤਖ਼ਤ ਸਕੱਤਰੇਤ ਵੱਲੋਂ ਦਿੱਤੀ ਜਾਣਕਾਰੀ ਵਿਚ ਦੱਸਿਆ ਗਿਆ ਹੈ ਕਿ ਬੀਤੇ ਦਿਨੀਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਵਿਰੁੱਧ ਦੱਖਣ ਭਾਰਤ ਵਿਚ ਇੱਕ ਸਮਾਗਮ ਦੌਰਾਨ ਗੁਰਮਤਿ ਫ਼ਲਸਫ਼ੇ ਦੇ ਵਿਰੁੱਧ ਪ੍ਰਗਟਾਵਾ ਕਰਨ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਿਕਾਇਤਾਂ ਪੁੱਜੀਆਂ ਸਨ।

ਇਸ ਮਾਮਲੇ ਸਬੰਧੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਆਦੇਸ਼ ਅਨੁਸਾਰ ਵਾਈਸ ਚਾਂਸਲਰ ਨੂੰ ਨਿੱਜੀ ਰੂਪ ਵਿਚ ਪੇਸ਼ ਹੋ ਕੇ ਆਪਣਾ ਪੱਖ ਰੱਖਣ ਲਈ ਸੱਦਿਆ ਗਿਆ ਸੀ। ਡਾ. ਕਰਮਜੀਤ ਸਿੰਘ ਨੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕਰਕੇ ਆਪਣਾ ਪੱਖ ਨਿੱਜੀ ਅਤੇ ਲਿਖਤੀ ਰੂਪ ਵਿਚ ਰੱਖਿਆ। ਬੁਲਾਰੇ ਨੇ ਦੱਸਿਆ ਕਿ ਇਹ ਮਾਮਲਾ ਪੰਜ ਸਿੰਘ ਸਾਹਿਬਾਨ ਦੀ ਅਗਾਮੀ ਇਕੱਤਰਤਾ ਵਿਚ ਵਿਚਾਰ ਕੇ ਫੈਸਲਾ ਕੀਤਾ ਜਾਵੇਗਾ।

ਦੱਸਣਯੋਗ ਹੈ ਕਿ ਇਸ ਮਾਮਲੇ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਵੀ ਅਕਾਲ ਤਖਤ ਵਿਖੇ ਸ਼ਿਕਾਇਤ ਕੀਤੀ ਗਈ ਸੀ।

ਇਹ ਮਾਮਲਾ ਉਸ ਵੇਲੇ ਵਧੇਰੇ ਸੁਰਖੀਆਂ ਵਿਚ ਆਇਆ ਸੀ, ਜਦੋਂ ਇਸ ਸਬੰਧੀ ਇੱਕ ਵੀਡੀਓ ਵਾਇਰਲ ਹੋਈ ਸੀ। ਜਿਸ ਤੋਂ ਤੁਰੰਤ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਯੂਨੀਵਰਸਿਟੀ ਦੇ ਉਪ ਕੁਲਪਤੀ ਨੂੰ ਜਥੇਦਾਰਾਂ ਸਬੰਧੀ ਸੇਵਾ ਨਿਯਮ ਬਣਾਉਣ ਵਾਲੀ ਬਣਾਈ ਗਈ ਕਮੇਟੀ ਦੇ ਮੈਂਬਰ ਵਜੋਂ ਕਮੇਟੀ 'ਚੋਂ ਬਾਹਰ ਕਰ ਦਿੱਤਾ ਗਿਆ ਸੀ।

# ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਪੰਜਾਬ ਦੇ ਡੀ.ਜੀ.ਪੀ. ਨੂੰ ਨੋਟਿਸ ਜਾਰੀ

**■ 2 ਪੁਲਿਸ ਮੁਲਾਜ਼ਮਾਂ ਵੱਲੋਂ ਪੱਤਰਕਾਰ 'ਤੇ ਹਮਲੇ ਦਾ ਮਾਮਲਾ**

**ਨਵੀਂ ਦਿੱਲੀ, (ਪੰਜਾਬ ਮੇਲ)-** ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਉਨ੍ਹਾਂ ਮੀਡੀਆ ਰਿਪੋਰਟਾਂ 'ਤੇ ਸਵੈ-ਨੋਟਿਸ ਲਿਆ, ਜਿਨ੍ਹਾਂ 'ਚ ਦੋਸ਼ ਲਗਾਇਆ ਗਿਆ ਹੈ ਕਿ ਇਸ ਮਹੀਨੇ ਦੇ ਸ਼ੁਰੂ 'ਚ ਜ਼ਿਲ੍ਹਾ ਗੁਰਦਾਸਪੁਰ ਦੇ ਬਟਾਲਾ ਖੇਤਰ 'ਚ ਦੋ ਪੁਲਿਸ ਮੁਲਜ਼ਮਾਂ ਨੇ ਇਕ ਪੱਤਰਕਾਰ 'ਤੇ ਹਮਲਾ ਕੀਤਾ ਸੀ। ਐੱਨ.ਐੱਚ.ਆਰ.ਸੀ. ਨੇ ਇਕ ਬਿਆਨ 'ਚ ਕਿਹਾ ਕਿ 7 ਅਗਸਤ ਨੂੰ ਪ੍ਰਕਾਸ਼ਿਤ ਰਿਪੋਰਟਾਂ ਅਨੁਸਾਰ ਇਹ ਘਟਨਾ 1 ਅਗਸਤ ਨੂੰ ਵਾਪਰੀ ਸੀ, ਜਿਸ ਤੋਂ ਬਾਅਦ ਆਜ਼ਾਦੀ ਦਿਵਸ ਸਮਾਰੋਹ ਤੋਂ ਪਹਿਲਾਂ ਇਲਾਕੇ 'ਚ ਪੁਲਿਸ ਦੀ ਤਾਇਨਾਤੀ ਬਾਰੇ ਪੱਤਰਕਾਰ ਨੇ ਅਧਿਕਾਰੀਆਂ ਨੂੰ ਸਵਾਲ ਕੀਤਾ ਸੀ, ਜਿਸ ਤੋਂ ਬਾਅਦ ਉਸ ਨੂੰ ਸਾਰਿਆਂ ਦੇ ਸਾਹਮਣੇ ਕੁੱਟਿਆ ਗਿਆ ਸੀ। ਇਕ ਵੀਡੀਓ 'ਚ ਪੱਤਰਕਾਰ ਬੇਹੋਸ਼ ਪਿਆ ਹੋਇਆ ਦਿਖਾਈ ਦੇ ਰਿਹਾ ਹੈ, ਜਦੋਂਕਿ ਪੁਲਿਸ ਮੁਲਾਜ਼ਮ ਹਮਲੇ ਤੋਂ ਬਾਅਦ ਚਲੇ ਜਾਂਦੇ ਹਨ।






# ਸੀਨੀਅਰ ਸਿਟੀਜ਼ਨਜ਼ ਨੂੰ ਗੁਲਾਬ ਦੇ ਫੁੱਲ ਦੇ ਕੇ ਸੀਨੀਅਰ ਸਿਟੀਜ਼ਨ ਦਿਵਸ ਮਨਾਇਆ

ਪਟਿਆਲਾ, (ਪੰਜਾਬ ਮੇਲ)- ਸੀਨੀਅਰ ਸਿਟੀਜ਼ਨਜ਼ ਨੂੰ ਰੋਜ਼ਾਨਾ ਜੀਵਨ ਵਿਚ ਆਪਣੀ ਸਿਹਤ ਦਾ ਚੈੱਕਅੱਪ ਲਗਾਤਾਰ ਕਰਵਾਉਂਦੇ ਰਹਿਣਾ ਚਾਹੀਦਾ ਹੈ। ਇਸ ਤੋਂ ਇਲਾਵਾ ਆਧੁਨਿਕ ਯੁੱਗ ਅਨੁਸਾਰ ਆਪਣੇ ਆਪ ਨੂੰ ਪਰਿਵਾਰਾਂ ਵਿਚ ਅਡਜਸਟ ਕਰਨਾ ਚਾਹੀਦਾ ਹੈ, ਕਿਉਂਕਿ ਗਿਆਨ ਵਿਗਿਆਨ ਦੀ ਤਰੱਕੀ ਨਾਲ ਸਮੁੱਚੀ ਰਹਿਣੀ-ਸਹਿਣੀ ਤੇ ਵਿਚਾਰ-ਵਿਵਹਾਰ ਬਦਲ ਗਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਉਜਾਗਰ ਸਿੰਘ ਸੇਵਾਮੁਕਤ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਨੇ ਸੀਨੀਅਰ ਸਿਟੀਜ਼ਨਜ਼ ਵੈੱਲਫੇਅਰ ਸੋਸਾਇਟੀ ਅਰਬਨ ਅਸਟੇਟ ਪਟਿਆਲਾ ਦੀ ਸੀਨੀਅਰ ਸਿਟੀਜ਼ਨ ਦਿਵਸ ਮਨਾਉਣ ਲਈ ਆਯੋਜਿਤ ਮੀਟਿੰਗ ਵਿਚ ਬੋਲਦਿਆਂ ਕੀਤਾ।





ਉਜਾਗਰ ਸਿੰਘ ਭਾਸ਼ਣ ਦਿੰਦੇ ਹੋਏ, ਮੀਟਿੰਗ ਵਿਚ ਸ਼ਾਮਲ ਸੀਨੀਅਰ ਸਿਟੀਜ਼ਨਜ਼।

ਉਨ੍ਹਾਂ ਅੱਗੋਂ ਕਿਹਾ ਸਰਕਾਰੀ ਦਫ਼ਤਰਾਂ ਅਤੇ ਹੋਰ ਸੰਸਥਾਵਾਂ ਨੂੰ ਸੀਨੀਅਰ ਸਿਟੀਜ਼ਨਜ਼ ਨੂੰ ਪਹਿਲ ਦੇ ਆਧਾਰ 'ਤੇ ਅਟੈਂਡ ਕਰਨਾ ਚਾਹੀਦਾ ਹੈ, ਕਿਉਂਕਿ ਸੀਨੀਅਰ ਸਿਟੀਜ਼ਨ ਸਮਾਜ ਦਾ ਸਰਮਾਇਆ ਹੁੰਦੇ ਹਨ। ਤੰਦਰੁਸਤ ਰਹਿਣ ਲਈ ਲੋੜ ਅਨੁਸਾਰ ਹਲਕਾ-ਫੁਲਕਾ ਖਾਣਾ, ਖਾਣ ਨੂੰ ਤਰਜੀਹ ਦੇਣੀ ਚਾਹੀਦੀ ਹੈ। ਹਲਕੀ ਕਸਰਤ, ਯੋਗਾ ਅਤੇ ਸੈਰ ਕਰਨੀ ਚਾਹੀਦੀ ਹੈ।

ਇਸ ਮੌਕੇ 'ਤੇ ਡਾ. ਭੀਮਇੰਦਰ ਸਿੰਘ ਡਾਇਰੈਕਟਰ ਵਰਲਡ ਪੰਜਾਬੀ ਸੈਂਟਰ ਨੇ ਦੇਸ਼ ਦੀ ਆਜ਼ਾਦੀ ਦੀ ਮੁਹਿੰਮ ਬਾਰੇ ਮੁੱਖ ਭਾਸ਼ਣ ਵਿਚ ਵਿਸਤਾਰ ਨਾਲ ਜਾਣਕਾਰੀ ਦਿੱਤੀ। ਸਰਮਾਏਦਾਰੀ ਦੇ ਚੁੰਗਲ ਵਿਚੋਂ ਨਿਕਲਣ ਦੀ ਤਾਕੀਦ ਕੀਤੀ। ਡਾ. ਗੁਰਸ਼ਰਨ ਕੌਰ ਜੱਗੀ ਨੇ ਸੋਸਾਇਟੀ ਦੀ ਡਾਇਰੈਕਟਰੀ ਜਾਰੀ ਕੀਤੀ। ਦਲੀਪ ਸਿੰਘ ਉਪਲ ਨੇ ਡਾ. ਭੀਮਇੰਦਰ ਸਿੰਘ ਦੀ ਜਾਣ ਪਹਿਚਾਣ ਕਰਵਾਈ। ਸੋਸਾਇਟੀ ਵੱਲੋਂ ਸਾਰੇ ਮੈਂਬਰਾਂ ਨੂੰ ਸੀਨੀਅਰ ਸਿਟੀਜ਼ਨ ਦਿਵਸ ਦੇ ਮੌਕੇ 'ਤੇ ਗੁਲਾਬ ਦੇ ਫੁੱਲ ਭੇਂਟ ਕੀਤੇ ਗਏ। ਇਸ ਮੌਕੇ 'ਤੇ ਮਨੀਪਾਲ ਹਸਪਤਾਲ ਪਟਿਆਲਾ ਦੇ ਹੱਡੀਆਂ ਅਤੇ ਯੂਰੋਲੋਜੀ ਦੀਆਂ ਬੀਮਾਰੀਆਂ ਦੇ ਮਾਹਿਰ ਡਾਕਟਰਾਂ ਨੇ ਮੈਂਬਰਾਂ ਦਾ ਚੈੱਕਅੱਪ ਕੀਤਾ। ਨਿਰਮਲ ਕੌਰ ਰੋਜ, ਤਰਲੋਕ ਸਿੰਘ ਢਿੱਲੋਂ ਅਤੇ ਗੁਰਮੀਤ ਕੌਰ ਨੇ ਕਵਿਤਾਵਾਂ ਅਤੇ ਗੀਤ ਸੁਣਾਕੇ ਮੈਂਬਰਾਂ ਦਾ ਮਨੋਰੰਜਨ ਕੀਤਾ। ਮੈਂਬਰਾਂ ਦੇ ਜਨਮ ਦਿਨ ਕੇਕ ਕੱਟਕੇ ਮਨਾਏ ਤੇ ਤੋਹਫ਼ੇ ਦਿੱਤੇ ਗਏ। ਹਰਬੰਸ ਸਿੰਘ ਸੇਠੀ ਤੇ ਸੁਦਰਸ਼ਨ ਸੇਠੀ ਦੀ ਜੋੜੀ ਨੂੰ 80ਵੇਂ ਜਨਮ ਦਿਵਸ ਤੇ ਸਾਲ ਦੇ ਕੇ ਸਨਮਾਨਤ ਕੀਤਾ ਗਿਆ। ਅਸ਼ੋਕ ਰਾਜ ਸਿੰਘ ਪੰਨੂੰ ਪ੍ਰਧਾਨ ਸੋਸਾਇਟੀ ਨੇ ਪ੍ਰਧਾਨਗੀ ਭਾਸ਼ਣ ਵਿਚ ਪੁਡਾ ਨਾਲ ਤਾਲਮੇਲ ਕਰਕੇ ਅੱਗੇ ਤੋਂ ਹਰ ਮਹੀਨੇ ਸੋਸਾਇਟੀ ਦੀ ਮੀਟਿੰਗ ਈਲਾਈਟ ਕਲੱਬ ਵਿਚ ਕਰਨ ਦੇ ਪ੍ਰਬੰਧ ਬਾਰੇ ਜਾਣਕਾਰੀ ਦਿੱਤੀ ਤੇ ਸਾਰਿਆਂ ਦਾ ਧੰਨਵਾਦ ਕੀਤਾ। ਸੋਸਾਇਟੀ ਦੇ ਜਨਰਲ ਸਕੱਤਰ ਐੱਸ.ਪੀ. ਗੋਇਲ ਨੇ ਮੁੱਖ ਮਹਿਮਾਨ ਅਤੇ ਮੈਂਬਰਾਂ ਨੂੰ ਜੀਅ ਆਇਆਂ ਕਿਹਾ ਤੇ ਮੰਚ ਸੰਚਾਲਨ ਕੀਤਾ।

## ਪ੍ਰਧਾਨ ਮੰਤਰੀ ਮੋਦੀ ਦੀ ਡਿਗਰੀ ਨਹੀਂ ਕੀਤੀ ਜਾਵੇਗੀ ਜਨਤਕ : ਦਿੱਲੀ ਹਾਈ ਕੋਰਟ

**ਨਵੀਂ ਦਿੱਲੀ, (ਪੰਜਾਬ ਮੇਲ)**- ਦਿੱਲੀ ਹਾਈ ਕੋਰਟ ਨੇ ਸੋਮਵਾਰ ਨੂੰ ਕੇਂਦਰੀ ਸੂਚਨਾ ਕਮਿਸ਼ਨ (ਸੀ.ਆਈ.ਸੀ.) ਦੇ ਉਸ ਹੁਕਮ ਨੂੰ ਰੱਦ ਕਰ ਦਿੱਤਾ, ਜਿਸ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਗ੍ਰੈਜੂਏਸ਼ਨ ਡਿਗਰੀ ਨਾਲ ਸਬੰਧਤ ਜਾਣਕਾਰੀ ਦਾ ਖੁਲਾਸਾ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ। ਜਸਟਿਸ ਸਚਿਨ ਦੱਤਾ ਨੇ ਸੀ.ਆਈ.ਸੀ. ਦੇ ਹੁਕਮ ਨੂੰ ਚੁਣੌਤੀ ਦੇਣ ਵਾਲੀ ਦਿੱਲੀ ਯੂਨੀਵਰਸਿਟੀ ਦੀ ਪਟੀਸ਼ਨ 'ਤੇ ਇਹ ਫੈਸਲਾ ਦਿੱਤਾ। ਜਸਟਿਸ ਸਚਿਨ ਦੱਤਾ ਨੇ 27 ਫਰਵਰੀ ਨੂੰ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਨੀਰਜ ਨਾਮ ਦੇ ਵਿਅਕਤੀ ਦੁਆਰਾ ਸੂਚਨਾ ਅਧਿਕਾਰ (ਆਰ.ਟੀ.ਆਈ.) ਅਰਜ਼ੀ ਤੋਂ ਬਾਅਦ, ਸੀ.ਆਈ.ਸੀ. ਨੇ 21 ਦਸੰਬਰ, 2016 ਨੂੰ 1978 ਵਿਚ ਬੀ.ਏ. (ਬੈਚਲਰ ਆਫ਼ ਆਰਟਸ) ਪ੍ਰੀਖਿਆ ਪਾਸ ਕਰਨ ਵਾਲੇ ਸਾਰੇ ਵਿਦਿਆਰਥੀਆਂ ਦੇ ਰਿਕਾਰਡ ਦੀ ਜਾਂਚ ਦੀ ਇਜਾਜ਼ਤ ਦੇ ਦਿੱਤੀ ਸੀ। ਪ੍ਰਧਾਨ ਮੰਤਰੀ ਮੋਦੀ ਨੇ ਵੀ ਇਹ ਪ੍ਰੀਖਿਆ 1978 ਵਿਚ ਪਾਸ ਕੀਤੀ ਸੀ। ਹਾਈ ਕੋਰਟ ਨੇ 23 ਜਨਵਰੀ, 2017 ਨੂੰ ਸੀ.ਆਈ.ਸੀ. ਦੇ ਹੁਕਮ 'ਤੇ ਰੋਕ ਲਗਾ ਦਿੱਤੀ ਸੀ। ਦਿੱਲੀ ਯੂਨੀਵਰਸਿਟੀ (ਡੀ.ਯੂ.) ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਦਲੀਲ ਦਿੱਤੀ ਕਿ ਸੀ.ਆਈ.ਸੀ. ਦੇ ਹੁਕਮ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ।

## ਹਾਈਕੋਰਟ ਵੱਲੋਂ ਭਾਜਪਾ ਆਗੂ ਰਣਜੀਤ ਗਿੱਲ ਦੀ ਅਗਾਊਂ ਜ਼ਮਾਨਤ ਪਟੀਸ਼ਨ ਰੱਦ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਭਾਜਪਾ ਆਗੂ ਅਤੇ ਰੀਅਲ ਅਸਟੇਟ ਕਾਰੋਬਾਰੀ ਰਣਜੀਤ ਸਿੰਘ ਗਿੱਲ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਝਟਕਾ ਲੱਗਾ ਹੈ। ਅਦਾਲਤ ਨੇ ਉਨ੍ਹਾਂ ਦੀ ਅਗਾਊਂ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ ਹੈ। ਅਦਾਲਤ ਨੇ ਕਿਹਾ ਕਿ ਕਿਸੇ ਦੋਸ਼ੀ ਨੂੰ ਪੂਰੀ ਤਰ੍ਹਾਂ ਸੁਰੱਖਿਆ ਨਹੀਂ ਦਿੱਤੀ ਜਾ ਸਕਦੀ, ਕਿਉਂਕਿ ਅਜਿਹਾ ਕਰਨਾ ਗੈਰ-ਜ਼ਮਾਨਤੀ ਅਪਰਾਧ ਕਰਨ ਵਾਲੇ ਵਿਅਕਤੀ ਵਿਰੁੱਧ ਨਿਆਂਇਕ ਸ਼ਕਤੀ ਨੂੰ ਘਟਾਉਣ ਦੇ ਬਰਾਬਰ ਹੋਵੇਗਾ। ਦੱਸਣਯੋਗ ਹੈ ਕਿ ਸਾਬਕਾ ਅਕਾਲੀ ਆਗੂ ਰਣਜੀਤ ਸਿੰਘ ਗਿੱਲ 1 ਅਗਸਤ ਨੂੰ ਭਾਜਪਾ ਵਿਚ ਸ਼ਾਮਲ ਹੋਏ ਸਨ। ਉਨ੍ਹਾਂ ਨੂੰ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨੇ ਉਨ੍ਹਾਂ ਦੇ ਘਰ 'ਤੇ ਪਾਰਟੀ ਵਿਚ ਸ਼ਾਮਲ ਕੀਤਾ। ਇਸ ਤੋਂ ਸਿਰਫ਼ 10 ਘੰਟੇ ਬਾਅਦ, ਚੰਡੀਗੜ੍ਹ ਅਤੇ ਮੋਹਾਲੀ ਵਿਚ ਉਨ੍ਹਾਂ ਦੇ ਘਰਾਂ ਅਤੇ ਹੋਰ ਥਾਵਾਂ 'ਤੇ ਵਿਜੀਲੈਂਸ ਵੱਲੋਂ ਛਾਪੇਮਾਰੀ ਕੀਤੀ ਗਈ। ਉਸ ਸਮੇਂ ਸਰਕਾਰ ਨੇ ਕਿਹਾ ਸੀ ਕਿ ਅਕਾਲੀ ਆਗੂ ਬਿਕਰਮ ਮਜੀਠੀਆ ਅਤੇ ਰਣਜੀਤ ਗਿੱਲ ਵਿਚਕਾਰ ਕਰੋੜਾਂ ਰੁਪਏ ਦੇ ਗੈਰ-ਕਾਨੂੰਨੀ ਲੈਣ-ਦੇਣ ਦੇ ਸਬੂਤ ਮਿਲੇ ਹਨ।

# ਇੰਡੋ-ਕੈਨੇਡੀਅਨ ਸੀਨੀਅਰਜ਼ ਸੈਂਟਰ ਸਰੀ-ਡੈਲਟਾ ਦੇ ਮੈਂਬਰਾਂ ਨੇ ਲਾਇਆ ਤੀਜਾ ਪਿਕਨਿਕ ਟੂਰ



**ਸਰੀ, (ਹਰਦਮ ਮਾਨ/ਪੰਜਾਬ ਮੇਲ)**- ਇੰਡੋ-ਕੈਨੇਡੀਅਨ ਸੀਨੀਅਰਜ਼ ਸੈਂਟਰ ਸਰੀ-ਡੈਲਟਾ ਦੇ ਮੈਂਬਰਾਂ ਨੇ ਬੀਤੇ ਦਿਨੀਂ ਇਸ ਸਾਲ ਦਾ ਤੀਜਾ ਪਿਕਨਿਕ ਟੂਰ ਲਾਇਆ। ਇਸ ਟੂਰ ਦੌਰਾਨ ਹੈਰੀਸਨ ਹੌਟ ਸਪਰਿੰਗ ਵਿਖੇ ਪਹੁੰਚ ਕੇ ਸਾਰੇ ਮੈਂਬਰਾਂ ਨੇ ਖੁਸ਼ੀਆਂ ਭਰੇ ਮਾਹੌਲ ਦਾ ਆਨੰਦ ਮਾਣਿਆਂ। ਸੈਂਟਰ ਦੇ ਸਕੱਤਰ ਹਰਚੰਦ ਸਿੰਘ ਅੱਚਰਵਾਲ ਨੇ ਦੱਸਿਆ ਹੈ ਕਿ ਸੈਂਟਰ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ 56 ਮੈਂਬਰ ਇਕ ਸ਼ਾਨਦਾਰ ਏ.ਸੀ. ਬੱਸ ਰਾਹੀਂ ਸਵੇਰੇ ਸੈਂਟਰ ਤੋਂ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ ਰਵਾਨਾ ਹੋਏ। ਹਰਚੰਦ ਸਿੰਘ ਗਿੱਲ ਨੇ ਰਸਤੇ ਵਿਚ ਪਿਆਰੇ ਗੀਤ-ਸੰਗੀਤ ਨਾਲ ਸਭ ਦਾ ਮਨੋਰੰਜਨ ਕੀਤਾ। ਹੈਰੀਸਨ ਹੌਟ ਸਪਰਿੰਗ ਵਿਖੇ ਪਹੁੰਚ ਕੇ ਵੱਖ-ਵੱਖ ਟੋਲੀਆਂ ਬਣਾ ਕੇ ਉਨ੍ਹਾਂ ਝੀਲ ਅਤੇ ਪਾਰਕ ਦੇ ਕੁਦਰਤੀ ਨਜ਼ਾਰਿਆਂ ਅਤੇ ਗਰਮ ਪਾਣੀ ਦੇ ਚਸ਼ਮਿਆਂ ਦਾ ਆਨੰਦ ਮਾਣਿਆਂ ਅਤੇ ਕੁਝ ਇਕ ਨੇ ਝੀਲ ਵਿਚ ਸਵਿਮਿੰਗ ਵੀ ਕੀਤੀ। ਉਪਰੰਤ ਪਾਰਕ ਵਿਚ ਰੰਗਾਰੰਗ ਪ੍ਰੋਗਰਾਮ ਰਚਾਇਆ ਗਿਆ, ਜਿਸ ਵਿਚ ਵਾਰੋ-ਵਾਰੀ ਸਾਰਿਆਂ ਨੇ ਗੀਤਾਂ ਅਤੇ ਕਵਿਤਾਵਾਂ ਦੀ ਛਹਿਬਰ ਲਾਈ। ਫਿਰ ਬੱਸ ਵਿਚ ਪਿਆਰੇ ਗੀਤਾਂ ਦਾ ਅਨੰਦ ਮਾਣਦੇ ਹੋਏ ਸ਼ਾਮ ਨੂੰ ਵਾਪਸ ਸੀਨੀਅਰ ਸੈਂਟਰ ਪਹੁੰਚੇ। ਪ੍ਰਧਾਨ ਅਵਤਾਰ ਸਿੰਘ ਢਿੱਲੋਂ ਨੇ ਇਸ ਟੂਰ ਨੂੰ ਆਨੰਦਮਈ ਬਣਾਉਣ ਲਈ ਸਾਰਿਆਂ ਦਾ ਧੰਨਵਾਦ ਕੀਤਾ।

# ਬਿਕਰਮ ਮਜੀਠੀਆ ਦੇ ਵਕੀਲਾਂ ਵੱਲੋਂ ਰਿਮਾਂਡ ਅਤੇ ਗ੍ਰਿਫ਼ਤਾਰੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਵਾਪਸ



**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਦੇ ਸਾਬਕਾ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਦੀ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਪਟੀਸ਼ਨ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਸੁਣਵਾਈ ਹੋਈ। ਸੁਣਵਾਈ ਦੌਰਾਨ, ਮਜੀਠੀਆ ਦੇ ਵਕੀਲਾਂ ਨੇ ਰਿਮਾਂਡ ਅਤੇ ਗ੍ਰਿਫਤਾਰੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਵਾਪਸ ਲੈ ਲਈ। ਇਸ ਤੋਂ ਬਾਅਦ ਅਦਾਲਤ ਨੇ ਕੇਸ ਦਾ ਨਿਪਟਾਰਾ ਕਰ ਦਿੱਤਾ। ਹੁਣ ਉਨ੍ਹਾਂ ਵੱਲੋਂ ਇੱਕ ਨਵੀਂ ਪਟੀਸ਼ਨ ਦਾਇਰ ਕੀਤੀ ਜਾਵੇਗੀ।

ਬਿਕਰਮ ਮਜੀਠੀਆ ਨੂੰ ਵਿਜੀਲੈਂਸ ਦੁਆਰਾ ਗ੍ਰਿਫ਼ਤਾਰ ਕੀਤੇ ਗਏ ਪੂਰੇ ਦੋ ਮਹੀਨੇ ਹੋ ਗਏ ਹਨ। ਉਹ ਇਸ ਵੇਲੇ ਨਵੀਂ ਨਾਭਾ ਜੇਲ੍ਹ ਵਿਚ ਬੰਦ ਹਨ। ਇਸ ਮਾਮਲੇ ਵਿਚ ਵਿਜੀਲੈਂਸ ਬਿਊਰੋ ਨੇ ਮਜੀਠੀਆ ਵਿਰੁੱਧ ਸਖ਼ਤ ਰੁਖ਼ ਅਪਣਾਇਆ ਹੈ। 23 ਅਗਸਤ ਨੂੰ ਵਿਜੀਲੈਂਸ ਬਿਊਰੋ ਨੇ ਅਦਾਲਤ ਵਿਚ ਉਨ੍ਹਾਂ ਵਿਰੁੱਧ 40 ਹਜ਼ਾਰ ਪੰਨਿਆਂ ਦੀ ਚਾਰਜਸ਼ੀਟ ਦਾਇਰ ਕੀਤੀ। ਇਸ ਚਾਰਜਸ਼ੀਟ ਵਿਚ 200 ਗਵਾਹਾਂ ਅਤੇ 700 ਕਰੋੜ ਰੁਪਏ ਦੀ ਬੇਨਾਮੀ ਜਾਇਦਾਦ ਦੇ ਵੇਰਵੇ ਹਨ। ਸਰਕਾਰੀ ਵਕੀਲ ਦਾ ਕਹਿਣਾ ਹੈ ਕਿ ਇਸ ਵਿਚ 400 ਤੋਂ ਵੱਧ ਬੈਂਕ ਖਾਤਿਆਂ ਦਾ ਜ਼ਿਕਰ ਹੈ, ਜਿਨ੍ਹਾਂ ਦੇ ਪਿਛਲੇ 10 ਸਾਲਾਂ ਦੇ ਰਿਕਾਰਡ ਦੀ ਜਾਂਚ ਕੀਤੀ ਗਈ ਹੈ।

ਬਿਕਰਮ ਸਿੰਘ ਮਜੀਠੀਆ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਤੋਂ ਇਲਾਵਾ, 2021 ਵਿਚ ਕਾਂਗਰਸ ਸਰਕਾਰ ਦੌਰਾਨ ਦਰਜ ਕੀਤੇ ਗਏ ਐੱਨ.ਡੀ.ਪੀ.ਐੱਸ. ਮਾਮਲੇ ਦੀ ਜਾਂਚ ਵੀ ਤੇਜ਼ ਹੋ ਗਈ ਹੈ। ਇਸ ਮਾਮਲੇ ਵਿਚ ਬਣਾਈ ਗਈ ਐੱਸ.ਆਈ.ਟੀ. ਨੇ ਨਾਭਾ ਜੇਲ੍ਹ ਪਹੁੰਚ ਕੇ ਮਜੀਠੀਆ ਤੋਂ ਪੁੱਛਗਿੱਛ ਕੀਤੀ। ਇਸ ਦੇ ਨਾਲ ਹੀ ਮਜੀਠੀਆ ਦੇ ਵਕੀਲਾਂ ਦਾ ਕਹਿਣਾ ਹੈ ਕਿ ਉਹ ਪੂਰੇ ਮਾਮਲੇ ਦਾ ਡੂੰਘਾਈ ਨਾਲ ਅਧਿਐਨ ਕਰਨਗੇ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com






# ਕੰਜ਼ਰਵੇਟਿਵ ਪਾਰਟੀ ਆਗੂ ਪੌਲਿਵਰ ਨੇ 80 ਫੀਸਦੀ ਵੋਟਾਂ ਨਾਲ ਜਿੱਤੀ ਸੰਸਦੀ ਚੋਣ

**■ ਖਾਤਿਆਂ 'ਚ ਨਹੀਂ ਹੋ ਰਿਹਾ ਕੋਈ ਲੈਣ-ਦੇਣ**



ਜਿੱਤ ਦੀ ਖੁਸ਼ੀ 'ਚ ਪੀਅਰ ਪੌਲਿਵਰ।

**ਕੈਲਗਰੀ, (ਪੰਜਾਬ ਮੇਲ)-** ਕੰਜ਼ਰਵੇਟਿਵ ਪਾਰਟੀ ਆਗੂ ਪੀਅਰ ਪੌਲਿਵਰ ਨੇ ਕੈਲਗਰੀ ਵਿਚਲੀ ਬੈਟਲ ਰਿਵਰ ਕਰੋਫੁੱਟ ਹਲਕੇ ਦੀ ਜ਼ਿਮਨੀ ਚੋਣ ਜਿੱਤ ਕੇ ਪਾਰਲੀਮੈਂਟ ਵਿਚ ਪਹੁੰਚ ਬਣਾ ਲਈ ਹੈ। 244 ਉਮੀਦਵਾਰਾਂ ਵੱਲੋਂ ਉਸ ਦੀਆਂ ਵੋਟਾਂ ਵੰਡ ਕੇ ਸੰਸਦੀ ਦਾਖ਼ਲੇ ਨੂੰ ਰੋਕਣ ਦੇ ਸਾਰੇ ਯਤਨ ਅਸਫ਼ਲ ਹੋ ਗਏ। ਹਲਕੇ ਦੇ 80 ਫੀਸਦੀ ਤੋਂ ਵੱਧ ਲੋਕਾਂ ਨੇ ਉਨ੍ਹਾਂ ਦੇ ਹੱਕ ਵਿਚ ਵੋਟਾਂ ਪਾਈਆਂ।

ਸੱਤਾਧਾਰੀ ਲਿਬਰਲ ਪਾਰਟੀ ਦੇ ਉਮੀਦਵਾਰ ਡਾਰਸੀ ਸਪੇਡੀ ਸਿਰਫ ਸਾਢੇ ਚਾਰੀ ਫੀਸਦ ਵੋਟਾਂ ਲੈ ਕੇ ਤੀਜੇ ਨੰਬਰ 'ਤੇ ਰਿਹਾ, ਜਦੋਂ ਕਿ ਆਜ਼ਾਦ ਉਮੀਦਵਾਰ ਬੋਨੀ ਕਰਿੱਚਲੀ 10 ਫੀਸਦੀ ਵੋਟਾਂ ਲੈ ਗਿਆ। 5600 ਵਰਗ ਕਿਲੋਮੀਟਰ ਵਿਚ ਫੈਲੇ ਇਸ ਪੇਂਡੂ ਹਲਕੇ ਵਿਚ ਚੋਣ ਮੁਹਿੰਮ ਭਖਾ ਸਕਣਾ ਪੀਅਰ ਪੌਲਿਵਰ ਲਈ ਚੁਣੌਤੀਪੂਰਨ ਰਿਹਾ ਪਰ ਉਸ ਦੀ ਮਿਹਨਤ ਰੰਗ ਲਿਆਈ।

ਅਪ੍ਰੈਲ ਵਿਚ ਹੋਈਆਂ ਆਮ ਸੰਸਦੀ ਚੋਣਾਂ ਵਿਚ ਪੌਲਿਵਰ ਓਨਟਾਰੀਓ ਵਿਚਲੇ ਪੱਕੇ ਹਲਕੇ ਕਾਰਲੈਟਨ ਤੋਂ ਹਾਰ ਗਏ ਸਨ, ਜਿਸ ਕਾਰਨ ਵਿਰੋਧੀ ਪਾਰਟੀ ਦੇ ਆਗੂ ਹੁੰਦੇ ਹੋਏ ਵੀ ਸੰਸਦ ਵਿਚ ਆਪਣਾ ਰੋਲ ਨਿਭਾਉਣ ਤੋਂ ਅਸਮਰੱਥ ਸਨ। ਅਪ੍ਰੈਲ ਚੋਣ ਵਿਚ ਉੱਕਤ ਹਲਕੇ ਤੋਂ ਜੇਤੂ ਰਹੇ ਉਸ ਦੀ ਪਾਰਟੀ ਦੇ ਮੈਂਬਰ ਡੈਮੀਅਨ ਕੁਰਕ ਨੇ ਅਸਤੀਫ਼ਾ ਦੇ ਕੇ ਪੀਅਰ ਪੌਲਿਵਰ ਨੂੰ ਜ਼ਿਮਨੀ ਚੋਣ ਲੜ ਕੇ ਪਾਰਲੀਮੈਂਟ ਵਿਚ ਪਹੁੰਚਣ ਦਾ ਮੌਕਾ ਦਿੱਤਾ ਸੀ। ਡੈਮੀਅਨ ਕੁਰਕ ਨੇ ਅਪ੍ਰੈਲ ਵਿਚ ਇਹੀ ਸੀਟ 82 ਫੀਸਦੀ ਵੋਟਾਂ ਲੈ ਕੇ ਜਿੱਤੀ ਸੀ।

ਜਿੱਤ ਤੋਂ ਬਾਦ ਪੀਅਰ ਪੌਲਿਵਰ ਨੇ ਖ਼ੁਸ਼ੀ ਦੇ ਪਲ ਸਾਂਝੇ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਜਿੱਤ ਨੇ ਸਾਬਤ ਕੀਤਾ ਹੈ ਕਿ ਸੱਚੇ ਵਿਅਕਤੀ ਦੇ ਰਾਹ ਵਿਚ ਵਿਛਾਏ ਗਏ ਅਣਗਿਣਤ ਰੋੜੇ ਵੀ ਉਸਨੂੰ ਮੰਜ਼ਿਲ 'ਤੇ ਪਹੁੰਚਣ ਤੋਂ ਨਹੀਂ ਰੋਕ ਸਕਦੇ। ਪੌਲਿਵਰ ਨੇ ਸੋਮਵਾਰ ਰਾਤ ਨੂੰ ਕੈਮਰੋਜ਼, ਅਲਬਰਟਾ ਵਿਚ ਜਿੱਤ ਦੇ ਇਕ ਜਸ਼ਨ ਵਿਚ ਹਾਜ਼ਰੀਨ ਨੂੰ ਕਿਹਾ ਕਿ ਇਸ ਇਲਾਕੇ ਦੇ ਲੋਕਾਂ ਨੂੰ ਜਾਣਨਾ ਮੇਰੀ ਜ਼ਿੰਦਗੀ ਦਾ ਸਨਮਾਨ ਰਿਹਾ ਹੈ। ਸੱਚਮੁੱਚ, ਮੈਨੂੰ ਬਹੁਤ ਮਜ਼ਾ ਆਇਆ ਹੈ। ਪੌਲਿਵਰ ਨੇ ਗਰਮੀਆਂ ਵਿਚ ਆਪਣੇ ਨਵੇਂ ਹਲਕੇ ਵਿਚ ਕਈ ਹਫ਼ਤੇ ਲੋਕਾਂ ਨੂੰ ਮਿਲਦਿਆਂ, ਸਮਾਗਮਾਂ ਵਿਚ ਸ਼ਾਮਲ ਹੁੰਦਿਆਂ ਅਤੇ ਸਥਾਨਕ ਕਾਰੋਬਾਰਾਂ ਵਿਚ ਰੁਕਦਿਆਂ ਬਿਤਾਏ। ਇਹ ਉਸੇ ਤਰ੍ਹਾਂ ਦੀ ਜ਼ਮੀਨੀ ਮੁਹਿੰਮ ਸੀ, ਜੋ ਉਸਨੇ 2004 ਵਿਚ ਚਲਾਈ ਸੀ, ਜਦੋਂ ਉਹ ਪਹਿਲੀ ਵਾਰ ਓਨਟਾਰੀਓ ਦੇ ਕਾਰਲੇਟਨ ਹਲਕੇ ਲਈ ਸੰਸਦ ਮੈਂਬਰ ਬਣਿਆ ਸੀ।

ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਜੁਲਾਈ ਵਿਚ ਇਸ ਖਾਲੀ ਹੋਏ ਹਲਕੇ ਤੋਂ ਜ਼ਿਮਨੀ ਚੋਣ ਦਾ ਐਲਾਨ ਕੀਤਾ ਗਿਆ ਤਾਂ ਪੀਅਰ ਪੌਲਿਵਰ ਨੇ ਗਰਮੀ ਦੀ ਪ੍ਰਵਾਹ ਨਾ ਕਰਦਿਆਂ ਉਦੋਂ ਤੋਂ ਹੀ ਆਪਣੀ ਚੋਣ ਮੁਹਿੰਮ ਵਿੱਢ ਲਈ ਸੀ। ਵਿਸ਼ਾਲ ਖੇਤਰ ਵਿਚ ਫੈਲੇ ਹਲਕੇ ਵਿਚ ਵੋਟਰਾਂ ਤੱਕ ਪਹੁੰਚ ਕਰਨ ਵਿਚ ਉਨ੍ਹਾਂ ਨੂੰ ਕਈ ਔਕੜਾਂ ਵੀ ਝੱਲਣੀਆਂ ਪਈਆਂ ਪਰ ਉਨ੍ਹਾਂ ਹਰੇਕ ਵੋਟਰ ਤੱਕ ਪਹੁੰਚ ਯਕੀਨੀ ਬਣਾਈ ਤੇ ਸ਼ਾਇਦ ਇਹੀ ਨੇੜਤਾ ਵੱਡੀ ਲੀਡ ਨਾਲ ਉਸਦੀ ਜਿੱਤ ਦਾ ਕਾਰਨ ਬਣੀ। ਅਪ੍ਰੈਲ ਵਾਲੀ ਹਾਰ ਤੋਂ ਬਾਅਦ ਪਾਰਟੀ ਦੇ ਅੰਦਰੋਂ ਵੀ ਪੌਲਿਵਰ ਦਾ ਵਿਰੋਧ ਹੋਣਾ ਸ਼ੁਰੂ ਹੋ ਗਿਆ ਸੀ, ਜੋ ਹੁਣ ਪੂਰੀ ਤਰ੍ਹਾਂ ਦੱਬ ਜਾਣ ਦੇ ਆਸਾਰ ਬਣ ਗਏ ਹਨ।

ਜਦੋਂ 15 ਸਤੰਬਰ ਨੂੰ ਸੰਸਦ ਮੁੜ ਸ਼ੁਰੂ ਹੋਵੇਗੀ ਤਾਂ ਪੌਲਿਵਰ ਪਹਿਲੀ ਵਾਰ ਹਾਊਸ ਆਫ਼ ਕਾਮਨਜ਼ ਵਿਚ ਪ੍ਰਧਾਨ ਮੰਤਰੀ ਮਾਰਕ ਕਾਰਨੀ ਦਾ ਸਾਹਮਣਾ ਕਰਨਗੇ। ਓਇਸਟਰ ਗਰੁੱਪ ਦੀ ਕੰਜ਼ਰਵੇਟਿਵ ਰਣਨੀਤੀਕਾਰ ਅਤੇ ਭਾਈਵਾਲ ਅਮਾਂਡਾ ਗੈਲਬ੍ਰੈਥ ਨੇ ਕਿਹਾ ਕਿ ਪੌਲਿਵਰਜ਼ ਪਹਿਲਾਂ ਹੀ ਸੰਕੇਤ ਦੇ ਚੁੱਕੇ ਹਨ ਕਿ ਉਹ ਕਿਹੜੇ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਨ ਦੀ ਯੋਜਨਾ ਬਣਾ ਰਹੇ ਹਨ। 7 ਅਗਸਤ ਨੂੰ ਇਕ ਪ੍ਰੈੱਸ ਕਾਨਫਰੰਸ ਵਿਚ ਉਨ੍ਹਾਂ ਕਿਹਾ ਕਿ ਉਹ ਵੱਡੇ ਪ੍ਰੋਜੈਕਟਾਂ ਦੇ ਵਿਕਾਸ ਨੂੰ ਤੇਜ਼ ਕਰਨ ਲਈ ਹਾਊਸ ਆਫ਼ ਕਾਮਨਜ਼ ਵਿਚ ਕੈਨੇਡੀਅਨ ਪ੍ਰਭੂਸੱਤਾ ਐਕਟ ਨਾਂ ਦਾ ਇਕ ਬਿੱਲ ਪੇਸ਼ ਕਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਕੰਜ਼ਰਵੇਟਿਵ ਕਾਰਨੀ ਤੋਂ 14 ਮਾਰਚ ਤੱਕ ਘੱਟੋ-ਘੱਟ ਦੋ ਪਾਈਪਲਾਈਨ ਪ੍ਰੋਜੈਕਟਾਂ ਇਕ ਨਵੇਂ ਕੁਦਰਤੀ ਗੈਸ ਤਰਲੀਕਰਨ ਪ੍ਰੋਜੈਕਟ ਅਤੇ ਓਨਟਾਰੀਓ ਵਿਚ ਰਿੰਗ ਆਫ਼ ਫਾਇਰ ਤੱਕ ਇਕ ਸੜਕ ਦਾ ਨਿਰਮਾਣ ਸ਼ੁਰੂ ਕਰਨ ਦੀ ਮੰਗ ਕਰ ਰਹੇ ਹਨ। ਪੌਲਿਵਰਜ਼ ਇਕ ਵਾਰ ਫਿਰ ਸੰਸਦ ਵਿਚ ਪਾਰਟੀ ਦੀ ਅਗਵਾਈ ਕਰਨ ਦੇ ਨਾਲ ਹੀ ਐਂਡਰਿਊ ਸ਼ੀਅਰ ਵਿਰੋਧੀ ਧਿਰ ਦੇ ਹਾਊਸ ਲੀਡਰ ਵਜੋਂ ਆਪਣੀ ਭੂਮਿਕਾ ਸੰਭਾਲਣਗੇ। ਪਾਰਟੀ ਦੀ ਫਰੰਟ ਲਾਈਨ ਵਿਚ ਵੀ ਬਦਲਾਅ ਹੋਣਗੇ।

# ਬਰੈਂਪਟਨ 'ਚ ਭਾਰਤੀ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ; ਦੂਜਾ ਗੰਭੀਰ ਜ਼ਖ਼ਮੀ

**■ ਬਿਸ਼ਨੋਈ ਗਰੁੱਪ ਵੱਲੋਂ ਕਤਲ ਦੀ ਜ਼ਿੰਮੇਵਾਰੀ ਲੈਣ ਦਾ ਦਾਅਵਾ**



ਮਾਰੇ ਗਏ ਨੌਜਵਾਨ ਸੋਨੂ ਚੱਠਾ ਦੀ ਫਾਈਲ ਫੋਟੋ।

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਦੇ ਸ਼ਹਿਰ ਬਰੈਂਪਟਨ 'ਚ ਅਣਪਛਾਤਿਆਂ ਨੇ ਘਰ ਵਿਚ ਦਾਖ਼ਲ ਹੋ ਕੇ ਭਾਰਤੀ ਮੂਲ ਦੇ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਹੈ। ਇਸ ਦੌਰਾਨ ਇਕ ਹੋਰ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਿਆ, ਜੋ ਹਸਪਤਾਲ ਵਿਚ ਜ਼ੇਰੇ ਇਲਾਜ ਹੈ। ਮਾਰੇ ਗਏ ਨੌਜਵਾਨ ਦੀ ਪਛਾਣ ਸੋਨੂੰ ਚੱਠਾ ਵਜੋਂ ਕੀਤੀ ਗਈ ਹੈ। ਜ਼ਖ਼ਮੀ ਹੋਇਆ ਵਿਅਕਤੀ ਵੀ ਭਾਰਤੀ ਹੈ, ਪਰ ਉਸ ਦੇ ਨਾਂਅ ਦੀ ਅਜੇ ਪੁਸ਼ਟੀ ਨਹੀਂ ਹੋਈ। ਉਧਰ ਘਟਨਾ ਤੋਂ ਕੁਝ ਘੰਟੇ ਬਾਅਦ ਬਿਸ਼ਨੋਈ ਗਰੁੱਪ ਵੱਲੋਂ ਇਸ ਕਤਲ ਦੀ ਜ਼ਿੰਮੇਵਾਰੀ ਲੈਣ ਦਾ ਦਾਅਵਾ ਕੀਤਾ ਗਿਆ ਹੈ, ਪਰ ਇਸ ਦੀ ਪੁਸ਼ਟੀ ਨਹੀਂ ਹੋ ਸਕੀ।

ਘਟਨਾ ਬਾਰੇ ਜਾਣਕਾਰੀ ਦਿੰਦੇ ਹੋਏ ਪੀਲ ਪੁਲਿਸ ਦੇ ਬੁਲਾਰੇ ਸਾਰਾਹ ਪੈਟਨ ਨੇ ਦੱਸਿਆ ਕਿ ਉਨ੍ਹਾਂ ਨੂੰ ਦੇਰ ਰਾਤ ਕੈਸਲਮੋਰ ਸੜਕ 'ਤੇ ਹੰਬਰਵੈਸਟ ਪਾਰਕਵੇਅ ਕੋਲ ਇਕ ਘਰ 'ਚ ਗੋਲੀਬਾਰੀ ਹੋਣ ਦੀ ਸੂਚਨਾ ਮਿਲੀ ਸੀ। ਪੁਲਿਸ ਮੌਕੇ 'ਤੇ ਪਹੁੰਚੀ ਤਾਂ ਦੋ ਵਿਅਕਤੀ ਗੋਲੀਆਂ ਦੇ ਜ਼ਖ਼ਮਾਂ ਕਾਰਨ ਤੜਪ ਰਹੇ ਸਨ। ਇਨ੍ਹਾਂ ਵਿਚੋਂ ਇਕ ਦੀ ਉੱਥੇ ਹੀ ਮੌਤ ਹੋ ਗਈ। ਦੂਜੇ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ, ਜਿੱਥੇ ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ।

ਪੁਲਿਸ ਮੁਤਾਬਕ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗੋਲੀਬਾਰੀ ਮਿੱਥ ਕੇ ਕੀਤੀ ਗਈ, ਜੋ ਦੋ ਧਿਰਾਂ ਦੀ ਆਪਸੀ ਰੰਜਿਸ਼ ਜਾਪਦੀ ਹੈ। ਪੁਲਿਸ ਅਧਿਕਾਰੀ ਅਨੁਸਾਰ ਘਟਨਾ ਤੋਂ ਬਾਅਦ ਅਣਪਛਾਤੇ ਮੁਲਜ਼ਮਾਂ ਦੇ ਕਾਰ ਵਿਚ ਭੱਜੇ ਹੋਣ ਦੇ ਸੰਕੇਤ ਹਨ। ਪੁਲਿਸ ਨੇ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਕੈਮਰੇ ਖੰਗਾਲਣ ਤੇ ਘਟਨਾ ਨਾਲ ਸਬੰਧਤ ਫੁਟੇਜ ਪੁਲਿਸ ਨਾਲ ਸਾਂਝੀ ਕਰਨ ਤਾਂ ਕਿ ਮੁਲਜ਼ਮਾਂ ਦੀ ਪੈੜ ਨੱਪੀ ਜਾ ਸਕੇ।

# ਪਾਕਿਸਤਾਨ ਵੱਲੋਂ ਭਾਰਤੀ ਜਹਾਜ਼ਾਂ ਲਈ ਹਵਾਈ ਖੇਤਰ 'ਤੇ ਪਾਬੰਦੀ 'ਚ 23 ਸਤੰਬਰ ਤੱਕ ਦਾ ਵਾਧਾ

**ਲਾਹੌਰ, (ਪੰਜਾਬ ਮੇਲ)-** ਪਾਕਿਸਤਾਨੀ ਅਧਿਕਾਰੀਆਂ ਨੇ ਵੀਰਵਾਰ ਨੂੰ ਭਾਰਤੀ ਜਹਾਜ਼ਾਂ ਲਈ ਆਪਣੀ ਹਵਾਈ ਖੇਤਰ ਪਾਬੰਦੀ 23 ਸਤੰਬਰ ਤੱਕ ਵਧਾ ਦਿੱਤੀ ਹੈ। ਪਾਕਿਸਤਾਨ ਹਵਾਈ ਅੱਡਾ ਅਥਾਰਿਟੀ ਨੇ ਇਕ ਤਾਜ਼ਾ ਐੱਨ.ਓ.ਟੀ.ਏ.ਐੱਮ. (ਹਵਾਈ ਕਰਮਚਾਰੀਆਂ ਨੂੰ ਨੋਟਿਸ) ਜਾਰੀ ਕਰਕੇ ਪਾਕਿਸਤਾਨ ਦੇ ਹਵਾਈ ਖੇਤਰ ਵਿਚ ਭਾਰਤੀ ਜਹਾਜ਼ਾਂ 'ਤੇ ਪਾਬੰਦੀ ਨੂੰ ਇਕ ਮਹੀਨੇ ਲਈ ਵਧਾਉਣ ਦਾ ਐਲਾਨ ਕੀਤਾ ਹੈ।

ਅਥਾਰਿਟੀ ਨੇ ਕਿਹਾ, "ਭਾਰਤੀ ਏਅਰਲਾਈਨਾਂ ਦੁਆਰਾ ਸੰਚਾਲਿਤ ਸਾਰੇ ਜਹਾਜ਼ਾਂ ਨੂੰ ਪਾਕਿਸਤਾਨੀ ਹਵਾਈ ਖੇਤਰ ਦੀ ਵਰਤੋਂ ਕਰਨ ਦੀ ਆਗਿਆ ਨਹੀਂ ਹੋਵੇਗੀ। ਇਹ ਪਾਬੰਦੀ ਉਨ੍ਹਾਂ ਫੌਜੀ ਅਤੇ ਨਾਗਰਿਕ ਜਹਾਜ਼ਾਂ ਲਈ ਵੀ ਲਾਗੂ ਹੈ, ਜੋ ਭਾਰਤ ਦੀ ਮਲਕੀਅਤ ਹਨ ਜਾਂ ਕਿਰਾਏ 'ਤੇ ਹਨ।"

ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਦੇ ਮੱਦੇਨਜ਼ਰ ਇਹ ਪਾਬੰਦੀ ਸ਼ੁਰੂ ਵਿਚ 22 ਅਪ੍ਰੈਲ ਨੂੰ ਇਕ ਮਹੀਨੇ ਲਈ ਲਗਾਈ ਗਈ ਸੀ। ਇਸ ਫ਼ੈਸਲੇ ਮਗਰੋਂ ਭਾਰਤੀ ਹਵਾਈ ਜਹਾਜ਼ਾਂ ਨੂੰ ਪਾਕਿਸਤਾਨੀ ਖੇਤਰ 'ਚ ਉੱਡਣ ਤੋਂ ਰੋਕ ਦਿੱਤਾ ਗਿਆ ਸੀ।

ਇਸ ਤੋਂ ਕੁਝ ਦਿਨ ਬਾਅਦ 30 ਅਪ੍ਰੈਲ ਨੂੰ ਭਾਰਤ ਨੇ ਪਾਕਿਸਤਾਨੀ ਜਹਾਜ਼ਾਂ ਅਤੇ ਏਅਰਲਾਈਨਾਂ ਲਈ ਹਵਾਈ ਖੇਤਰ ਬੰਦ ਕਰਕੇ ਇਸ ਪਾਬੰਦੀ ਦਾ ਮੋੜਵਾਂ ਜਵਾਬ ਦਿੱਤਾ ਸੀ। ਇਸ ਤੋਂ ਪਹਿਲਾਂ 23 ਮਈ ਨੂੰ ਪਾਬੰਦੀਆਂ ਵਧਾ ਦਿੱਤੀਆਂ ਗਈਆਂ ਸਨ।

# ਭਾਰਤ ਤੋਂ ਬਾਅਦ ਯੂਰਪੀਅਨ ਦੇਸ਼ਾਂ ਨੇ ਵੀ ਅਮਰੀਕਾ ਲਈ ਰੋਕੀ ਡਾਕ ਸੇਵਾ

**ਲੰਡਨ, (ਪੰਜਾਬ ਮੇਲ)-** ਭਾਰਤ ਤੋਂ ਬਾਅਦ ਕਈ ਯੂਰਪੀਅਨ ਦੇਸ਼ਾਂ ਨੇ ਵੀ ਅਮਰੀਕਾ ਲਈ ਡਾਕ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਹਨ। ਇਨ੍ਹਾਂ 'ਚ ਇਟਲੀ, ਬ੍ਰਿਟੇਨ, ਫਰਾਂਸ, ਜਰਮਨੀ, ਨੀਦਰਲੈਂਡ, ਆਸਟ੍ਰੀਆ ਅਤੇ ਕਈ ਹੋਰ ਦੇਸ਼ ਸ਼ਾਮਲ ਹਨ। ਸੇਵਾ ਮੁਅੱਤਲ ਕਰਨ ਦਾ ਕਾਰਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਵੇਂ ਟੈਰਿਫ ਨਿਯਮ ਹਨ।

ਅਸਲ 'ਚ ਟਰੰਪ ਪ੍ਰਸ਼ਾਸਨ ਨੇ ਇਸ ਸਾਲ 30 ਜੁਲਾਈ ਨੂੰ ਇਕ ਹੁਕਮ ਜਾਰੀ ਕੀਤਾ ਸੀ, ਜਿਸ ਵਿਚ 800 ਡਾਲਰ (70,000 ਰੁਪਏ) ਤੱਕ ਦੇ ਸਾਮਾਨ 'ਤੇ ਮਿਲਣ ਵਾਲੀ ਟੈਰਿਫ ਛੋਟ ਨੂੰ ਖਤਮ ਕਰ ਦਿੱਤਾ ਗਿਆ ਹੈ। ਇਹ ਛੋਟ 29 ਅਗਸਤ ਤੋਂ ਖਤਮ ਹੋ ਜਾਵੇਗੀ। ਯੂਰਪੀਅਨ ਡਾਕ ਸੰਗਠਨ ਪੋਸਟ ਯੂਰਪ ਤੇ ਹੋਰ ਡਾਕ ਵਿਭਾਗਾਂ ਅਨੁਸਾਰ ਨਵੇਂ ਨਿਯਮਾਂ ਬਾਰੇ ਅਜੇ ਸਪੱਸ਼ਟ ਜਾਣਕਾਰੀ ਨਹੀਂ ਮਿਲੀ ਹੈ। ਇਸ ਲਈ ਡਾਕ ਰਾਹੀਂ ਸਾਮਾਨ ਭੇਜਣ ਦੀਆਂ ਸੇਵਾਵਾਂ ਨੂੰ ਫਿਲਹਾਲ ਰੋਕਿਆ ਜਾ ਰਿਹਾ ਹੈ।

ਭਾਰਤ ਦੇ ਸੰਚਾਰ ਮੰਤਰਾਲਾ ਅਨੁਸਾਰ ਅਮਰੀਕਾ ਵੱਲੋਂ ਟੈਰਿਫ ਲਾਗੂ ਕਰਨ ਤੇ ਵਸੂਲਣ ਦੀ ਪ੍ਰਕਿਰਿਆ ਸਪੱਸ਼ਟ ਨਹੀਂ ਹੈ। ਭਾਰਤੀ ਡਾਕ ਵਿਭਾਗ ਨੇ 25 ਅਗਸਤ ਤੋਂ ਅਮਰੀਕਾ ਲਈ ਵਧੇਰੇ ਡਾਕ ਸਾਮਾਨ ਦੀ ਬੁਕਿੰਗ ਮੁਅੱਤਲ ਕਰ ਦਿੱਤੀ ਹੈ। ਇਸ ਦੇ ਨਾਲ ਹੀ ਜਰਮਨੀ ਦੀ ਡਾਇਚੇ ਪੋਸਟ ਨੇ ਕਿਹਾ ਹੈ ਕਿ ਨਿੱਜੀ ਅਤੇ ਵਪਾਰਕ ਗਾਹਕਾਂ ਲਈ ਪਾਰਸਲ ਭੇਜਣ 'ਤੇ ਆਰਜ਼ੀ ਪਾਬੰਦੀ ਲਾਈ ਗਈ ਹੈ। ਇਟਲੀ ਨੇ 23 ਅਗਸਤ ਤੋਂ ਇਸ ਸੇਵਾ 'ਤੇ ਪਾਬੰਦੀ ਲਾ ਦਿੱਤੀ ਹੈ। ਹਾਲਾਂਕਿ ਇੱਥੋਂ ਆਮ ਪੱਤਰ ਭੇਜੇ ਜਾ ਸਕਦੇ ਹਨ।

ਦੂਜੇ ਪਾਸੇ ਬ੍ਰਿਟੇਨ ਦੀ ਰਾਇਲਵੀ ਲਾਈ ਜਾਵੇਗੀ। ਟੈਰਿਫ ਇਕੱਠਾ ਕਰਨ ਦੀ ਪ੍ਰਣਾਲੀ 'ਤੇ ਸਪੱਸ਼ਟਤਾ ਦੀ ਘਾਟ ਕਾਰਨ ਫਰਾਂਸ ਤੇ ਨੀਦਰਲੈਂਡ ਨੇ ਵੀ ਇਸ ਨੂੰ ਰੋਕ ਦਿੱਤਾ ਹੈ। ਆਸਟ੍ਰੀਆ ਨੇ ਵੀ ਪਿਛਲੇ ਹਫ਼ਤੇ ਤੱਕ ਹੀ ਅਮਰੀਕਾ ਲਈ ਵਪਾਰਕ ਸ਼ਿਪਮੈਂਟ ਨੂੰ ਸਵੀਕਾਰ ਕੀ ਮੇਲ ਸਰਵਿਸ ਨੇ ਅਮਰੀਕਾ ਨੂੰ ਭੇਜੇ ਜਾਣ ਵਾਲੇ ਸਾਰੇ ਪੈਕੇਜ ਬੰਦ ਕਰ ਦਿੱਤੇ ਹਨ।

## ਯੂ.ਕੇ. ਦੇ ਸਾਬਕਾ ਪ੍ਰਧਾਨ ਮੰਤਰੀ ਸੁਨਕ ਨੂੰ ਨਸਲੀ ਧਮਕੀ ਦੇਣ ਵਾਲੇ ਵਿਅਕਤੀ ਨੂੰ 14 ਹਫਤਿਆਂ ਦੀ ਕੈਦ

**ਲੰਡਨ, (ਪੰਜਾਬ ਮੇਲ)-** ਯੂ.ਕੇ. ਦੇ ਸਾਬਕਾ ਪ੍ਰਧਾਨ ਮੰਤਰੀ ਪ੍ਰਧਾਨ ਰਿਸ਼ੀ ਸੁਨਕ ਨੂੰ ਨਸਲੀ ਧਮਕੀ ਦੇਣ ਦੇ ਮਾਮਲੇ 'ਚ ਇਕ 21 ਸਾਲਾ ਵਿਅਕਤੀ ਨੂੰ ਦੋਸ਼ੀ ਠਹਿਰਾਉਂਦਿਆਂ ਲਿਵਰਪੂਲ ਮੈਜਿਸਟ੍ਰੇਟ ਦੀ ਅਦਾਲਤ ਨੇ 14 ਹਫ਼ਤਿਆਂ ਦੀ ਕੈਦ ਦੀ ਸਜ਼ਾ ਸੁਣਾਈ ਹੈ, ਜੋ 12 ਮਹੀਨਿਆਂ ਲਈ ਮੁਲਤਵੀ ਹੈ। ਦੋਸ਼ੀ ਨੇ ਪ੍ਰਧਾਨ ਮੰਤਰੀ ਦੇ ਕਾਰਜਕਾਲ ਦੌਰਾਨ ਰਿਸ਼ੀ ਸੁਨਕ ਨੂੰ ਨਸਲੀ ਧਮਕੀ ਭਰੇ ਈ-ਮੇਲ ਪਿਛਲੇ ਸਾਲ ਜੂਨ 'ਚ ਭੇਜੇ ਸੀ।

ਯੂ.ਕੇ. ਕਰਾਊਨ ਪ੍ਰੌਸੀਕਿਊਸ਼ਨ ਸਰਵਿਸ ਨੇ ਕਿਹਾ ਕਿ ਉੱਤਰ-ਪੱਛਮੀ ਇੰਗਲੈਂਡ ਦੇ ਮਰਸੀਸਾਈਡ 'ਚ ਬਿਰਕਨਹੈਡ ਦੇ ਰਹਿਣ ਵਾਲੇ ਲੀਅਮ ਸ਼ਾਅ ਨੇ ਸਾਬਕਾ ਪ੍ਰਧਾਨ ਮੰਤਰੀ ਸੁਨਕ ਦੇ ਅਧਿਕਾਰਤ ਈ-ਮੇਲ ਪਤੇ 'ਤੇ 2 ਧਮਕੀ ਭਰੇ ਤੇ ਅਪਮਾਨਜਨਕ ਈ-ਮੇਲ ਭੇਜਣ ਦੇ ਦੋਸ਼ ਮੰਨੇ ਹਨ।

# ਗੁਰੂਗ੍ਰਾਮ ਭਾਰਤ ਦਾ ਦੂਜਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਬਣਿਆ

**ਨਵੀਂ ਦਿੱਲੀ, (ਪੰਜਾਬ ਮੇਲ)-** ਲੋਕ ਸਭਾ ਵਿਚ ਪੇਸ਼ ਕੀਤੀ ਗਈ ਇੱਕ ਰਿਪੋਰਟ ਦੇ ਅਨੁਸਾਰ, ਗੁਰੂਗ੍ਰਾਮ ਸਾਲ 2024-25 ਵਿਚ ਭਾਰਤ ਦਾ ਦੂਜਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਬਣ ਗਿਆ ਹੈ। ਇੱਥੇ ਹਵਾ ਦੀ ਗੁਣਵੱਤਾ ਕੁੱਲ 156 ਦਿਨਾਂ ਲਈ 'ਮਾੜੀ' ਜਾਂ 'ਬਹੁਤ ਮਾੜੀ' ਰਹੀ। ਇਹ ਅੰਕੜੇ ਕੇਂਦਰ ਸਰਕਾਰ ਦੇ ਰਾਸ਼ਟਰੀ ਸਾਫ਼ ਹਵਾ ਪ੍ਰੋਗਰਾਮ (ਐੱਨ.ਸੀ.ਏ.ਪੀ.) 'ਤੇ ਆਧਾਰਿਤ ਹਨ, ਜੋ ਭਾਰਤੀ ਸ਼ਹਿਰਾਂ ਵਿਚ ਹਵਾ ਪ੍ਰਦੂਸ਼ਣ ਦੇ ਵਧ ਰਹੇ ਸੰਕਟ ਨੂੰ ਦਰਸਾਉਂਦਾ ਹੈ। ਰਿਪੋਰਟ ਅਨੁਸਾਰ, ਦੇਸ਼ ਵਿਚ ਸਭ ਤੋਂ ਖਰਾਬ ਹਵਾ ਦੀ ਗੁਣਵੱਤਾ ਅਸਾਮ ਦੇ ਬਰਨੀਹਾਟ ਵਿਚ ਸੀ, ਜਿੱਥੇ ਕੁੱਲ 164 ਦਿਨਾਂ ਲਈ ਹਵਾ ਖਰਾਬ ਸੀ। ਗੁਰੂਗ੍ਰਾਮ 156 ਮਾੜੇ ਦਿਨਾਂ ਨਾਲ ਦੂਜੇ ਨੰਬਰ 'ਤੇ ਹੈ, ਜਦੋਂ ਕਿ ਪਟਨਾ 132 ਮਾੜੇ ਦਿਨਾਂ ਨਾਲ ਗੁਰੂਗ੍ਰਾਮ ਦੇ ਬਰਾਬਰ ਹੈ।

**ਪ੍ਰਦੂਸ਼ਣ ਦੇ ਮਾਮਲੇ ਵਿਚ ਚੋਟੀ ਦੇ 5 ਸ਼ਹਿਰ:**

- ਬਰਨੀਹਾਟ (ਅਸਾਮ): 164 ਮਾੜੇ ਏ.ਕਿਊ.ਆਈ. ਦਿਨ
- ਗੁਰੂਗ੍ਰਾਮ (ਹਰਿਆਣਾ): 156 ਮਾੜੇ ਏ.ਕਿਊ.ਆਈ. ਦਿਨ
- ਹਾਜੀਪੁਰ (ਬਿਹਾਰ): 150 ਮਾੜੇ ਏ.ਕਿਊ.ਆਈ. ਦਿਨ
- ਦਿੱਲੀ: 148 ਮਾੜੇ ਏ.ਕਿਊ.ਆਈ. ਦਿਨ
- ਪਟਨਾ (ਬਿਹਾਰ): 141 ਮਾੜੇ ਏ.ਕਿਊ.ਆਈ. ਦਿਨ

ਹਰਿਆਣਾ ਦੇ ਹੋਰ ਸ਼ਹਿਰਾਂ ਜਿਵੇਂ ਕਿ ਚਰਖੀ ਦਾਦਰੀ (99 ਦਿਨ), ਫਰੀਦਾਬਾਦ (98 ਦਿਨ) ਅਤੇ ਰੋਹਤਕ (80 ਦਿਨ) ਵਿਚ ਵੀ ਪ੍ਰਦੂਸ਼ਣ ਦਾ ਪੱਧਰ ਉੱਚ ਦਰਜ ਕੀਤਾ ਗਿਆ।

ਸਫਾ 1 ਦਾ ਬਾਕੀ

## ਪੰਜਾਬ 'ਚ ਹੜ੍ਹਾਂ ਦਾ ਕਹਿਰ; ਹਜ਼ਾਰਾਂ

ਇਸ ਤੋਂ ਇਲਾਵਾ ਪੰਜਾਬ ਵਿਚ ਸਥਿਤ ਭਾਖੜਾ ਅਤੇ ਪੌਂਗ ਡੈਮ ਤੋਂ ਵੀ ਪਾਣੀ ਛੱਡਿਆ ਜਾ ਰਿਹਾ ਹੈ। ਇਸ ਸਮੇਂ ਪੰਜਾਬ ਵਿਚ ਹੁਸ਼ਿਆਰਪੁਰ, ਕਪੂਰਥਲਾ, ਤਰਨ ਤਾਰਨ, ਫਿਰੋਜ਼ਪੁਰ ਅਤੇ ਫਾਜ਼ਿਲਕਾ ਵਿਚ ਵੀ ਹੜ੍ਹ ਦੀ ਸਥਿਤੀ ਗੰਭੀਰ ਬਣੀ ਹੋਈ ਹੈ।

ਉਧਰ ਭਾਰਤੀ ਫੌਜ ਦੇ ਇਕ ਹੈਲੀਕਾਪਟਰ ਨੇ ਬੁੱਧਵਾਰ ਸਵੇਰੇ ਪੰਜਾਬ ਦੇ ਹੜ੍ਹ ਪ੍ਰਭਾਵਿਤ ਪਿੰਡ ਤੋਂ ਕੇਂਦਰੀ ਰਿਜ਼ਰਵ ਪੁਲਿਸ ਫੋਰਸ (ਸੀ.ਆਰ.ਪੀ.ਐੱਫ.) ਦੇ 22 ਜਵਾਨਾਂ ਅਤੇ ਤਿੰਨ ਆਮ ਨਾਗਰਿਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਹੈ। ਰੱਖਿਆ ਬੁਲਾਰੇ ਨੇ ਦੱਸਿਆ ਕਿ ਸੀ.ਆਰ.ਪੀ.ਐੱਫ. ਦੇ ਜਵਾਨਾਂ ਅਤੇ ਨਾਗਰਿਕਾਂ ਨੇ ਇੱਕ ਇਮਾਰਤ ਵਿਚ ਪਨਾਹ ਲਈ ਹੋਈ ਸੀ ਪਰ ਉਨ੍ਹਾਂ ਨੂੰ ਉੱਥੋਂ ਸੁਰੱਖਿਅਤ ਕੱਢਣ ਮਗਰੋਂ ਕੁਝ ਦੇਰ ਬਾਅਦ ਇਮਾਰਤ ਢਹਿ ਗਈ। ਪੰਜਾਬ ਦੇ ਕਈ ਹਿੱਸਿਆਂ ਵਿਚ ਲਗਾਤਾਰ ਭਾਰੀ ਮੀਂਹ ਕਰਕੇ ਕਈ ਇਲਾਕਿਆਂ ਵਿਚ ਅਚਾਨਕ ਹੜ੍ਹ ਆ ਗਏ। ਉਧਰ ਮੀਂਹ ਕਰਕੇ ਸਤਲੁਜ, ਬਿਆਸ ਤੇ ਰਾਵੀ ਦਰਿਆ ਤੇ ਛੋਟੇ ਨਦੀ ਨਾਲਿਆਂ ਪਾਣੀ ਖ਼ਤਰੇ ਦੇ ਨਿਸ਼ਾਨ ਤੋਂ ਉੱਤੇ ਵਹਿ ਰਿਹਾ ਹੈ।

ਸਫਾ 1 ਦਾ ਬਾਕੀ

## ਟਰੱਕਰਾਂ ਲਈ ਅੰਗਰੇਜ਼ੀ ਨਿਯਮਾਂ ਨੂੰ...

ਡਫੀ ਨੇ ਕਿਹਾ ਕਿ ਜੇਕਰ ਰਾਜ 30 ਦਿਨਾਂ ਦੇ ਅੰਦਰ ਨਿਯਮਾਂ ਦੀ ਪਾਲਣਾ ਨਹੀਂ ਕਰਦੇ ਹਨ, ਤਾਂ ਉਹ ਮੋਟਰ ਕੈਰੀਅਰ ਸੁਰੱਖਿਆ ਸਹਾਇਤਾ ਪ੍ਰੋਗਰਾਮ ਤੋਂ ਪੈਸੇ ਗੁਆ ਦੇਣਗੇ - ਕੈਲੀਫੋਰਨੀਆ ਲਈ $33 ਮਿਲੀਅਨ, ਵਾਸ਼ਿੰਗਟਨ ਲਈ $10.5 ਮਿਲੀਅਨ ਅਤੇ ਨਿਊ ਮੈਕਸੀਕੋ ਲਈ $7 ਮਿਲੀਅਨ।

ਸਫਾ 1 ਦਾ ਬਾਕੀ

## ਟਰੰਪ ਦੇ ਕਰੀਬੀ ਸਰਜੀਓ ਗੋਰ ਹੋਣਗੇ ਭਾਰਤ..

ਉਸਨੇ ਜਾਰਜ ਵਾਸ਼ਿੰਗਟਨ ਯੂਨੀਵਰਸਿਟੀ ਤੋਂ ਪੜ੍ਹਾਈ ਕੀਤੀ ਅਤੇ ਰਾਸ਼ਟਰਪਤੀ ਜਾਰਜ ਡਬਲਯੂ. ਬੁਸ਼ ਦੇ ਵ੍ਹਾਈਟ ਹਾਊਸ ਵਿਚ ਵੀ ਇੰਟਰਨਸ਼ਿਪ ਕੀਤੀ। ਬਾਅਦ ਵਿਚ ਉਹ ਰਿਪਬਲਿਕਨ ਪਾਰਟੀ ਵਿਚ ਇੱਕ ਮਜ਼ਬੂਤ ਹਸਤੀ ਬਣ ਗਿਆ ਅਤੇ ਟਰੰਪ ਦੇ ਬਹੁਤ ਨੇੜੇ ਹੋ ਗਿਆ। ਟਰੰਪ ਪ੍ਰਸ਼ਾਸਨ ਦੌਰਾਨ, ਗੋਰ ਨੇ ਹਜ਼ਾਰਾਂ ਸਰਕਾਰੀ ਅਹੁਦਿਆਂ ਲਈ ਭਰਤੀ ਵਿਚ ਮੁੱਖ ਭੂਮਿਕਾ ਨਿਭਾਈ। ਉਸਨੇ ਡੋਨਾਲਡ ਟਰੰਪ ਜੂਨੀਅਰ ਨਾਲ ਇੱਕ ਪ੍ਰਕਾਸ਼ਨ ਕੰਪਨੀ ਵੀ ਸ਼ੁਰੂ ਕੀਤੀ, ਜੋ ਟਰੰਪ ਦੀਆਂ ਕਿਤਾਬਾਂ ਪ੍ਰਕਾਸ਼ਤ ਕਰਦੀ ਸੀ। ਭਾਰਤ ਵਿਚ ਉਸਦੀ ਨਿਯੁਕਤੀ ਅਜਿਹੇ ਸਮੇਂ ਹੋਈ ਹੈ, ਜਦੋਂ ਦੋਵਾਂ ਦੇਸ਼ਾਂ ਦੇ ਸਬੰਧਾਂ ਵਿਚ ਵਪਾਰਕ ਅੰਤਰ ਅਤੇ ਰਣਨੀਤਕ ਚੁਣੌਤੀਆਂ ਹਨ। ਗੋਰ ਦੇ ਏਜੰਡੇ ਵਿਚ ਚੀਨ ਵਿਰੁੱਧ ਅਮਰੀਕਾ-ਭਾਰਤ ਸਹਿਯੋਗ, ਰੂਸ-ਯੂਕਰੇਨ ਯੁੱਧ ਵਿਚ ਭਾਰਤ ਦੀ ਭੂਮਿਕਾ, ਪਾਕਿਸਤਾਨ ਨਾਲ ਅਮਰੀਕਾ ਦੇ ਸਬੰਧਾਂ ਦੇ ਪ੍ਰਭਾਵ ਅਤੇ ਤਕਨਾਲੋਜੀ ਭਾਈਵਾਲੀ (ਏ.ਆਈ., ਸੈਮੀਕੰਡਕਟਰ, ਆਦਿ) ਕੇਂਦ੍ਰਿਤ ਹੋਣ ਦੀ ਉਮੀਦ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਮੌਕੇ ਸ੍ਰੀ ਦਰਬਾਰ ਸਾਹਿਬ ਵਿਖੇ ਸਜਾਇਆ ਨਗਰ ਕੀਰਤਨ

**ਅੰਮ੍ਰਿਤਸਰ, (ਪੰਜਾਬ ਮੇਲ)**-ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਐਤਵਾਰ ਨੂੰ ਗੁਰਦੁਆਰਾ ਰਾਮਸਰ ਸਾਹਿਬ ਤੋਂ ਸ੍ਰੀ ਅਕਾਲ ਤਖਤ ਤੱਕ ਨਗਰ ਕੀਰਤਨ ਸਜਾਇਆ ਗਿਆ। ਇਸ ਸਬੰਧ ਵਿਚ ਸਵੇਰੇ ਪਹਿਲਾਂ ਗੁਰਦੁਆਰਾ ਰਾਮਸਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਗੁਰਬਾਣੀ ਦਾ ਕੀਰਤਨ ਕੀਤਾ ਗਿਆ ਅਤੇ ਹੁਕਮਨਾਮਾ ਲਿਆ ਗਿਆ।

ਪੁਰਾਤਨ ਪ੍ਰੰਪਰਾ ਮੁਤਾਬਕ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਪਾਵਨ ਸਰੂਪ ਨੂੰ ਆਪਣੇ ਸਿਰ 'ਤੇ ਪਾਲਕੀ ਤੱਕ ਲਿਆਏ ਅਤੇ ਪਾਵਨ ਸਰੂਪ ਨੂੰ ਸੁੰਦਰ ਸੁਨਹਿਰੀ ਪਾਲਕੀ ਵਿਚ ਸੁਸ਼ੋਭਿਤ ਕੀਤਾ ਗਿਆ। ਇਸ ਮੌਕੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਕਮੇਟੀ ਦੇ ਮੈਂਬਰ ਅਤੇ ਅਧਿਕਾਰੀ ਸਮੇਤ ਸੰਗਤ ਹਾਜ਼ਰ ਸਨ।

ਗੁਰਦੁਆਰਾ ਰਾਮਸਰ ਸਾਹਿਬ ਤੋਂ ਸ੍ਰੀ ਅਕਾਲ ਤਖਤ ਤੱਕ ਨਗਰ ਕੀਰਤਨ ਦੇ ਮਾਰਗ ਨੂੰ ਸੁੰਦਰ ਢੰਗ ਨਾਲ ਸਜਾਇਆ ਗਿਆ ਸੀ। ਸੰਗਤਾਂ ਦੇ ਜੈਕਾਰੇ, ਬੈਂਡ ਦੀਆਂ ਸ਼ਬਦੀ ਧੁਨਾਂ ਅਤੇ ਸੰਗਤ ਦੇ ਭਾਰੀ ਉਤਸ਼ਾਹ ਨਾਲ ਨਗਰ ਕੀਰਤਨ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੁੱਜ ਕੇ ਸੰਪੂਰਨ ਹੋਇਆ। ਇਸ ਸਬੰਧ ਵਿਚ ਐਤਵਾਰ ਨੂੰ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਜਲੌਅ ਵੀ ਸਜਾਏ ਗਏ। ਸ੍ਰੀ ਹਰਿਮੰਦਰ ਸਾਹਿਬ ਵਿਖੇ ਫੁੱਲਾਂ ਦੀ ਸੁੰਦਰ ਸਜਾਵਟ ਵੀ ਕੀਤੀ ਗਈ, ਜੋ ਕਿ ਸੰਗਤ ਦੀ ਵੱਡੀ ਖਿੱਚ ਦਾ ਕੇਂਦਰ ਰਹੀ। ਮੀਂਹ ਦੇ ਬਾਵਜੂਦ ਸੰਗਤ ਵਿਚ ਗੁਰਪੁਰਬ ਸਬੰਧੀ ਭਾਰੀ ਉਤਸ਼ਾਹ ਸੀ। ਇਸ ਸਬੰਧ ਵਿਚ ਰਾਤ ਨੂੰ ਦੀਪਮਾਲਾ ਵੀ ਹੋਈ ਅਤੇ ਆਤਿਸ਼ਬਾਜ਼ੀ ਵੀ ਚੱਲੀ। ਇਸ ਦੌਰਾਨ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਦੀਵਾਨ ਵੀ ਸਜਾਏ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖ ਕੌਮ ਨੂੰ ਇਸ ਪੁਰਬ ਦੀ ਵਧਾਈ ਦਿੰਦਿਆਂ ਸੰਦੇਸ਼ ਦਿੱਤਾ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਾਨ, ਸਤਿਕਾਰ ਅਤੇ ਆਦਰ ਨੂੰ ਧਿਆਨ ਵਿਚ ਰੱਖਦਿਆਂ ਗੁਰਬਾਣੀ ਦੇ ਆਸ਼ੇ ਅਨੁਸਾਰ ਆਪਣਾ ਜੀਵਨ ਜਿਊਣ।





ਅੰਮ੍ਰਿਤਸਰ ਵਿਚ ਐਤਵਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਜਾਏ ਗਏ ਨਗਰ ਕੀਰਤਨ ਵਿਚ ਜੁੜਿਆ ਸੰਗਤਾਂ ਦਾ ਸੈਲਾਬ।

## ਫਲੋਰਿਡਾ ਹਾਦਸਾ : ਟਰੱਕ ਡਰਾਈਵਰ ਲਈ 2.6 ਮਿਲੀਅਨ ਤੋਂ ਵੱਧ ਲੋਕਾਂ ਵੱਲੋਂ ਪਟੀਸ਼ਨ 'ਤੇ ਦਸਤਖ਼ਤ

**ਅੰਮ੍ਰਿਤਸਰ, (ਪੰਜਾਬ ਮੇਲ)**-ਫਲੋਰਿਡਾ ਵਿਚ ਇਕ ਘਾਤਕ ਹਾਦਸੇ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਭਾਰਤੀ ਮੂਲ ਦੇ ਟਰੱਕ ਡਰਾਈਵਰ ਹਰਜਿੰਦਰ ਸਿੰਘ ਲਈ ਨਿਰਪੱਖ ਸਜ਼ਾ ਦੀ ਮੰਗ ਕਰਨ ਵਾਲੀ ਇਕ ਪਟੀਸ਼ਨ ਨੂੰ ਭਾਰੀ ਹੁੰਗਾਰਾ ਮਿਲਿਆ ਹੈ, ਜਿਸ 'ਤੇ ਕੁਝ ਹੀ ਦਿਨਾਂ ਵਿਚ 2.6 ਮਿਲੀਅਨ ਤੋਂ ਵੱਧ ਪ੍ਰਮਾਣਿਤ ਦਸਤਖਤ ਹੋ ਚੁੱਕੇ ਹਨ। ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਰਤੌਲ ਦੇ ਮੂਲ ਨਿਵਾਸੀ 28 ਸਾਲਾ ਹਰਜਿੰਦਰ ਸਿੰਘ ਨੂੰ ਫਲੋਰਿਡਾ ਵਿਚ 12 ਅਗਸਤ ਨੂੰ ਇਕ ਹਾਦਸੇ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ 'ਤੇ ਕਥਿਤ ਤੌਰ 'ਤੇ ਗ਼ੈਰ-ਕਾਨੂੰਨੀ ਯੂ-ਟਰਨ ਲੈਣ ਦਾ ਦੋਸ਼ ਹੈ, ਜਿਸ ਕਾਰਨ ਇਕ ਕਾਰ ਟ੍ਰੇਲਰ ਨਾਲ ਟਕਰਾ ਗਈ ਅਤੇ ਤਿੰਨ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

## ਅਦਾਕਾਰ ਮੈਥੀਊ ਪੈਰੀ ਦੀ ਮੌਤ ਦੇ ਮਾਮਲੇ 'ਚ ਪੰਜਾਬਣ ਜਸਵੀਨ ਸੰਘਾ ਵੱਲੋਂ ਗੁਨਾਹ ਕਬੂਲ



ਜਸਵੀਨ ਸੰਘਾ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਤੇ ਬਰਤਾਨੀਆ ਦੀ ਦੋਹਰੀ ਨਾਗਰਿਕਤਾ ਰੱਖਣ ਵਾਲੀ ਪੰਜਾਬਣ 42 ਸਾਲਾ ਜਸਵੀਨ ਸੰਘਾ ਜਿਸ ਨੂੰ ਕੈਟਾਮਾਈਨ ਕੁਈਨ ਵੀ ਕਿਹਾ ਜਾਂਦਾ ਹੈ, ਨੇ 2023 ਵਿਚ ਅਦਾਕਾਰ ਮੈਥੀਊ ਪੈਰੀ ਦੀ ਓਵਰਡੋਜ਼ ਕਾਰਨ ਹੋਈ ਮੌਤ ਦੇ ਮਾਮਲੇ ਵਿਚ ਆਪਣੇ ਵਿਰੁੱਧ ਲੱਗੇ ਸੰਘੀ ਦੋਸ਼ਾਂ ਨੂੰ ਮੰਨ ਲਿਆ ਹੈ। ਇਹ ਜਾਣਕਾਰੀ ਇਸਤਗਾਸਾ ਪੱਖ ਨੇ ਦਿੱਤੀ ਹੈ। ਸੰਘਾ ਨੇ ਡਰੱਗ ਰੱਖਣ ਤੇ ਕੈਟਾਮਾਈਨ ਵੰਡਣ ਜਿਸ ਕਾਰਨ ਮੌਤ ਹੋਈ, ਸਮੇਤ ਹੋਰ ਦੋਸ਼ਾਂ ਨੂੰ ਕਬੂਲ ਕਰ ਲਿਆ ਹੈ। ਜਾਂਚਕਾਰਾਂ ਅਨੁਸਾਰ ਸੰਘਾ ਨੇ ਪੈਰੀ ਨੂੰ ਕਈ ਵਾਰ ਕੈਟਾਮਾਈਨ ਦੀ ਸਪਲਾਈ ਕੀਤੀ, ਹਾਲਾਂਕਿ ਉਹ ਜਾਣਦੀ ਸੀ ਕਿ ਅਦਾਕਾਰ ਨੂੰ ਡਰੱਗ ਦੀ ਆਦਤ ਹੈ। ਲਾਸ ਏਂਜਲਸ ਕਾਊਂਟੀ ਜਾਂਚਕਾਰ ਨੇ ਪੁਸ਼ਟੀ ਕੀਤੀ ਸੀ ਕਿ 28 ਅਕਤੂਬਰ 2023 ਨੂੰ ਪੈਰੀ ਦੀ ਮੌਤ ਦਾ ਮੁੱਢਲਾ ਕਾਰਨ ਜ਼ਹਿਰੀਲਾ ਕੈਟਾਮਾਈਨ ਸੀ। ਸੰਘਾ ਨੂੰ ਸਜ਼ਾ ਸੁਣਾਉਣ ਦੀ ਤਰੀਕ ਅਜੇ ਤੈਅ ਨਹੀਂ ਹੋਈ ਹੈ। ਇਸਤਗਾਸਾ ਪੱਖ ਅਨੁਸਾਰ ਉਸ ਨੂੰ 45 ਸਾਲ ਤੱਕ ਜੇਲ੍ਹ ਦੀ ਸਜ਼ਾ ਹੋ ਸਕਦੀ ਹੈ।

## ਐਪਸਟੀਨ ਕੇਸ 'ਚ ਟਰੰਪ ਮਗਰੋਂ ਹੁਣ ਜੁੜਿਆ ਰਾਜਕੁਮਾਰੀ ਡਾਇਨਾ ਦਾ ਨਾਂ

**ਵਾਸ਼ਿੰਗਟਨ, (ਪੰਜਾਬ ਮੇਲ)**- ਬ੍ਰਿਟੇਨ ਦੀ ਮਰਹੂਮ ਰਾਜਕੁਮਾਰੀ ਡਾਇਨਾ ਦਾ ਨਾਂ ਵੀ ਅਮਰੀਕੀ ਸੈਕਸ ਅਪਰਾਧੀ ਜੈਫਰੀ ਐਪਸਟੀਨ ਦੇ ਮਾਮਲੇ 'ਚ ਜੁੜ ਗਿਆ ਹੈ। ਦਰਅਸਲ ਜੈਫਰੀ ਐਪਸਟੀਨ ਦੀ ਸਹਿਯੋਗੀ ਗਿਸਲੇਨ ਮੈਕਸਵੈੱਲ ਨੇ ਦਾਅਵਾ ਕੀਤਾ ਹੈ ਕਿ ਲੰਡਨ ਵਿਚ ਇਕ ਸਮਾਗਮ ਵਿਚ ਰਾਜਕੁਮਾਰੀ ਡਾਇਨਾ ਨੂੰ ਐਪਸਟੀਨ ਨਾਲ ਮਿਲਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਮੈਕਸਵੈੱਲ ਨੇ ਕਿਹਾ ਕਿ ਇਹ ਸਮਾਗਮ ਡਾਇਨਾ ਦੀ ਕਰੀਬੀ ਦੋਸਤ ਰੋਜ਼ਾ ਮੋਂਕਟਨ ਵਲੋਂ ਆਯੋਜਿਤ ਕੀਤਾ ਗਿਆ ਸੀ।

ਉਸ ਨੇ ਕਿਹਾ, 'ਮੈਨੂੰ ਨਹੀਂ ਪਤਾ ਕਿ ਉਹ ਡਾਇਨਾ ਨਾਲ ਡੇਟ 'ਤੇ ਜਾਣ ਲਈ ਤਿਆਰ ਸੀ ਜਾਂ ਨਹੀਂ ਪਰ ਮੈਂ ਡਾਇਨਾ ਬਾਰੇ ਬੁਰਾ ਨਹੀਂ ਕਹਿਣਾ ਚਾਹੁੰਦੀ।' ਮੈਕਸਵੈੱਲ ਇਸ ਸਮੇਂ ਨਾਬਾਲਗਾਂ ਦੀ ਸਮੱਗਲਿੰਗ ਦੇ ਦੋਸ਼ ਵਿਚ 20 ਸਾਲ ਦੀ ਸਜ਼ਾ ਕੱਟ ਰਹੀ ਹੈ। ਇਹ ਖੁਲਾਸਾ ਟਰੰਪ ਦੇ ਐਪਸਟੀਨ ਨਾਲ ਸਬੰਧਾਂ ਦੀ ਤਾਜ਼ਾ ਜਾਂਚ ਅਤੇ ਨਿਆਂ ਵਿਭਾਗ ਦੇ ਐਪਸਟੀਨ ਜਾਂਚ ਫਾਈਲਾਂ ਦੇ ਕੁਝ ਹਿੱਸਿਆਂ ਨੂੰ ਰੋਕਣ ਦੇ ਫੈਸਲੇ ਦੀ ਆਲੋਚਨਾ ਵਿਚਕਾਰ ਆਇਆ ਹੈ। ਐਪਸਟੀਨ ਦੀ ਪ੍ਰੇਮਿਕਾ ਗਿਸਲੇਨ ਮੈਕਸਵੈੱਲ ਨੂੰ 2020 'ਚ ਗ੍ਰਿਫਤਾਰ ਕੀਤਾ ਗਿਆ ਸੀ। ਉਹ ਉਦੋਂ ਤੋਂ ਜੇਲ ਵਿਚ ਹੈ। ਉਸ ਨੂੰ 20 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਮਰੀਕੀ ਨਿਆਂ ਵਿਭਾਗ ਦੁਆਰਾ ਹਾਲ ਹੀ ਜਾਰੀ ਕੀਤੀ ਗਈ ਇਕ ਤਾਜ਼ਾ ਰਿਪੋਰਟ ਦੇ ਅਨੁਸਾਰ ਮੈਕਸਵੈੱਲ ਨੇ ਕਿਹਾ ਕਿ ਐਪਸਟੀਨ ਉਸ ਤੋਂ ਬਿਨਾਂ ਪਾਰਟੀ ਵਿਚ ਗਿਆ ਸੀ, ਇਸ ਲਈ ਉਸ ਨੂੰ ਪੂਰੀ ਜਾਣਕਾਰੀ ਨਹੀਂ ਹੈ ਕਿ ਡਾਇਨਾ ਅਤੇ ਐਪਸਟੀਨ ਮਿਲੇ ਸਨ ਜਾਂ ਨਹੀਂ ਪਰ ਇਹ ਸਮਾਗਮ ਰੋਜ਼ਾ ਮੋਂਕਟਨ ਵਲੋਂ ਆਯੋਜਿਤ ਕੀਤਾ ਗਿਆ ਸੀ।



# 6 ਸਾਲਾ ਪੁੱਤਰ ਦੇ ਕਤਲ ਲਈ ਐੱਫ.ਬੀ.ਆਈ. ਨੂੰ ਲੋੜੀਂਦੀ ਸਿੰਡੀ ਭਾਰਤ 'ਚੋਂ ਗ੍ਰਿਫ਼ਤਾਰ


- 'ਟੌਪ 10 ਅਤਿ ਲੋੜੀਂਦੇ ਭਗੌੜਿਆਂ' 'ਚ ਸ਼ਾਮਲ ਸੀ ਸਿੰਡੀ ਰੌਡਰਿੰਗਜ਼ ਸਿੰਘ
- ਐੱਫ.ਬੀ.ਆਈ. ਨੇ ਰੱਖਿਆ ਸੀ 25000 ਡਾਲਰ ਦਾ ਇਨਾਮ

**ਵਾਸ਼ਿੰਗਟਨ ਡੀਸੀ, (ਪੰਜਾਬ ਮੇਲ)**- ਅਮਰੀਕਾ ਤੇ ਭਾਰਤ ਦੀਆਂ ਕਾਨੂੰਨ ਏਜੰਸੀਆਂ ਦੀ ਸਾਂਝੇ ਯਤਨਾਂ ਸਦਕਾ ਅਮਰੀਕਾ ਦੀ ਸੰਘੀ ਜਾਂਚ ਏਜੰਸੀ (ਐੱਫ.ਬੀ.ਆਈ.) ਸਿਖਰਲੇ 10 ਅਤਿ ਲੋੜੀਂਦੇ ਭਗੌੜਿਆਂ ਵਿਚੋਂ ਇਕ ਸਿੰਡੀ ਰੌਡਰਿਗਜ਼ ਸਿੰਘ ਨੂੰ ਗ੍ਰਿਫਤਾਰ ਕਰਨ ਵਿਚ ਸਫ਼ਲ ਰਹੀ ਹੈ। ਸਿੰਡੀ ਨੂੰ ਉਸ ਦੇ 6 ਸਾਲ ਦੇ ਪੁੱਤਰ ਦੇ ਕਤਲ ਲਈ ਗ੍ਰਿਫ਼ਤਾਰ ਕੀਤਾ ਗਿਆ ਹੈ। ਏਜੰਸੀ ਮੁਤਾਬਕ ਸਿੰਡੀ ਆਪਣੇ ਪੁੱਤਰ ਦੇ ਕਤਲ ਮਗਰੋਂ ਪਿਛਲੇ ਦੋ ਸਾਲਾਂ ਤੋਂ ਭਾਰਤ ਵਿਚ ਲੁਕੀ ਹੋਈ ਸੀ।

ਐੱਫ.ਬੀ.ਆਈ. ਨੇ ਭਾਰਤੀ ਅਧਿਕਾਰੀਆਂ ਅਤੇ ਇੰਟਰਪੋਲ ਦੀ ਮਦਦ ਨਾਲ ਸਿੰਡੀ ਰੌਡਰਿਗਜ਼ ਸਿੰਘ ਨੂੰ ਭਾਰਤ ਵਿਚੋਂ ਗ੍ਰਿਫ਼ਤਾਰ ਕੀਤਾ ਹੈ। ਉਸ ਨੂੰ ਹੁਣ ਵਾਪਸ ਅਮਰੀਕਾ ਲਿਜਾਇਆ ਗਿਆ ਹੈ। ਰਿਪੋਰਟ ਅਨੁਸਾਰ ਐੱਫ.ਬੀ.ਆਈ. ਉਸ ਨੂੰ ਟੈਕਸਾਸ ਅਧਿਕਾਰੀਆਂ ਦੇ ਹਵਾਲੇ ਕਰੇਗੀ। ਐੱਫ.ਬੀ.ਆਈ. ਦੇ ਡਾਇਰੈਕਟਰ ਨੇ ਇਸ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਉਹ ਐੱਫ.ਬੀ.ਆਈ. ਦੀ 'ਟੌਪ 10 ਮੋਸਟ ਵਾਂਟੇਡ ਭਗੌੜਿਆਂ' ਸੂਚੀ ਵਿਚ ਸੀ। ਅਧਿਕਾਰੀਆਂ ਨੇ ਕਿਹਾ ਕਿ ਸਿੰਘ ਨੂੰ ਟੈਕਸਾਸ ਵਿਚ ਆਪਣੇ ਪੁੱਤਰ, ਨੋਏਲ ਅਲਵਾਰੇਜ਼ ਦੇ ਕਥਿਤ ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਐੱਫ.ਬੀ.ਆਈ. ਡਾਇਰੈਕਟਰ ਕਾਸ਼ ਪਟੇਲ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ ਸਿੰਘ ਆਪਣੇ ਛੇ ਸਾਲ ਦੇ ਪੁੱਤਰ ਦੀ ਹੱਤਿਆ ਦੇ ਦੋਸ਼ਾਂ ਵਿਚ ਲੋੜੀਂਦੀ ਸੀ। ਉਸ ਉੱਤੇ ਮੁਕੱਦਮੇ ਦੀ ਕਾਰਵਾਈ ਤੋਂ ਬਚਣ ਲਈ ਗੈਰ-ਕਾਨੂੰਨੀ ਤਰੀਕੇ ਨਾਲ ਭੱਜਣ ਤੇ 10 ਸਾਲ ਤੋਂ ਘੱਟ ਉਮਰ ਦੇ ਬੱਚੇ ਦੀ ਹੱਤਿਆ ਦਾ ਦੋਸ਼ ਹੈ।

ਕਾਸ਼ ਪਟੇਲ ਮੁਤਾਬਕ ਸਿੰਘ ਨੇ ਮਾਰਚ 2023 ਵਿਚ ਆਪਣੇ ਪੁੱਤਰ ਦੇ ਟਿਕਾਣੇ ਬਾਰੇ ਅਧਿਕਾਰੀਆਂ ਨੂੰ ਝੂਠ ਬੋਲਿਆ ਅਤੇ ਭਾਰਤ ਭੱਜ ਗਈ। ਪਟੇਲ ਨੇ ਕਿਹਾ, "ਮਾਰਚ 2023 ਵਿਚ, ਐਵਰਮੈਨ, ਟੈਕਸਾਸ ਦੇ ਅਧਿਕਾਰੀਆਂ ਨੇ ਸਿੰਘ ਦੇ ਬੱਚੇ ਦੀ ਭਾਲ ਸ਼ੁਰੂ ਕੀਤੀ, ਕਿਉਂਕਿ ਅਕਤੂਬਰ 2022 ਤੋਂ ਉਸ ਦਾ ਕੁਝ ਪਤਾ ਨਹੀਂ ਲੱਗ ਰਿਹਾ ਸੀ। ਸਿੰਘ ਨੇ ਕਥਿਤ ਤੌਰ 'ਤੇ ਅਧਿਕਾਰੀਆਂ ਨੂੰ ਉਸ ਦੇ ਟਿਕਾਣੇ ਬਾਰੇ ਝੂਠ ਬੋਲਿਆ ਅਤੇ ਫਿਰ ਦੋ ਦਿਨ ਬਾਅਦ ਭਾਰਤ ਲਈ ਇੱਕ ਉਡਾਣ ਭਰ ਗਈ। ਤੇ ਸਾਡਾ ਮੰਨਣਾ ਹੈ ਕਿ ਉਦੋਂ ਤੋਂ ਉਹ ਅਮਰੀਕਾ ਵਾਪਸ ਨਹੀਂ ਆਈ।



ਪਟੇਲ ਨੇ ਕਿਹਾ ਕਿ ਸਿੰਘ 'ਤੇ ਅਕਤੂਬਰ 2023 'ਚ ਟੈਕਸਾਸ ਦੇ ਫੋਰਟ ਵਰਥ ਵਿਚ ਟੈਰੈਂਟ ਕਾਊਂਟੀ ਜ਼ਿਲ੍ਹਾ ਅਦਾਲਤ ਵਿਚ ਦੋਸ਼ ਲਗਾਇਆ ਗਿਆ ਸੀ ਅਤੇ ਨਵੰਬਰ ਵਿਚ ਅਧਿਕਾਰੀਆਂ ਨੇ ਮੁਕੱਦਮੇ ਤੋਂ ਬਚਣ ਲਈ ਗੈਰ-ਕਾਨੂੰਨੀ ਉਡਾਣ ਦੇ ਦੋਸ਼ ਵਿਚ ਸਿੰਡੀ ਸਿੰਘ ਖਿਲਾਫ਼ ਸੰਘੀ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਸੀ।

ਕਾਸ਼ ਪਟੇਲ ਨੇ ਐੱਫ.ਬੀ.ਆਈ. ਅਤੇ ਭਾਰਤੀ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ ਜਿਸ ਕਾਰਨ ਗ੍ਰਿਫਤਾਰੀ ਹੋਈ। ਉਨ੍ਹਾਂ ਕਿਹਾ, "ਪਿਛਲੇ 7 ਮਹੀਨਿਆਂ ਵਿਚ ਗ੍ਰਿਫ਼ਤਾਰ ਕੀਤਾ ਗਿਆ ਇਹ ਚੌਥਾ '10 ਮੋਸਟ ਵਾਂਟਿਡ' ਭਗੌੜਾ ਹੈ।" ਸਿੰਡੀ ਰੌਡਰਿਗਜ਼ ਸਿੰਘ ਬਾਰੇ ਜਾਣਕਾਰੀ ਦੇਣ ਲਈ 25,000 ਅਮਰੀਕੀ ਡਾਲਰ ਤੱਕ ਦਾ ਇਨਾਮ ਰੱਖਿਆ ਗਿਆ ਸੀ। ਸਿੰਡੀ ਰੌਡਰਿਗਜ਼ ਸਿੰਘ ਦੇ ਭਾਰਤ ਅਤੇ ਮੈਕਸੀਕੋ ਨਾਲ ਸਬੰਧ ਹਨ।


# ਫਿਰੌਤੀ ਮੰਗਣ ਵਾਲੇ ਗਰੋਹ ਵੱਲੋਂ ਸਰੀ ਦੇ ਪੰਜਾਬੀ ਕਾਰੋਬਾਰੀ ਦੇ ਦਫਤਰ 'ਤੇ ਗੋਲੀਬਾਰੀ

- ਕੁਝ ਦਿਨ ਪਹਿਲਾਂ ਫੋਨ ਕਰਕੇ ਮੰਗੀ ਗਈ ਸੀ 10 ਲੱਖ ਡਾਲਰ ਦੀ ਫਿਰੌਤੀ

**ਵੈਨਕੂਵਰ, (ਪੰਜਾਬ ਮੇਲ)**- ਫਿਰੌਤੀ ਮੰਗਣ ਵਾਲੇ ਗਰੋਹ ਵੱਲੋਂ ਸਰੀ ਦੇ ਯੌਰਕ ਸੈਂਟਰ ਵਿਚ ਸਥਿਤ ਕਾਰੋਬਾਰੀ ਸਿੱਧੂ ਟ੍ਰੈਵਲ ਦੇ ਦਫਤਰ 'ਤੇ ਗੋਲੀਆਂ ਚਲਾਈਆਂ ਗਈਆਂ ਪਰ ਦਫਤਰ ਅੰਦਰ ਕਿਸੇ ਦੇ ਮੌਜੂਦ ਨਾ ਹੋਣ ਕਾਰਣ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਕਾਰੋਬਾਰੀ ਸੰਨੀ ਸਿੱਧੂ ਨੇ ਦੱਸਿਆ ਕਿ ਉਸ ਨੂੰ ਗੋਲੀਬਾਰੀ ਦਾ ਪਤਾ ਦਫਤਰ ਆ ਕੇ ਲੱਗਾ, ਜਦ ਕਈ ਸ਼ੀਸ਼ੇ ਟੁੱਟੇ ਹੋਏ ਵੇਖੇ। ਕੁੱਲ 7 ਗੋਲੀਆਂ ਦੇ ਨਿਸ਼ਾਨ ਸਨ। ਉਸ ਨੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਵੱਲੋਂ ਸੀ.ਸੀ.ਟੀ.ਵੀ. ਰਿਕਾਰਡਿੰਗ ਘੋਖਣ 'ਤੇ ਤਿੰਨ ਜਣਿਆਂ ਨੂੰ ਗੋਲੀਆਂ ਚਲਾਉਂਦੇ ਨਜ਼ਰ ਆਏ।

ਦੱਸਣਯੋਗ ਹੈ ਕਿ 128 ਸਟਰੀਟ ਤੇ 80 ਐਵੇਨਿਊ ਦੇ ਕੋਨੇ ਵਿਚ ਸਥਿਤ ਯੌਰਕ ਬਿਜ਼ਨਸ ਸੈਂਟਰ ਵਿਚ ਵੱਡੇ ਭਾਰਤੀ ਕਾਰੋਬਾਰੀਆਂ ਦਾ ਦਬਦਬਾ ਹੈ। ਸੰਨੀ ਸਿੱਧੂ ਦੇ ਟਰੈਵਲ ਸੇਵਾਵਾਂ ਦੇ ਨਾਲ-ਨਾਲ ਮਨੀ ਟਰਾਂਸਫਰ ਦਾ ਕਾਰੋਬਾਰ ਵੀ ਹੈ। ਉਸ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਉਸ ਤੋਂ ਫੋਨ 'ਤੇ 10 ਲੱਖ ਡਾਲਰ ਦੀ ਫਿਰੌਤੀ ਮੰਗੀ ਗਈ ਸੀ, ਜਿਸ ਬਾਰੇ ਉਸ ਨੇ ਪੁਲਿਸ ਨੂੰ ਸੂਚਿਤ ਕੀਤਾ, ਪਰ ਪੁਲਿਸ ਨੇ ਰਿਪੋਰਟ ਲਿਖਣ ਤੋਂ ਅੱਗੇ ਕੋਈ ਕਾਰਵਾਈ ਨਾ ਕੀਤੀ।

ਹਾਲੇ ਪਿਛਲੇ ਹਫ਼ਤੇ ਹੀ ਇੱਕ ਕਾਰ ਵਾਸ਼ ਕਾਰੋਬਾਰੀ ਦੇ ਟਿਕਾਣੇ 'ਤੇ ਗੋਲੀਬਾਰੀ ਹੋਈ ਸੀ। ਉਸ ਤੋਂ ਪਹਿਲਾਂ ਹਾਸਰਸ ਕਲਾਕਾਰ ਕਪਿਲ ਸ਼ਰਮਾ ਦੇ ਕੈਫੇ 'ਤੇ ਦੂਜੀ ਵਾਰ ਕੁਝ ਗੋਲੀਆਂ ਚੱਲੀਆਂ ਸਨ। ਪੁਲਿਸ ਦਾ ਮੰਨਣਾ ਹੈ ਕਿ ਗੋਲੀਬਾਰੀ ਫਿਰੌਤੀ ਦੇਣ ਲਈ ਡਰ ਪੈਦਾ ਕਰਨ ਵਾਸਤੇ ਕੀਤੀ ਜਾਂਦੀ ਹੈ। ਫਿਰੌਤੀ ਦੀਆਂ ਮੰਗਾਂ ਤੇ ਗੋਲੀਬਾਰੀ ਦੀਆਂ ਜ਼ਿੰਮੇਵਾਰੀਆਂ ਆਮ ਤੌਰ 'ਤੇ ਬਿਸ਼ਨੋਈ ਗੈਂਗ ਵਲੋਂ ਲਈਆਂ ਜਾਂਦੀਆਂ ਹਨ। ਬੀਤੇ ਹਫਤੇ ਪੁਲਿਸ ਨੇ ਦਾਅਵਾ ਕੀਤਾ ਸੀ ਕਿ ਉਸ ਨੇ ਫਿਰੌਤੀ ਗਰੋਹ ਦੇ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ ਪਰ ਬੀਤੀ ਰਾਤ ਵਾਲੀ ਗੋਲੀਬਾਰੀ ਦੀ ਘਟਨਾ ਤੋਂ ਭਾਰਤੀ ਕਾਰੋਬਾਰੀਆਂ ਦੇ ਮਨਾਂ ਵਿਚ ਫਿਰ ਤੋਂ ਖੌਫ਼ ਪੈਦਾ ਹੋ ਗਿਆ ਹੈ। ਉਨ੍ਹਾਂ ਦੇ ਕਾਰੋਬਾਰ ਸੁਰੱਖਿਅਤ ਨਹੀਂ ਹਨ। ਕੰਜ਼ਰਵੇਟਿਵ ਪਾਰਟੀ ਦੇ ਆਗੂ ਪੀਅਰ ਪੋਲਿਵਰ, ਬੀ.ਸੀ. ਦੇ ਮੁੱਖ ਮੰਤਰੀ, ਸਰੀ ਤੋਂ ਸੰਸਦ ਮੈਂਬਰ ਸੁੱਖ ਧਾਲੀਵਾਲ, ਸਰੀ ਦੀ ਮੇਅਰ ਲਿੰਡਾ ਹੈਪਨਰ ਅਤੇ ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਪਿਛਲੇ ਮਹੀਨੇ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਐਲਾਨਣ ਦੀ ਮੰਗ ਕੇਂਦਰ ਸਰਕਾਰ ਤੋਂ ਕਰ ਚੁੱਕੇ ਹਨ।



ਸਰੀ ਦੇ ਕਾਰੋਬਾਰੀ ਦੇ ਦਫ਼ਤਰ 'ਤੇ ਫਾਇਰਿੰਗ ਕਾਰਨ ਟੁੱਟੇ ਹੋਏ ਸ਼ੀਸ਼ੇ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# PUNJAB MAIL USA

## TV Channel, Newspaper, Radio

## All over America, Canada, Australia & Europe

**All over America, Canada, Australia & Europe**

**24 Hours 7 Days**

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

*For any Information & Advertisement Call at*

**+1-916-320-9444**



# ਖ਼ੁਦਮੁਖਤਿਆਰੀ ਗੁਆ ਰਹੀਆਂ ਪੰਚਾਇਤ ਸੰਸਥਾਵਾਂ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA





ਭਾਰਤ ਵਿਚ 6.65 ਲੱਖ ਪਿੰਡ ਹਨ। ਇਨ੍ਹਾਂ ਦੇ ਸਥਾਨਕ ਪ੍ਰਬੰਧ ਲਈ 2.68 ਲੱਖ ਗ੍ਰਾਮ ਪੰਚਾਇਤਾਂ, 674 ਜ਼ਿਲਾ ਪ੍ਰੀਸ਼ਦ ਅਤੇ 6733 ਬਲਾਕ ਸੰਮਤੀਆਂ ਹਨ। 30 ਲੱਖ ਤੋਂ ਵੱਧ ਚੁਣੇ ਹੋਏ ਪੇਂਡੂ ਨੁਮਾਇੰਦੇ ਪੂਰੇ ਦੇਸ਼ ਵਿਚ ਹਨ। ਸਥਾਨਕ ਸਰਕਾਰ ਕਹਾਉਂਦੀਆਂ ਪਿੰਡ ਪੰਚਾਇਤਾਂ, ਅਜੋਕੇ ਸਿਆਸੀ ਮਾਹੌਲ ਵਿਚ ਅਪਰਾਧੀਕਰਨ, ਬਾਹੂਬਲ, ਜਾਤੀਵਾਦ ਅਤੇ ਊਚ-ਨੀਚ ਜਿਹੀਆਂ ਕੁਰੀਤੀਆਂ ਦੀ ਜਕੜ ਵਿਚ ਹਨ ਅਤੇ ਆਪਣੀ ਅਸਲੀ ਦਿੱਖ ਗੁਆਉਂਦੀਆਂ ਜਾ ਰਹੀਆਂ ਹਨ।

ਇਹੋ ਜਿਹੇ ਹਾਲਾਤ ਵਿਚ ਕੀ ਪੰਚਾਇਤਾਂ ਆਮ ਆਦਮੀ ਦੀ ਤਾਕਤ ਬਣ ਰਹੀਆਂ ਹਨ? ਕੀ ਪੰਚਾਇਤਾਂ, ਪੇਂਡੂ ਵਿਕਾਸ ਦੀ ਚਾਲ ਤੇਜ਼ ਕਰ ਰਹੀਆਂ ਹਨ? ਕੀ ਪੰਚਾਇਤਾਂ ਚੰਗੇਰੇ ਪ੍ਰਬੰਧ, ਪਿੰਡਾਂ ਦੀ ਖੁਸ਼ਹਾਲੀ ਦਾ ਸਾਧਨ ਬਣੀਆ ਹਨ? ਜਾਂ ਕੀ ਪੰਚਾਇਤਾਂ ਸਵਰਾਜ ਨੂੰ ਅੱਗੇ ਵਧਾਉਣ ਲਈ ਕੋਈ ਸਾਰਥਿਕ ਭੂਮਿਕਾ ਨਿਭਾ ਸਕੀਆਂ ਹਨ?

ਪੰਚਾਇਤ ਨੂੰ ਲੋਕਤੰਤਰਿਕ ਵਿਕੇਂਦਰੀਕਰਨ ਦਾ ਪੂਰਕ ਮੰਨਿਆ ਗਿਆ ਹੈ। ਸਮੁੱਚਾ ਪੇਂਡੂ ਭਾਈਚਾਰਕ ਵਿਕਾਸ ਇਸਦੀ ਨੀਂਹ ਹੈ। ਇਸੇ ਅਧਾਰ 'ਤੇ ਦੇਸ਼ ਵਿਚ ਪਿੰਡਾਂ ਦਾ ਸਮੂਹਿਕ ਵਿਕਾਸ ਅਤੇ ਭਾਈਚਾਰਕ ਢਾਂਚਾ ਮਜ਼ਬੂਤ ਕਰਨ ਦਾ ਟੀਚਾ ਮਿਥਿਆ ਗਿਆ, ਪਰ ਪਿੰਡਾਂ ਦੇ ਵਿਕਾਸ ਦੇ ਹੁਣ ਤੱਕ ਦੇ ਬਹੁਤੇ ਤਜ਼ਰਬੇ ਫੇਲ੍ਹ ਹੋਏ।

ਜਿਨ੍ਹਾਂ ਪੰਚਾਇਤਾਂ ਨੂੰ ਸਿਆਸਤ ਤੋਂ ਪਰ੍ਹੇ ਰੱਖਣ ਦੀ ਗੱਲ਼ ਹੋਈ, ਉਹੀ ਪੰਚਾਇਤਾਂ ਸਿਆਸਤ ਦੇ ਪੰਜੇ 'ਚ ਹਨ। ਜਿਹੜੀਆਂ ਪੰਚਾਇਤਾਂ ਲੋਕ ਮਸਲਿਆਂ ਦੇ ਹੱਲ ਲਈ ਸਨ, ਇਹੋ ਪੰਚਾਇਤਾਂ ਲੋਕ ਸਮੱਸਿਆਵਾਂ ਦੇ ਵਾਧੇ ਦਾ ਕਾਰਨ ਬਣੀਆਂ ਹਨ। ਪੰਚਾਇਤਾਂ, ਜਿਨ੍ਹਾਂ ਨੇ ਲੋਕਤੰਤਰ ਨੂੰ ਮੋਢਾ ਦੇ ਕੇ ਥੰਮਿਆ ਹੋਇਆ ਸੀ, ਉਹ ਆਪ ਕਈ ਜੰਜਾਲਾਂ 'ਚ ਫਸੀਆਂ ਹਨ। ਚਾਹੇ ਇਹ ਜੰਜਾਲ ਵਿੱਤੀ ਸੰਕਟ ਹੋਵੇ ਜਾਂ ਧੜੇਬੰਦੀ, ਸਿਆਸੀ ਦਖਲਅੰਦਾਜ਼ੀ ਜਾਂ ਰੂੜੀਵਾਦੀ ਸੋਚ, ਅਨਪੜ੍ਹਤਾ ਜਾਂ ਜਾਤੀਵਾਦ ਦਾ ਅਸਰ ਹੋਵੇ। ਪਰ ਇਸ ਸਭ ਕੁਝ ਦੇ ਬਾਵਜੂਦ ਦੇਸ਼ ਵਿਚ ਪੰਚਾਇਤਾਂ ਦਾ ਹੋਰ ਕੋਈ ਬਦਲ ਵੀ ਨਹੀਂ ਹੈ।

ਇਸੇ ਕਰਕੇ ਪੰਚਾਇਤ ਪ੍ਰਬੰਧਨ ਅਤੇ ਪੇਂਡੂ ਵਿਕਾਸ ਦੀ ਗਤੀਸ਼ੀਲਤਾ ਲਈ ਦੇਸ਼ ਦੀ ਆਜ਼ਾਦੀ ਉਪਰੰਤ ਕਈ ਯਤਨ ਹੋਏ। ਨਵੀਆਂ ਨੀਤੀਆਂ ਘੜੀਆਂ ਗਈਆਂ। ਪੇਂਡੂ ਵਿਕਾਸ ਲਈ ਵੱਖਰੀਆਂ ਸਕੀਮਾਂ ਬਣਾਈਆਂ ਗਈਆਂ। ਬਲਵੰਤ ਰਾਏ ਮਹਿਤਾ ਕਮੇਟੀ ਦਾ ਗਠਨ, ਅਜ਼ਾਦੀ ਉਪਰੰਤ ਪਿੰਡਾਂ ਦੇ ਵਿਕਾਸ ਲਈ ਰੂਪ ਰੇਖਾ ਤਿਆਰ ਕਰਨ ਦਾ ਆਰੰਭ ਸੀ। ਪੰਚਾਇਤਾਂ ਨੂੰ ਵੱਧ ਅਧਿਕਾਰ ਮਿਲਣ, ਪੰਚਾਇਤਾਂ ਵਿੱਤੀ ਤੌਰ 'ਤੇ ਸੰਪਨ ਹੋਣ, ਪਿੰਡਾਂ ਦਾ ਪ੍ਰਸ਼ਾਸਨ ਮਜ਼ਬੂਤ ਹੋਵੇ ਅਤੇ ਉਹ ਇਕ ਸਥਾਨਕ ਸਰਕਾਰ ਵਜੋਂ ਕੰਮ ਕਰ ਸਕਣ, ਇਸ ਸੋਚ ਨੂੰ ਲੈ ਕੇ ਸਮੇਂ-ਸਮੇਂ ਸਰਕਾਰਾਂ ਦੇ ਯਤਨ ਭਾਵੇਂ ਛੁਟਿਆਏ ਨਹੀਂ ਜਾ ਸਕਦੇ ਪਰ ਪੇਂਡੂ ਵਿਕਾਸ ਦੀ ਜਿਹੜੀ ਗੂੜ੍ਹੀ ਛਾਪ ਦਿਖਣੀ ਚਾਹੀਦੀ ਸੀ, ਉਹ ਕਦੇ ਵੀ ਦਿਖ ਨਹੀਂ ਸਕੀ।

ਪਰ ਇੱਕ ਗੱਲ ਸਾਫ ਹੈ ਕਿ ਪੇਂਡੂ ਸੁਚੱਜੇ ਪ੍ਰਬੰਧਨ, ਪਿੰਡਾਂ ਦੇ ਲੋਕਾਂ ਦੇ ਅਧਿਕਾਰ ਨੂੰ ਯਕੀਨੀ ਬਨਾਉਣ ਲਈ 1997 ਦਾ ਨਾਗਰਿਕ ਘੋਸ਼ਣਾ ਪੱਤਰ (ਜਿਸ ਦਾ ਉਦੇਸ਼ ਸਾਰਵਜਨਿਕ ਸੇਵਾਵਾਂ ਵਿਚ ਪਾਰਦਰਸ਼ਤਾ ਅਤੇ ਜਵਾਬਦੇਹੀ ਲਿਆਉਣਾ ਸੀ।), 2005 ਦਾ ਸੂਚਨਾ ਅਧਿਕਾਰ, 2006 ਦੀ ਈ-ਗਵਰਨੈਂਸ ਯੋਜਨਾ ਪੇਂਡੂ ਸੁਸ਼ਾਸਨ ਨੂੰ ਸਹੀ ਦਿਸ਼ਾ ਦੇਣ ਅਤੇ ਤਾਕਤ ਦੇਣ ਲਈ ਬਣਾਈਆਂ ਗਈਆਂ। ਇਨ੍ਹਾਂ ਦੇ ਪ੍ਰਭਾਵ ਨੇ ਪਿੰਡ ਪੰਚਾਇਤਾਂ ਦੀ ਦਿੱਖ ਸੁਧਾਰੀ ਵੀ। ਸੰਵਿਧਾਨ ਦੀ 73ਵੀਂ ਸੋਧ ਨਾਲ ਪਿੰਡਾਂ ਦੀਆਂ ਪੰਚਾਇਤਾਂ ਨੂੰ ਵਧੇਰੇ ਅਧਿਕਾਰ ਦਿੱਤੇ ਜਾਣੇ ਪਾਸ ਕੀਤੇ ਗਏ। ਕੁੱਝ ਕੁ ਸੂਬਿਆਂ 'ਚ ਇਸ ਸੋਧ ਦੇ ਅਧੀਨ ਕੰਮ ਵੀ ਆਰੰਭ ਹੋਇਆ। ਇਨ੍ਹਾਂ ਦਿੱਤੇ ਅਧਿਕਾਰਾਂ 'ਚ ਸੂਬੇ ਭਰ ਦੇ 29 ਮਹਿਕਮਿਆਂ ਦੇ ਕੰਮਕਾਰ ਦੀ ਨਿਗਰਾਨੀ ਪੰਚਾਇਤਾਂ ਨੂੰ ਸੌਂਪੀ ਗਈ। ਪਰ ਇਸ ਸੋਧ ਨੂੰ ਅਮਲੀ ਤੌਰ 'ਤੇ ਨਾ ਸੂਬਿਆਂ ਦੇ ਉੱਚ ਪ੍ਰਸ਼ਾਸਨ ਨੇ ਪ੍ਰਵਾਨ ਕੀਤਾ ਅਤੇ ਨਾ ਹੀ ਸਿਆਸਤਦਾਨਾਂ ਨੇ।

ਸਿੱਟੇ ਵਜੋਂ ਜ਼ਿਲਿਆਂ 'ਚ ਬਣੀ ਸਥਾਨਕ ਸਰਕਾਰ ਜ਼ਿਲ੍ਹਾ ਪ੍ਰੀਸ਼ਦ, ਬਲਾਕਾਂ 'ਚ ਬਣੀ ਬਲਾਕ ਸੰਮਤੀ ਪੰਗੂ ਬਣਾ ਕੇ ਰੱਖ ਦਿੱਤੀ ਗਈ। ਕਿਉਂਕਿ ਸਾਰੀਆਂ ਕਾਰਜਕਾਰੀ ਸ਼ਕਤੀਆਂ ਸਰਕਾਰੀ ਨਿਯਮ ਬਣਾ ਕੇ, ਪ੍ਰਸ਼ਾਸਨ ਦੇ ਸਪੁਰਦ ਕਰ ਦਿੱਤੀਆਂ ਗਈਆਂ। ਇਸ ਸੋਧ ਅਧੀਨ ਪੰਚਾਇਤੀ ਸੰਸਥਾਵਾਂ ਵਿਚ ਔਰਤਾਂ ਲਈ ਇਕ ਤਿਹਾਈ ਰਾਖਵਾਂਕਰਨ ਕੀਤਾ ਗਿਆ। ਜੋ ਹੁਣ 50 ਫੀਸਦੀ ਹੈ। ਇਹ ਆਪਣੇ ਆਪ ਵਿਚ ਪਿਛਲੇ ਤਿੰਨ ਦਹਾਕਿਆਂ 'ਚ ਵੱਡਾ ਬਦਲਾਅ ਸੀ। ਇਸ ਨਾਲ ਗਿਣਾਤਮਕ ਤੌਰ 'ਤੇ ਔਰਤਾਂ ਦੀ ਹਿੱਸੇਦਾਰੀ ਵਧੀ। ਪਰ ਜ਼ਮੀਨੀ ਪੱਧਰ 'ਤੇ ਜੇਕਰ ਦੇਖਿਆ ਜਾਵੇ ਤਾਂ ਇਹ ਬਦਲਾਅ ਪੁਰਸ਼ ਪ੍ਰਧਾਨ ਸਮਾਜ 'ਚ ਉਹ ਸਿੱਟੇ ਨਹੀਂ ਕੱਢ ਸਕਿਆ, ਜੋ ਇਸ ਤਬਦੀਲੀ ਨਾਲ ਪਿੰਡਾਂ 'ਚ ਹੋਣੇ ਸਨ। ਉਹ ਬਰਾਬਰੀ, ਜਿਹੜੀ ਔਰਤਾਂ ਨੂੰ ਮਿਲਣੀ ਚਾਹੀਦੀ ਹੈ, ਸਮਾਜ 'ਚ ਨਹੀਂ ਮਿਲ ਸਕੀ ਅਤੇ ਪ੍ਰਬੰਧਨ ਵਿਚ ਵੀ ਉਨ੍ਹਾਂ ਦੀ ਭਾਗੀਦਾਰੀ ਯਕੀਨੀ ਨਹੀਂ ਹੋ ਸਕੀ। ਇਸ ਦਾ ਇਕ ਕਾਰਨ ਪੇਂਡੂ ਖੇਤਰ 'ਚ ਫੈਲੀ ਅਨਪੜ੍ਹਤਾ ਵੀ ਹੈ। ਸਾਲ 2011 ਦੀ ਮਰਦਮਸ਼ੁਮਾਰੀ ਅਨੁਸਾਰ ਦੇਸ਼ ਦਾ ਹਰ ਚੌਥਾ ਵਿਅਕਤੀ ਅਨਪੜ੍ਹ ਹੈ। ਅਨਪੜ੍ਹ ਔਰਤਾਂ ਦੀ ਗਿਣਤੀ ਵੱਧ ਹੈ ਅਤੇ ਪੇਂਡੂ ਖੇਤਰ 'ਚ ਤਾਂ ਇਹ ਅਨਪੜ੍ਹਤਾ ਖਾਸ ਕਰਕੇ ਔਰਤਾਂ 'ਚ ਵੱਧ ਹੈ।

ਭਾਰਤ ਸਰਕਾਰ ਦੇ 2025-26 ਦੇ ਬਜਟ ਵਿਚ ਪੇਂਡੂ ਵਿਕਾਸ ਨੂੰ ਰਫ਼ਤਾਰ ਦੇਣ ਲਈ ਕੁੱਝ ਯੋਜਨਾਵਾਂ ਉਲੀਕੀਆਂ ਗਈਆਂ ਹਨ, ਜਿਨ੍ਹਾਂ ਵਿਚ 2028 ਤੱਕ ਜਲ ਜੀਵਨ ਮਿਸ਼ਨ, ਬ੍ਰਾਡਬੈਂਡ ਸੁਵਿਧਾ ਦੇਣਾ ਵਿਸ਼ੇਸ਼ ਤੌਰ 'ਤੇ ਮਿਥਿਆ ਗਿਆ ਹੈ। ਇਨ੍ਹਾਂ ਯੋਜਨਾਵਾਂ 'ਚ ਪੇਂਡੂ ਔਰਤਾਂ, ਕਿਸਾਨਾਂ, ਹਾਸ਼ੀਏ 'ਤੇ ਪਏ ਭਾਈਚਾਰਿਆਂ ਅਤੇ ਭੂਮੀਹੀਣ ਪਰਿਵਾਰਾਂ ਨੂੰ ਰੁਜ਼ਗਾਰ ਦੀ ਪ੍ਰਾਪਤੀ ਦੇਣਾ ਸ਼ਾਮਲ ਹੈ। ਫ਼ਸਲ ਬੀਮਾ ਯੋਜਨਾ, ਰਾਸ਼ਟਰੀ ਗਵਰਨੈਂਸ ਕਾਰਜ ਅਧੀਨ ਖਾਸ ਤੌਰ 'ਤੇ ਪਿੰਡਾਂ 'ਚ ਸੇਵਾਵਾਂ ਦੇਣੀਆਂ ਮਿੱਥੀਆਂ ਗਈਆਂ, ਪਰ ਅਨਪੜ੍ਹਤਾ ਅਤੇ ਹੱਕਾਂ ਪ੍ਰਤੀ ਅਗਿਆਨਤਾ ਕਾਰਨ ਇਹ ਪੇਂਡੂ ਲੋਕਾਂ ਤੱਕ ਪੁੱਜ ਨਹੀਂ ਰਹੀਆਂ। ਪਰ ਇਸ ਸਭ ਕੁਝ ਤੋਂ ਵੀ ਵੱਡਾ ਸਵਾਲ ਇਹ ਪੈਦਾ ਹੋ ਰਿਹਾ ਹੈ ਕਿ ਕੀ ਪਿੰਡਾਂ ਦੇ ਲੋਕ ਆਜ਼ਾਦੀ ਉਪਰੰਤ ਡਰ ਰਹਿਤ ਹੋਏ ਹਨ? ਆਪਣੀ ਤਾਕਤ ਦੀ ਪਛਾਣ ਕਰ ਸਕੇ ਹਨ? ਕੀ ਉਨ੍ਹਾਂ ਵਿਚ ਹੌਂਸਲਾ ਪੈਦਾ ਹੋਇਆ ਜਾਂ ਵਧਿਆ ਹੈ? ਕੀ ਉਹ ਮਾਨਸਿਕ ਤੌਰ 'ਤੇ ਦੇਸ਼ ਭਾਰਤ ਦੇ ਵਸਨੀਕ ਹੁੰਦਿਆਂ ਆਪਣੇ ਹੱਕਾਂ, ਫ਼ਰਜ਼ਾਂ ਪ੍ਰਤੀ ਜਾਗਰੂਕ ਹੋਏ ਹਨ? ਜਾਂ ਕੀ ਉਹ ਸਿਰਫ਼ ਅਫ਼ਸਰਾਂ, ਸਿਆਸਤਦਾਨਾਂ ਜਾਂ ਕੰਮ ਕਰਾਉਣ ਵਾਲੇ ਬਚੋਲਿਆਂ 'ਤੇ ਹੀ ਨਿਰਭਰ ਹਨ? ਕਿਉਂਕਿ ਸਿਆਸੀ ਧਿਰ ਪਿੰਡਾਂ ਦੇ ਲੋਕਾਂ ਦੀਆਂ ਵੋਟਾਂ ਤਾਂ ਚਾਹੁੰਦੀ ਹੈ, ਪਰ ਉਨ੍ਹਾਂ ਨੂੰ ਸੰਵਿਧਾਨ 'ਚ ਮਿਲੇ ਅਧਿਕਾਰ ਦੇਣ ਤੋਂ ਕੰਨੀਂ ਕਤਰਾਉਂਦੀਆਂ ਹਨ।

ਪਿਛਲੀ ਪੌਣੀ ਸਦੀ ਇਸ ਗੱਲ ਦੀ ਗਵਾਹ ਹੈ ਕਿ ਆਜ਼ਾਦੀ ਦੇ ਬਾਅਦ, ਜੇਕਰ ਸਭ ਤੋਂ ਵੱਧ ਪੀੜਤ ਹਨ, ਤਾਂ ਉਹ ਪੇਂਡੂ ਹਨ। ਜੇਕਰ ਸਭ ਤੋਂ ਵੱਧ ਦੇਸ਼ ਦੀ ਆਬਾਦੀ ਦੇ ਵੱਡੇ ਹਿੱਸੇ ਨੂੰ ਗੁੰਮਰਾਹ ਕੀਤਾ ਗਿਆ ਹੈ, ਤਾਂ ਉਹ ਪੇਂਡੂ ਹਨ? ਜੇਕਰ ਸਭ ਤੋਂ ਵੱਧ ਦੇਸ਼ ਦੀ ਵੱਡੀ ਆਬਾਦੀ ਨਾਲ ਵਿਤਕਰਾ ਕੀਤਾ ਗਿਆ ਹੈ, ਤਾਂ ਉਹ ਪੇਂਡੂ ਹਨ। ਸ਼ਹਿਰਾਂ ਦੇ ਮੁਕਾਬਲੇ ਪਿੰਡਾਂ ਦਾ ਵਿਕਾਸ ਇਸ ਗੱਲ ਦਾ ਵੱਡਾ ਸਬੂਤ ਹੈ।

**ਜਿਨ੍ਹਾਂ ਪੰਚਾਇਤਾਂ ਨੂੰ ਸਿਆਸਤ ਤੋਂ ਪਰ੍ਹੇ ਰੱਖਣ ਦੀ ਗੱਲ ਹੋਈ, ਉਹੀ ਪੰਚਾਇਤਾਂ ਸਿਆਸਤ ਦੇ ਪੰਜੇ 'ਚ ਹਨ। ਜਿਹੜੀਆਂ ਪੰਚਾਇਤਾਂ ਲੋਕ ਮਸਲਿਆਂ ਦੇ ਹੱਲ ਲਈ ਸਨ, ਇਹੋ ਪੰਚਾਇਤਾਂ ਲੋਕ ਸਮੱਸਿਆਵਾਂ ਦੇ ਵਾਧੇ ਦਾ ਕਾਰਨ ਬਣੀਆਂ ਹਨ। ਪੰਚਾਇਤਾਂ, ਜਿਨ੍ਹਾਂ ਨੇ ਲੋਕਤੰਤਰ ਨੂੰ ਮੋਢਾ ਦੇ ਕੇ ਥੰਮਿਆ ਹੋਇਆ ਸੀ, ਉਹ ਆਪ ਕਈ ਜੰਜਾਲਾਂ 'ਚ ਫਸੀਆਂ ਹਨ।**

ਬੁਨਿਆਦੀ ਢਾਂਚੇ ਦੀ ਉਸਾਰੀ ਜਿੰਨੀ ਸ਼ਹਿਰਾਂ 'ਚ ਹੋਈ ਪਿੰਡਾਂ 'ਚ ਨਹੀਂ ਹੋਈ। ਵੱਡੇ ਹਸਪਤਾਲ, ਵੱਡੇ ਦਫ਼ਤਰ, ਵੱਡੇ ਸਕੂਲ, ਕਾਲਜ, ਯੂਨੀਵਰਸਿਟੀਆਂ ਪਿੰਡਾਂ 'ਚ ਕਿੰਨੇ ਹਨ? ਕਿੰਨੇ ਪੇਂਡੂ ਲੋਕਾਂ ਦੀ ਵੱਡੇ ਹਸਪਤਾਲਾਂ, ਕਾਲਜਾਂ, ਯੂਨੀਵਰਸਿਟੀਆਂ ਤੱਕ ਪਹੁੰਚ ਹੈ? ਜਾਂ ਕਿੰਨੇ ਪੇਂਡੂਆਂ ਲਈ ਇਹ ਸਹੂਲਤਾਂ ਖੁੱਲ੍ਹੀਆਂ ਹਨ?

ਬਾਵਜੂਦ ਇਸ ਦੇ ਕਿ ਦੇਸ਼ ਦੀ ਵੱਡੀ ਆਬਾਦੀ ਪੇਂਡੂ ਹੈ। ਪਿੰਡਾਂ ਵਿਚ ਜੀਵਨ ਲਈ ਲੋੜੀਦੀਆਂ ਘੱਟੋ-ਘੱਟ ਸਹੂਲਤਾਂ ਦੀ ਘਾਟ ਹੈ। ਸਾਫ਼ ਪਾਣੀ ਦੀ ਉਪਲੱਬਧਤਾ ਨਹੀਂ, ਆਵਾਜਾਈ ਦੇ ਸਾਧਨ ਨਹੀਂ, ਸਕੂਲਾਂ ਦੀ ਘਾਟ ਹੈ, ਸਿਹਤ ਸਹੂਲਤਾਂ ਨਾਂਹ ਦੇ ਬਰਾਬਰ ਹਨ। ਇਹੋ ਸਭੋ ਕੁਝ ਸੁਧਾਰਨ ਲਈ ਪਿੰਡਾਂ ਦੇ ਵਿਕਾਸ ਦੀ ਲੋੜ ਸੀ। ਪੇਂਡੂ ਲੋਕਾਂ ਨੂੰ ਹੱਕ ਪ੍ਰਦਾਨ ਕਰਨ ਲਈ, ਸਥਾਨਕ ਲੋੜਾਂ ਦੇ ਪ੍ਰਬੰਧ ਲਈ ਸਥਾਨਕ ਸਰਕਾਰਾਂ, ਜਿਨ੍ਹਾਂ ਕੋਲ ਆਪਣੇ ਅਧਿਕਾਰ ਹੋਣ ਦੀ, ਅਤਿਅੰਤ ਲੋੜ ਸੀ। ਹਾਕਮਾਂ, ਸਿਆਸਤਦਾਨਾਂ ਨੇ ਇਹ ਲੋੜ ਮਹਿਸੂਸ ਵੀ ਕੀਤੀ। ਪੇਂਡੂ ਲੋਕਾਂ ਨੂੰ ਨਿੱਤ ਨਵੀਆਂ ਸਕੀਮਾਂ ਘੜਕੇ ਸੁਪਨੇ ਵੀ ਨਵੇਂ ਵਿਖਾਵੇ। ਪਰ ਅਸਲ 'ਚ ਸਥਾਨਕ ਪ੍ਰਬੰਧ ਜੋ ਚੁਣੇ ਹੋਏ ਲੋਕ ਨੁਮਾਇੰਦਿਆਂ ਨੂੰ ਦਿੱਤਾ ਜਾਣਾ ਬਣਦਾ ਸੀ, ਉਸ ਤੋਂ ਪੇਂਡੂ ਲੋਕਾਂ ਨੂੰ ਹੁਣ ਤੱਕ ਵੀ ਵਿਰਵੇ ਰੱਖਿਆ ਗਿਆ ਹੈ, ਕੋਹਾਂ ਦੂਰ ਰੱਖਿਆ ਗਿਆ। ਕਹਿਣ ਨੂੰ ਤਾਂ ਪੇਂਡੂ ਸੰਸਥਾਵਾਂ ਦੀਆਂ ਚੋਣਾਂ ਹੁੰਦੀਆਂ ਹਨ, ਉਨ੍ਹਾਂ ਨੂੰ ਵਧੇਰੇ ਅਹਿਮੀਅਤ ਦੇਣ ਦੀ ਗੱਲ ਵੀ ਹੁੰਦੀ ਹੈ, ਪਰ ਇਹ ਸਿਆਸਤ ਦੀ ਭੇਂਟ ਚੜ੍ਹਦੀਆਂ ਹਨ।

ਭਾਰਤ ਵਿਚ ਪੰਚਾਇਤਾਂ ਦਾ ਕੰਮ ਪੂਰੀ ਤਰ੍ਹਾਂ ਸਫ਼ਲ ਨਹੀਂ ਹੋਇਆ। ਪੰਚਾਇਤਾਂ ਦੀ ਫੰਡਾਂ ਲਈ ਕੇਂਦਰ ਅਤੇ ਰਾਜ ਸਰਕਾਰਾਂ 'ਤੇ ਬਹੁਤ ਜ਼ਿਆਦਾ ਨਿਰਭਰਤਾ ਹੈ। ਉਨ੍ਹਾਂ ਕੋਲ ਆਪਣੀ ਕਮਾਈ ਦੇ ਸਾਧਨ ਨਹੀਂ ਹਨ। ਉਨ੍ਹਾਂ ਨੂੰ ਖ਼ੁਦਮੁਖਤਿਆਰ ਹੋਣ ਦਾ ਹੱਕ ਵੀ ਨਹੀਂ ਹੈ।

ਉਂਜ ਵੀ ਕਿਉਂਕਿ ਪੰਚਾਇਤ ਨੁਮਾਇੰਦਿਆਂ ਕੋਲ ਪ੍ਰਸ਼ਾਸਨਿਕ ਕੰਮ, ਬਜਟ ਪ੍ਰਬੰਧਨ, ਯੋਜਨਾਬੰਦੀ ਲਈ ਸਿਖਲਾਈ ਅਤੇ ਸਮਰੱਥਾ ਦੀ ਘਾਟ ਹੁੰਦੀ ਹੈ, ਇਸ ਕਾਰਨ ਪ੍ਰੋਗਰਾਮਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ 'ਚ ਔਖਿਆਈ ਆਉਂਦੀ ਹੈ। ਸੰਵਿਧਾਨ ਦੀ 73ਵੀਂ ਸੋਧ ਅਨੁਸਾਰ ਪਿੰਡ ਦੀ ਗ੍ਰਾਮ ਸਭਾ (ਯਾਨੀ ਪਿੰਡ ਦੇ ਵੋਟਰਾਂ ਦੀ ਸਭਾ) ਪੰਚਾਇਤੀ ਰਾਜ ਪ੍ਰਣਾਲੀ ਵਿਚ ਇੱਕ ਮਹੱਤਵਪੂਰਨ ਭੂਮਿਕਾ ਦਿੱਤੀ ਗਈ ਹੈ, ਪਰ ਅਮਲੀ ਰੂਪ ਵਿਚ ਇਸਦੀ ਭਾਗੀਦਾਰੀ ਬਹੁਤ ਘੱਟ ਹੁੰਦੀ ਹੈ। ਇਹ ਸਿਸਟਮ ਵਿਚ ਜਵਾਬਦੇਹੀ ਦੀ ਕਮੀ ਦਾ ਕਾਰਨ ਬਣਦਾ ਹੈ। ਪਿੰਡਾਂ ਦੀਆਂ ਪੰਚਾਇਤਾਂ ਦੀ ਵਿਸ਼ੇਸ਼ ਭੂਮਿਕਾ ਲੋਕਤੰਤਰ ਨੂੰ ਸਭ ਤੋਂ ਹੇਠਲੇ ਪੱਧਰ 'ਤੇ ਮਜ਼ਬੂਤ ਕਰਨਾ ਅਤੇ ਪਿੰਡਾਂ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਨੂੰ ਅੱਗੇ ਵਧਾਉਣਾ ਹੈ। ਪਰ ਅਸਲ ਅਰਥਾਂ ਵਿਚ ਪੰਚਾਇਤੀ ਤੰਤਰ ਨੂੰ ਸਿਆਸੀ-ਪ੍ਰਸ਼ਾਸਨਿਕ ਪ੍ਰਛਾਵੇਂ ਨੇ ਆਪਣੇ ਅਸਲ ਕੰਮ ਕਰਨੋਂ ਰੋਕ ਰੱਖਿਆ ਹੈ ਅਤੇ ਸਿਆਸਤ ਨੇ ਪੰਚਾਇਤੀ ਸੰਸਥਾਵਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰ ਲਿਆ ਹੈ। ਜਿਸ ਨਾਲ ਦੇਸ਼ 'ਚ ਲੋਕਤੰਤਰ ਦੀ ਦੁਰਗਤ ਹੋ ਰਹੀ ਹੈ। ਦੇਸ਼ ਦੀਆਂ ਬਾਕੀ ਖ਼ੁਦਮੁਖਤਿਆਰ ਸੰਸਥਾਵਾਂ ਨੂੰ ਜਿਵੇਂ ਸ਼ਕਤੀਹੀਣ ਕੀਤਾ ਜਾ ਰਿਹਾ ਹੈ, ਉਹੋ ਕਿਸਮ ਦਾ ਹਾਲ ਹਾਕਮ ਧਿਰਾਂ ਪੰਚਾਇਤਾਂ ਦਾ ਕਰ ਰਹੀਆਂ ਹਨ। ਭਾਵ ਸ਼ਕਤੀਆਂ ਦਾ ਕੇਂਦਰੀਕਰਨ ਕਰਕੇ ਇਨ੍ਹਾਂ ਸੰਸਥਾਵਾਂ ਨੂੰ ਰੂਹ-ਹੀਣ ਕੀਤਾ ਜਾ ਰਿਹਾ ਹੈ।

ਭਾਰਤੀ ਸੰਵਿਧਾਨ ਅਨੁਸਾਰ ਸਥਾਨਕ ਸਰਕਾਰਾਂ ਦਾ ਰੁਤਬਾ ਦੇਸ਼ ਦੀ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਵਰਗਾ ਹੈ। ਸਥਾਨਕ ਸਰਕਾਰ ਦੀ ਆਪਣੀ ਖ਼ੁਦਮੁਖਤਿਆਰ ਹੋਂਦ ਹੈ। ਪਰ ਜਦੋਂ ਤੋਂ ਸਥਾਨਕ ਸਰਕਾਰਾਂ ਕੇਂਦਰ ਤੇ ਸੂਬਾਈ ਸਰਕਾਰਾਂ ਦੀ ਵਿੱਤੀ ਸਹਾਇਤਾ ਉਤੇ ਨਿਰਭਰ ਕਰ ਦਿੱਤੀਆਂ ਗਈਆਂ, ਇਨ੍ਹਾਂ ਦੀ ਖ਼ੁਦਮੁਖਤਿਆਰ ਸੋਚ ਤੇ ਹੋਂਦ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ।

ਕਹਿਣ ਲਈ ਤਾਂ ਪੇਂਡੂ ਵੋਟਰਾਂ ਦੀ ਸਭਾ, (ਗ੍ਰਾਮ ਸਭਾ) ਜਾਂ ਚੁਣੀਆਂ ਗਈਆਂ ਪੇਂਡੂ ਪੰਚਾਇਤਾਂ ਦੇ ਅਧਿਕਾਰ ਵੱਡੇ ਹਨ, ਪਰ ਇਹ ਅਧਿਕਾਰ ਅਮਲੀ ਤੌਰ 'ਤੇ ਪੰਛੀ ਦੇ ਖੰਭਾਂ ਵਾਂਗਰ ਨੋਚੇ ਜਾ ਚੁੱਕੇ ਹਨ। ਨਿਆਂ ਸੰਬੰਧੀ ਅਤੇ ਵਿਕਾਸ ਸੰਬੰਧੀ ਅਧਿਕਾਰ, ਚੁਣੀਆਂ ਪੰਚਾਇਤਾਂ, ਜ਼ਿਲ੍ਹਾ ਪ੍ਰੀਸ਼ਦਾਂ, ਬਲਾਕ ਸੰਮਤੀਆਂ ਲਈ ਬਣਾਏ ਐਕਟਾਂ 'ਚ ਐਡੇ ਵੱਡੇ ਹਨ, ਤਾਂ ਇਵੇਂ ਲੱਗਦਾ ਹੈ ਕਿ ਚੁਣੀਆਂ ਪੇਂਡੂ ਪੰਚਾਇਤਾਂ ਅਤੇ ਹੋਰ ਪੰਚਾਇਤੀ ਸੰਸਥਾਵਾਂ ਅਧਿਕਾਰਾਂ ਅਤੇ ਧੰਨ ਨਾਲ ਮਾਲਾ-ਮਾਲ ਹਨ, ਪਰ ਅਸਲ ਅਰਥਾਂ 'ਚ ਉਹ ਪੰਚਾਇਤ ਫੰਡਾਂ 'ਚੋਂ ਸਰਕਾਰੀ ਕਰਮਚਾਰੀਆਂ, ਅਧਿਕਾਰੀਆਂ ਤੋਂ ਬਿਨ੍ਹਾਂ ਇੱਕ ਦੁਆਨੀ (ਪੈਸਾ) ਵੀ ਕਿਸੇ ਆਪਣੇ ਬਣਾਏ ਪ੍ਰਾਜੈਕਟ 'ਤੇ ਖਰਚਣ ਦਾ ਹੱਕ ਵੀ ਨਹੀਂ ਰੱਖਦੀਆਂ।

# ''ਹਿੰਡ''

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA



ਪਹਿਲੀ ਗੱਲ ਤਾਂ ਸਰਕਾਰਾਂ ਚੰਗਾ ਕੰਮ ਕਰਦੀਆਂ ਹੀ ਘੱਟ ਹਨ। ਜੇ ਭੁੱਲ-ਭੁਲੇਖੇ ਕੋਈ ਚੰਗਾ ਕੰਮ ਕਰ ਦੇਣ, ਤਾਂ ਸਾਨੂੰ ਹਜ਼ਮ ਨਹੀਂ ਹੁੰਦਾ। ਪਿਛਲੇ ਤੀਹ ਸਾਲ ਦਾ ਲੇਖਾ-ਜੋਖਾ ਕਰੀਏ ਤਾਂ ਮੁੱਖ ਤੌਰ 'ਤੇ ਚਾਰ ਕੰਮ ਚੱਜ ਦੇ ਹੋਏ ਹਨ, ਬਾਕੀ ਤਾਂ ਘਪਲੇ, ਸਕੈਮ ਅਤੇ ਪਾਰਟੀਬਾਜ਼ੀ ਕਾਰਨ ਬਦਲਾ ਖੋਰੀ ਦਾ ਡੰਕਾ ਵੱਜਿਆ। ਇਨ੍ਹਾਂ ਚਾਰਾਂ ਵਿਚੋਂ ਇਕ ਦਾ ਬੇੜਾ ਤਾਂ ਬਾਦਲ ਨੇ ਗਰਕ ਕੀਤਾ, ਜਦਕਿ ਬਾਕੀਆਂ ਦਾ ਬੇੜਾ ਗਰਕ ਅਸੀਂ ਪਬਲਿਕ ਨੇ ਕੀਤਾ। ਵੇਰਵੇ ਅਨੁਸਾਰ 1995 ਵਿਚ ਬੇਅੰਤ ਸਿੰਘ ਦੀ ਮੌਤ ਉਪਰੰਤ ਸੀ.ਐੱਮ. ਹਰਚਰਨ ਸਿੰਘ ਬਰਾੜ ਨੇ ਪੰਜਾਬ ਵਿਚ ਚਲਦੇ ਸਾਰੇ ਘੜੁੱਕੇ (ਪੀਟਰ ਰੇਹੜੇ) ਬੰਦ ਕੀਤਾ। ਲੋਕਾਂ ਨੇ ਸ਼ੁਕਰ ਮਨਾਇਆ। 1997 ਵਿਚ ਬਾਦਲ ਨੇ ਆਉਂਦੇ ਸਾਰ ਉਹ ਘੜੁੱਕੇ ਦੁਬਾਰਾ ਖੁੱਲ੍ਹਵਾ ਕੇ ਸੜਕਾਂ 'ਤੇ ਫਿਰ ਚੱਲਦੀਆਂ ਫਿਰਦੀਆਂ ਮੌਤਾਂ ਨੂੰ ਬੁਲਾਵਾ ਦਿੱਤਾ। ਦੂਜੇ ਨੰਬਰ 'ਤੇ ਮੋਦੀ ਸਾਹਿਬ ਦੀ ਸਰਕਾਰ ਨੇ ਸੜਕਾਂ ਉੱਪਰ ਹੋਣ ਵਾਲੇ ਹਾਦਸਿਆਂ ਨੂੰ ਰੋਕਣ ਵਾਸਤੇ ਦੋਸ਼ੀ ਡਰਾਈਵਰਾਂ ਨੂੰ ਸਜ਼ਾਵਾਂ ਵਧਾਉਣ ਦਾ ਕਾਨੂੰਨ ਲਿਆਂਦਾ, ਉਹ ਵੀ ਪਬਲਿਕ ਨੇ ਡਰਾਈਵਰਾਂ ਦੇ ਨਾਲ ਹੋ ਕੇ ਧਰਨੇ ਲਾ-ਲਾ ਕੇ ਕਾਨੂੰਨ ਰੱਦ ਕਰਾਇਆ। ਤੀਜਾ ਕਾਨੂੰਨ ਭਗਵੰਤ ਸਿੰਘ ਮਾਨ ਸਰਕਾਰ ਨੇ ਆਉਂਦੇ ਸਾਰ ਬਣਾਇਆ ਕਿ ਮੋਟਰਸਾਈਕਲ ਨੂੰ ਖੋਲ੍ਹ ਕੇ ਉਸ ਦੀਆਂ ਬਣਾਈਆਂ ਜੁਗਾੜੂ ਰੇਹੜੀਆਂ ਬੰਦ ਕਰਵਾਈਆਂ, ਜਿਸ ਨਾਲ ਆਮ ਲੋਕਾਂ ਅਤੇ ਛੋਟੇ ਟਰਾਂਸਪੋਰਟਰਾਂ ਨੇ ਸੁੱਖ ਦਾ ਸਾਹ ਲਿਆ ਸੀ ਪਰ ਆਮ ਲੋਕਾਂ ਨੇ ਰੇਹੜੀਆਂ ਵਾਲਿਆਂ ਦੀ ਹਮਦਰਦੀ ਖੱਟਣ ਵਾਸਤੇ ਜਾਂ ਉਨ੍ਹਾਂ ਕੋਲੋਂ ਸ਼ਾਮ ਨੂੰ ਪੈੱਗ-ਸ਼ੈੱਗ ਲਾਉਣ ਵਾਸਤੇ ਸਰਕਾਰ ਕੋਲੋਂ ਉਹ ਵੀ ਕਾਨੂੰਨ ਵਾਪਸ ਕਰਵਾ ਦਿੱਤਾ। ਚੌਥਾ ਕਾਨੂੰਨ ਹੁਣ ਲੱਖਾਂ ਬੰਦੇ ਮਰਨ ਤੋਂ ਬਾਅਦ ਸੁਪਰੀਮ ਕੋਰਟ ਨੇ ਬਣਾਇਆ, ਅਵਾਰਾ ਕੁੱਤਿਆਂ ਨੂੰ ਸ਼ੈਲਟਰ ਹੋਮ ਭੇਜਣ ਵਾਸਤੇ, ਜਿਸ ਨੂੰ ਬੰਦ ਕਰਾਉਣ ਵਾਸਤੇ ਉਹ ਸਮਾਜ ਸੇਵੀ ਵੀ ਮੋਮਬੱਤੀਆਂ ਜਗਾ ਕੇ ਸੜਕਾਂ 'ਤੇ ਫਿਰਦੇ ਵੇਖੇ, ਜਿਨ੍ਹਾਂ ਨੇ ਆਪਣੇ ਮਾਂ-ਬਾਪ, ਸੱਸ-ਸਹੁਰੇ ਜਾਂ ਵੱਡੇ ਬਜ਼ੁਰਗਾਂ ਨੂੰ ਬਿਰਧ ਆਸ਼ਰਮਾਂ ਵਿਚ ਭੇਜਿਆ ਹੋਇਆ ਹੈ ਪਰ ਕੁੱਤਿਆਂ ਵਾਸਤੇ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਰੱਦ ਕਰਵਾ ਕੇ ਬਹੁਤ ਕੱਛਾਂ ਵਜਾਈਆਂ। ਇਨ੍ਹਾਂ ਨੇ ਬਹੁਤ, ਬਹਾਦਰੀ ਖੱਟੀ। ਸਰਕਾਰੀ ਅੰਕੜਿਆਂ ਅਨੁਸਾਰ ਇੰਡੀਆ ਵਿਚ ਹਰ ਸਾਲ ਇੱਕ ਲੱਖ ਲੋਕ ਅਵਾਰਾ ਕੁੱਤਿਆਂ ਕਾਰਨ ਮੌਤ ਦੇ ਮੂੰਹ ਵਿਚ ਜਾਂਦੇ ਹਨ। ਯਾਦ ਰਹੇ ਕਿ ਪਿਛਲੇ ਸਾਲ ਭਾਰਤ ਦੇ ਉਪਰਲੇ ਸੌ ਵੱਡੇ ਕਾਰੋਬਾਰੀਆਂ ਵਿਚੋਂ ਇੱਕ ਇਨਸਾਨ ਜੋ ਬਾਘ ਬੱਕਰੀ ਚਾਹ ਦਾ ਨਿਰਮਾਤਾ ਸੀ, ਉਹ ਵੀ ਅਵਾਰਾ ਕੁੱਤੇ ਦੇ ਕਾਰਨ ਹੀ ਮੌਤ ਦੇ ਮੂੰਹ ਵਿਚ ਜਾ ਪਿਆ ਸੀ। ਹੁਣ ਵੇਖਿਉ ਘੱਟੋ-ਘੱਟ ਵੀਹ ਸਾਲ ਕਿਸੇ ਸਰਕਾਰ ਨੇ ਵੀ ਕੋਈ ਲੋਕ ਭਲਾਈ ਦਾ ਕੰਮ ਨਹੀਂ ਕਰਨਾ ਕਿਉਂਕਿ ਸਭ ਨੇ ਵੇਖ ਲਿਆ ਹੈ ਇਨ੍ਹਾਂ ਲੋਕਾਂ ਨੂੰ ਆਪਣਾ ਭਲਾ ਨਹੀਂ ਚਾਹੀਦਾ, ਸਿਰਫ ਇਨ੍ਹਾਂ ਦੀ 'ਹਿੰਡ' ਪੁੱਗਣੀ ਚਾਹੀਦੀ ਹੈ।

# ਪਾਕਿਸਤਾਨੀ ਜਨਰਲ ਮੁਨੀਰ ਦੇ ਵਾਹਯਾਤ ਬਿਆਨ



ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA


ਪਾਕਿਸਤਾਨੀ ਫੌਜ ਦੇ ਜਨਰਲ ਮੁਨੀਰ ਦਾ ਲੱਗਦਾ ਹੈ ਕਿ ਦਿਮਾਗ ਖਰਾਬ ਹੋ ਗਿਆ ਹੈ। ਉਪਰੇਸ਼ਨ ਸਿੰਧੂਰ ਤੋਂ ਬਾਅਦ ਮਿਲੀ ਫੀਲਡ ਮਾਰਸ਼ਲ ਦੀ ਤਰੱਕੀ ਉਸ ਦੇ ਸਿਰ ਨੂੰ ਚੜ੍ਹ ਗਈ ਹੈ। ਪਹਿਲਗਾਮ ਅੱਤਵਾਦੀ ਹਮਲੇ ਤੋਂ ਪਹਿਲਾਂ ਉਸ ਨੇ ਇਸਲਾਮਾਬਾਦ ਵਿਚ ਬੋਲਦੇ ਹੋਏ ਹਿੰਦੂ ਧਰਮ ਬਾਰੇ ਕੁਝ ਗਲਤ ਗੱਲਾਂ ਕਹੀਆਂ ਸਨ। ਹੁਣ ਕੁਝ ਦਿਨ ਪਹਿਲਾਂ ਆਪਣੇ ਅਮਰੀਕਾ ਦੌਰੇ ਸਮੇਂ ਉਸ ਨੇ ਬਿਆਨ ਦਿੱਤਾ ਹੈ, ਜੇ ਭਵਿੱਖ ਵਿਚ ਹੋਏ ਕਿਸੇ ਯੁੱਧ ਵਿਚ ਪਾਕਿਸਤਾਨ ਹਾਰ ਗਿਆ, ਤਾਂ ਉਹ ਆਪਣੇ ਨਾਲ ਅੱਧੀ ਦੁਨੀਆਂ ਨੂੰ ਲੈ ਬੈਠੇਗਾ। ਮਤਲਬ ਕਿ ਉਹ ਆਪਣੇ ਸਾਰੇ ਐਟਮੀ ਹਥਿਆਰ ਚਲਾ ਦੇਵੇਗਾ। ਉਸ ਦੀ ਗੱਲ ਦਾ ਮੰਤਵ ਭਾਵੇਂ ਭਾਰਤ ਨੂੰ ਧਮਕੀ ਦੇਣਾ ਹੈ ਤੇ ਪਰ ਅੱਧੇ ਸੰਸਾਰ ਵਿਚ ਚੀਨ, ਰੂਸ ਅਤੇ ਅਮਰੀਕਾ ਵੀ ਲਪੇਟਿਆ ਜਾਵੇਗਾ। ਵੈਸੇ ਸਭ ਨੂੰ ਪਤਾ ਹੈ ਕਿ ਪਾਕਿਸਤਾਨ ਕੋਲ ਐਨੀ ਦੂਰ ਮਾਰ ਕਰਨ ਵਾਲੀਆਂ ਇੰਟਰਕਾਂਟੀਨੈਂਟਲ ਮਿਜ਼ਾਈਲਾਂ ਨਹੀਂ ਹਨ। ਉਸ ਦੇ ਇਸ ਬਿਆਨ ਨੇ ਸਗੋਂ ਭਾਰਤ ਨੂੰ ਅਲਰਟ ਕਰ ਦਿੱਤਾ ਹੈ ਕਿ ਭਵਿੱਖ ਵਿਚ ਹੋਣ ਵਾਲੇ ਯੁੱਧ ਸਮੇਂ ਸਭ ਤੋਂ ਪਹਿਲਾਂ ਪਾਕਿਸਤਾਨ ਦੇ ਜੰਗੀ ਹਵਾਈ ਅੱਡੇ ਅਤੇ ਮਿਜ਼ਾਈਲ ਬੈਟਰੀਆਂ ਤਬਾਹ ਕੀਤੀਆਂ ਜਾਣ। ਮੁਨੀਰ ਦੇ ਇਸ ਬੜਬੋਲੇਪਣ ਦਾ ਕਾਰਨ ਪਾਕਿਸਤਾਨ ਦੇ ਮਿਲਟਰੀ ਇਤਿਹਾਸ ਵਿਚ ਲੱਭਦਾ ਹੈ।

ਮੁਨੀਰ ਤੋਂ ਪਹਿਲਾਂ ਵਾਲੇ ਮਿਲਟਰੀ ਡਿਕਟੇਟਰਾਂ ਦੇ ਚਾਲ ਚਰਿੱਤਰ ਨੂੰ ਘੋਖਿਆ ਜਾਵੇ, ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਨਾ ਤਾਂ ਉਨ੍ਹਾਂ ਨੂੰ ਯੁੱਧ ਨੀਤੀ, ਕੂਟਨੀਤੀ ਤੇ ਰਾਜਨੀਤੀ ਦੀ ਸਮਝ ਸੀ ਤੇ ਨਾ ਹੀ ਦੇਸ਼ ਨਾਲ ਕੋਈ ਪਿਆਰ ਸੀ। ਪਾਕਿਸਤਾਨ ਵਿਚ ਹੁਣ ਤੱਕ ਚਾਰ ਫੌਜੀ ਤਾਨਾਸ਼ਾਹ ਬਣੇ ਹਨ ਤੇ ਚਾਰਾਂ ਨੇ ਹੀ ਪਾਕਿਸਤਾਨ ਨੂੰ ਬਰਬਾਦ ਕਰਨ ਵਿਚ ਕੋਈ ਕਸਰ ਨਹੀਂ ਸੀ ਛੱਡੀ। ਪਹਿਲਾ ਜਨਰਲ ਅਯੂਬ ਖਾਨ ਸੀ, ਜਿਸ ਨੇ 1958 ਤੋਂ 1969 ਤੱਕ ਰਾਜ ਕੀਤਾ। ਉਸ ਨੇ 5 ਅਗਸਤ 1965 ਵਾਲੇ ਦਿਨ ਬਿਨਾਂ ਕਿਸੇ ਭੜਕਾਹਟ ਦੇ ਭਾਰਤ 'ਤੇ ਹਮਲਾ ਕਰ ਦਿੱਤਾ ਸੀ, ਜਿਸ ਦੌਰਾਨ ਸਿਰਫ 48 ਦਿਨਾਂ ਵਿਚ (ਯੁੱਧ ਸਮਾਪਤੀ 23 ਸਤੰਬਰ 1965) ਪਾਕਿਸਤਾਨੀ ਫੌਜ ਤਬਾਹੋ ਬਰਬਾਦ ਹੋ ਗਈ ਸੀ। ਤਤਕਾਲੀ ਪ੍ਰਧਾਨ ਮੰਤਰੀ ਸ਼੍ਰੀ ਲਾਲ ਬਹਾਦਰ ਸ਼ਾਸ਼ਤਰੀ ਦੀ ਸਯੋਗ ਅਗਵਾਈ ਹੇਠ ਭਾਰਤ ਦੀਆਂ ਫੌਜਾਂ ਲਾਹੌਰ ਦੇ ਦਰਵਾਜ਼ੇ ਤੱਕ ਪਹੁੰਚ ਗਈਆਂ ਸਨ। ਦੂਸਰਾ ਫੌਜੀ ਤਾਨਾਸ਼ਾਹ ਜਨਰਲ ਯਾਹੀਆ ਖਾਨ ਸੀ, ਜਿਸ ਨੇ 1969 ਤੋਂ ਲੈ ਕੇ ਦਸੰਬਰ 1971 ਤੱਕ ਰਾਜ ਕੀਤਾ ਸੀ। ਉਸ ਦੇ ਰਾਜ ਕਾਲ ਦੌਰਾਨ ਭਾਰਤ ਨਾਲ 1971 ਦੀ ਜੰਗ ਹੋਈ, ਜਿਸ ਦੇ ਫਲਸਵਰੂਪ ਪਾਕਿਸਤਾਨ ਦੋ ਟੁਕੜਿਆਂ ਵਿਚ ਵੰਡਿਆ ਗਿਆ ਸੀ। ਤੀਸਰਾ ਤਾਨਾਸ਼ਾਹ ਜਨਰਲ ਜ਼ਿਆ ਉਲ ਹੱਕ ਸੀ, ਜਿਸ ਨੇ 16 ਸਤੰਬਰ 1978 ਤੋਂ ਲੈ ਕੇ ਹਵਾਈ ਹਾਦਸੇ ਵਿਚ ਮਰਨ ਤੱਕ 17 ਅਗਸਤ 1988 ਤੱਕ ਰਾਜ ਕੀਤਾ। ਇਸ ਨੇ ਪਾਕਿਸਤਾਨ ਨੂੰ ਜ਼ਿਹਾਦੀ ਪੈਦਾ ਕਰਨ ਵਾਲੀ ਇੱਕ ਫੈਕਟਰੀ ਵਿਚ ਤਬਦੀਲ ਕਰ ਦਿੱਤਾ ਸੀ। ਪੰਜਾਬ ਅਤੇ ਕਸ਼ਮੀਰ ਵਿਚ ਅੱਤਵਾਦ ਪੈਦਾ ਕਰਨ ਦਾ ਜ਼ਿੰਮੇਵਾਰ ਉਹ ਹੀ ਸੀ।

ਚੌਥਾ ਤਾਨਾਸ਼ਾਹ ਜਨਰਲ ਪ੍ਰਵੇਜ਼ ਮੁਸ਼ੱਰਫ ਸੀ, ਜਿਸ ਨੇ 20 ਜੂਨ 2001 ਤੋਂ ਲੈ ਕੇ 18 ਅਗਸਤ 2008 ਤੱਕ ਰਾਜ ਕੀਤਾ। ਉਹ ਤਾਨਾਸ਼ਾਹ ਬਣਨ ਤੋਂ ਪਹਿਲਾਂ ਹੀ 3 ਮਈ 1999 ਤੋਂ ਜੁਲਾਈ 1999 ਤੱਕ ਚੱਲੀ ਕਾਰਗਿਲ ਜੰਗ ਵਿਚ ਭਾਰਤ ਹੱਥੋਂ ਕਰਾਰੀ ਹਾਰ ਤੇ ਜ਼ਿੱਲਤ ਝੱਲ ਚੁੱਕਾ ਸੀ। ਪਰ ਉਸ ਦੀਆਂ ਗਲਤ ਆਰਥਿਕ ਨੀਤੀਆਂ ਨੇ ਪਾਕਿਸਤਾਨ ਨੂੰ ਸਦਾ ਲਈ ਇੱਕ ਭਿਖਾਰੀ ਤੇ ਦੁਨੀਆਂ ਭਰ ਦੇ ਅੱਤਵਾਦੀਆਂ ਨੂੰ ਟਰੇਨਿੰਗ ਦੇਣ ਵਾਲਾ ਦੇਸ਼ ਬਣਾ ਦਿੱਤਾ। ਮੁਨੀਰ ਦੀ ਬੋਲ ਬਾਣੀ ਤੋਂ ਇਹ ਲੱਗ ਰਿਹਾ ਹੈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੀ ਸੱਤਾ ਦੇ ਦਿਨ ਗਿਣਤੀ ਦੇ ਹੀ ਬਚੇ ਹਨ।





ਪਰ ਜਿਹੜੀ ਗੱਲ ਮੁਨੀਰ ਨੂੰ ਪਿਛਲੇ ਫੌਜੀ ਤਾਨਾਸ਼ਾਹਾਂ ਨਾਲੋਂ ਵੱਖ ਕਰਦੀ ਹੈ, ਉਹ ਹੈ ਇਸ ਵੱਲੋਂ ਭਾਰਤ ਦੇ ਖਿਲਾਫ ਕੀਤੀ ਜਾ ਰਹੀ ਬੇਹੱਦ ਭੜਕਾਊ ਤੇ ਅਹਿਮਕਾਨਾ ਬਿਆਨਬਾਜ਼ੀ ਜੋ ਉਪਰੇਸ਼ਨ ਸਿੰਧੂਰ ਵਿਚ ਮਾਰ ਖਾਣ ਤੋਂ ਬਾਅਦ ਹੋਰ ਤਿੱਖੀ ਹੋ ਗਈ ਹੈ। ਮੁਨੀਰ ਸੋਚਦਾ ਹੈ ਕਿ ਕਿਸਮਤ ਉਸ 'ਤੇ ਬਾਕੀ ਤਾਨਾਸ਼ਾਹਾਂ ਨਾਲੋਂ ਜ਼ਿਆਦਾ ਮਿਹਰਬਾਨ ਰਹੇਗੀ, ਜਿਸ ਕਾਰਨ ਉਹ ਪਵਿੱਤਰ ਕੁਰਾਨ ਦੀਆਂ ਆਇਤਾਂ ਦੀ ਗਲਤ ਵਿਆਖਿਆ ਕਰ ਕੇ ਕਥਿਤ ਕਾਫਰਾਂ ਖਿਲਾਫ ਸੈਨਿਕ ਕਾਰਵਾਈ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਾਕਿਸਤਾਨੀ ਫੌਜ ਵਿਚ ਘੁਸਰ-ਮੁਸਰ ਚੱਲ ਰਹੀ ਹੈ ਕਿ ਉਪਰੇਸ਼ਨ ਸਿੰਧੂਰ ਦੌਰਾਨ ਮਿਲੀ ਕਰਾਰੀ ਹਾਰ ਕਾਰਨ ਮੁਨੀਰ ਡੈਪਰੇਸ਼ਨ ਵਿਚ ਚਲਾ ਗਿਆ ਹੈ, ਜਿਸ ਕਾਰਨ ਇਹੋ ਜਿਹੇ ਊਲ-ਜਲੂਲ ਬਿਆਨ ਦਾਗ ਰਿਹਾ ਹੈ।

ਉਸ ਦੀਆਂ ਧਮਕੀਆਂ ਅਤੇ ਬਿਆਨਾਂ ਦੇ ਹੇਠ ਲਿਖੇ ਮੁੱਖ ਕਾਰਨ ਸਮਝ ਆਉਂਦੇ ਹਨ। ਸਭ ਤੋਂ ਪਹਿਲਾ ਕਾਰਨ ਇਹ ਹੈ ਕਿ ਉਪਰੇਸ਼ਨ ਸਿੰਧੂਰ ਕਾਰਨ ਪਾਕਿਸਤਾਨ ਵੱਲੋਂ ਭਾਰਤ ਖਿਲਾਫ ਕੀਤੀ ਜਾ ਰਹੀ ਪ੍ਰਮਾਣੂ ਬਲੈਕਮੇਲਿੰਗ ਖਤਮ ਹੋ ਗਈ ਹੈ। ਉਹ ਅੱਧੀ ਦੁਨੀਆਂ ਨੂੰ ਆਪਣੇ ਨਾਲ ਲੈ ਜਾਣ ਵਰਗੇ ਬਿਆਨ ਦੇ ਕੇ ਉਸ ਬਲੈਕਮੇਲਿੰਗ ਨੂੰ ਦੁਬਾਰਾ ਕਾਇਮ ਕਰਨਾ ਚਾਹੁੰਦਾ ਹੈ। ਵੈਸੇ ਇਹ ਬਲੈਕਮੇਲਿੰਗ ਉੜੀ ਅੱਤਵਾਦੀ ਹਮਲੇ ਤੋਂ ਬਾਅਦ ਕੀਤੀ ਗਈ ਸਰਜੀਕਲ ਸਟਰਾਈਕ ਅਤੇ ਬਾਲਾਕੋਟ ਵਿਖੇ ਕੀਤੀ ਸਟਰਾਈਕ ਕਾਰਨ ਪਹਿਲਾਂ ਹੀ ਪਤਲੀ ਪੈ ਚੁੱਕੀ ਸੀ। ਮੁਨੀਰ ਸੋਚਦਾ ਹੈ ਕਿ ਜੇ ਪ੍ਰਮਾਣੂ ਬਲੈਕਮੇਲਿੰਗ ਹੀ ਖਤਮ ਹੋ ਗਈ, ਤਾਂ ਫਿਰ ਉਹ ਭਾਰਤ ਨੂੰ ਕਸ਼ਮੀਰ ਦੇ ਮਸਲੇ 'ਤੇ ਧਮਕਾ ਨਹੀਂ ਸਕੇਗਾ। ਪ੍ਰਮਾਣੂ ਹਥਿਆਰਾਂ ਦੀ ਵਰਤੋਂ ਬਾਰੇ ਭਾਰਤ ਦਾ ਸਿਧਾਂਤ ਇਹ ਹੈ ਕਿ ਉਹ ਦੁਸ਼ਮਣ 'ਤੇ ਪਹਿਲਾ ਪ੍ਰਮਾਣੂ ਹਮਲਾ ਨਹੀਂ ਕਰੇਗਾ। ਪਰ ਪਾਕਿਸਤਾਨ ਵਿਚ ਅਜਿਹੀ ਕੋਈ ਬੰਦਿਸ਼ ਨਹੀਂ ਹੈ। ਪਾਕਿਸਤਾਨ ਦੇ ਪ੍ਰਮਾਣੂ ਹਮਲਾ ਕਰਨ ਦੇ ਸਿਧਾਂਤ ਬਾਰੇ 2002 ਦੇ ਉਪਰੇਸ਼ਨ ਪਰਾਕਰਮ (ਇਹ ਉਪਰੇਸ਼ਨ 13 ਦਸੰਬਰ 2001 ਨੂੰ ਪਾਰਲੀਮੈਂਟ 'ਤੇ ਹਮਲੇ ਤੋਂ ਬਾਅਦ ਭਾਰਤ ਵੱਲੋਂ ਕੀਤਾ ਗਿਆ ਸੀ ਤੇ ਦਸੰਬਰ 2001 ਤੋਂ ਲੈ ਕੇ ਅਕਤੂਬਰ 2002 ਤੱਕ ਚੱਲਿਆ ਸੀ। ਭਾਰਤ ਨੇ ਪਾਕਿਸਤਾਨ ਨੂੰ ਆਪਣੀ ਤਾਕਤ ਵਿਖਾਉਣ ਲਈ ਆਮ ਲਾਮਬੰਦੀ ਦੇ ਹੁਕਮ ਜਾਰੀ ਕਰ ਦਿੱਤੇ ਸਨ। ਜੇ ਕੁਝ ਦੇਸ਼ ਵਿਚੋਲਗੀ ਨਾ ਕਰਦੇ ਤਾਂ ਜੰਗ ਅਟੱਲ ਸੀ) ਵੇਲੇ ਉਸ ਸਮੇਂ ਦੇ ਡਾਇਰੈਕਟਰ ਜਨਰਲ ਸਟਰੈਟਜਿਕ ਪਲੈਨਜ਼ ਲੈਫਟੀਨੈਂਟ ਜਨਰਲ ਖਾਲਿਦ ਕਿਦਵਾਈ ਨੇ ਕਿਹਾ ਸੀ ਕਿ ਜੇ ਭਾਰਤ ਨਾਲ ਜੰਗ ਹੁੰਦੀ ਹੈ, ਤਾਂ ਪਾਕਿਸਤਾਨ ਰਵਾਇਤੀ ਹਥਿਆਰਾਂ ਤੋਂ ਇਲਾਵਾ ਐਟਮ ਬੰਬ ਦੀ ਵਰਤੋਂ ਕਰਨ ਤੋਂ ਵੀ ਸੰਕੋਚ ਨਹੀਂ ਕਰੇਗਾ। ਹੁਣ ਮੁਨੀਰ ਦੇ ਬਿਆਨਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਉਹ ਭਾਰਤ ਦੇ ਪਹਿਲਾ ਪ੍ਰਮਾਣੂ ਹਮਲਾ ਨਾ ਕਰਨ ਦੇ ਸਿਧਾਂਤ ਨੂੰ ਨਹੀਂ ਮੰਨਦਾ।

ਮੁਨੀਰ ਦੇ ਬਿਆਨ ਦਾ ਦੂਸਰਾ ਕਾਰਨ ਵਿਸ਼ਵ ਨੂੰ ਇਹ ਦੱਸਣਾ ਹੈ ਕਿ ਪਾਕਿਸਤਾਨ ਇੱਕ ਐਟਮੀ ਤਾਕਤ ਹੈ ਤੇ ਉਹ ਜਦੋਂ ਚਾਹੇ ਇਸ ਦੀ ਵਰਤੋਂ ਵੀ ਕਰ ਸਕਦਾ ਹੈ, ਨਤੀਜੇ ਚਾਹੇ ਕੁਝ ਵੀ ਹੋਣ। ਇਸ ਧਮਕੀ ਵਿਚ ਉਸ ਦੀ ਇੱਕ ਚਾਲ ਵੀ ਛੁਪੀ ਹੋਈ ਹੈ ਕਿ ਇਸ ਧਮਕੀ ਨਾਲ ਇੰਟਰਨੈਸ਼ਨਲ ਮੀਡੀਆ ਨੂੰ ਮਸਾਲਾ ਮਿਲ ਜਾਵੇਗਾ ਤੇ ਭਾਰਤ ਲਈ ਚਿੰਤਾ ਦਾ ਵਿਸ਼ਾ ਬਣੇ ਕਰਾਸ ਬਾਰਡਰ ਅੱਤਵਾਦ ਵੱਲੋਂ ਉਸ ਦਾ ਧਿਆਨ ਵੀ ਹਟ ਜਾਵੇਗਾ। ਮੁਨੀਰ ਦੀ ਇੱਕ ਚਿੰਤਾ ਇਹ ਵੀ ਹੈ ਭਾਰਤ ਨੇ ਪਾਕਿਸਤਾਨ ਦੀਆਂ ਪ੍ਰਮਾਣੂ ਧਮਕੀਆਂ ਬਾਰੇ ਚਿੰਤਾ ਕਰਨੀ ਬੰਦ ਕਰ ਦਿੱਤੀ। ਪਿਛਲੇ ਸਮੇਂ ਵਿਚ ਵੀ ਪਾਕਿਸਤਾਨ ਅਜਿਹੀਆਂ ਧਮਕੀਆਂ ਦਿੰਦਾ ਰਿਹਾ ਹੈ। ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜ਼ਰਾਲ ਨੇ ਆਪਣੀ ਸਵੈ ਜੀਵਨੀ ਵਿਚ ਲਿਖਿਆ ਹੈ ਕਿ 1990 ਦੀਆਂ ਗਰਮੀਆਂ ਵਿਚ ਪਾਕਿਸਤਾਨ ਨੇ ਕਿਸੇ ਮਸਲੇ 'ਤੇ ਤਤਕਾਲੀ ਪ੍ਰਧਾਨ ਮੰਤਰੀ ਵੀ.ਪੀ. ਸਿੰਘ ਨੂੰ ਪ੍ਰਮਾਣੂ ਹਮਲੇ ਦੀ ਧਮਕੀ ਦਿੱਤੀ ਸੀ। ਮੁਨੀਰ ਨੂੰ ਭਾਰਤ ਦੀ ਆਰਥਿਕ ਤਰੱਕੀ ਦਾ ਬਹੁਤ ਸਾੜਾ ਹੈ। ਉਸ ਦਾ ਇਹ ਸੋਚਣਾ ਹੈ ਕਿ ਜੇ ਪਾਕਿਸਤਾਨ ਤੇ ਭਾਰਤ ਇੱਕ ਦੂਸਰੇ 'ਤੇ ਪ੍ਰਮਾਣੂ ਹਮਲਾ ਕਰ ਦਿੰਦੇ ਹਨ, ਤਾਂ ਭਾਰਤ ਦਾ ਨੁਕਸਾਨ ਜ਼ਿਆਦਾ ਹੋਵੇਗਾ ਕਿਉਂਕਿ ਉਥੇ ਲੱਖਾਂ ਕਰੋੜਾਂ ਦੀ ਗਿਣਤੀ ਵਿਚ ਹੈਵੀ ਇੰਡਸਟਰੀ ਸਥਾਪਿਤ ਹੋ ਚੁੱਕੀ ਹੈ ਤੇ ਅਰਬਾਂ-ਖਰਬਾਂ ਡਾਲਰ ਦਾ ਆਯਾਤ-ਨਿਰਯਾਤ ਹੋ ਰਿਹਾ ਹੈ। ਇਸ ਦੇ ਉਲਟ ਪਾਕਿਸਤਾਨ ਇੱਕ ਮਲੰਗ ਦੇਸ਼ ਹੈ। ਇਸੇ ਸੰਦਰਭ ਵਿਚ ਉਸ ਨੇ ਅਨਿਲ ਅੰਬਾਨੀ ਦੀ ਫੋਟੋ ਲਗਾ ਕੇ ਇੱਕ ਟਵੀਟ ਕੀਤਾ ਸੀ, ਜਿਸ ਵਿਚ ਕਿਸੇ ਇਸਲਾਮਿਕ ਧਰਮ ਗ੍ਰੰਥ ਦੀ ਇੱਕ ਤੁਕ ਲਿਖੀ ਹੋਈ ਸੀ ਕਿ ਅੱਲਾਹ ਨੇ ਪੰਛੀਆਂ ਨੂੰ ਦੁਸ਼ਮਣ ਫੌਜ ਦੇ ਜੰਗੀ ਹਾਥੀਆਂ 'ਤੇ ਪੱਥਰ ਸੁੱਟਣ ਲਈ ਭੇਜਿਆ, ਜਿਸ ਨਾਲ ਹਾਥੀ ਕੁਚਲ ਕੇ ਫੀਤਾ-ਫੀਤਾ ਹੋ ਗਏ ਸਨ।

ਉਪਰੇਸ਼ਨ ਸਿੰਧੂਰ ਤੋਂ ਬਾਅਦ ਪ੍ਰਸਿੱਧ ਮੈਗਜ਼ੀਨ ਦੀ ਇਕਨੌਮਿਸਟ ਨੂੰ ਇੱਕ ਇੰਟਰਵਿਊ ਦਿੰਦੇ ਹੋਏ ਨੇ ਉਸ ਕਿਹਾ ਹੈ ਕਿ ਅਗਲੀ ਵਾਰ ਪਾਕਿਸਤਾਨ ਭਾਰਤ ਦੇ ਪੂਰਬੀ ਅਤੇ ਦੱਖਣੀ ਹਿੱਸੇ 'ਤੇ ਹਮਲੇ ਕਰੇਗਾ। ਕਾਰਨ ਪੁੱਛਣ 'ਤੇ ਉਸ ਨੇ ਦੱਸਿਆ ਕਿ ਭਾਰਤ ਦੀ ਜ਼ਿਆਦਾਤਰ ਡਿਫੈਂਸ ਅਤੇ ਹੋਰ ਹੈਵੀ ਇੰਡਸਟਰੀ ਪਾਕਿਸਤਾਨੀ ਬਾਰਡਰ ਤੋਂ ਦੂਰ ਪੂਰਬ ਅਤੇ ਦੱਖਣ ਵਿਚ ਸਥਾਪਿਤ ਕੀਤੀ ਗਈ ਹੈ। ਇਹ ਇੰਡਸਟਰੀ ਤਬਾਹ ਹੋਣ ਨਾਲ ਭਾਰਤ ਦਾ ਲੱਕ ਟੁੱਟ ਜਾਵੇਗਾ। ਇਸ ਸਿਰਫਿਰੇ ਵਿਅਕਤੀ ਨੂੰ ਇਹ ਨਹੀਂ ਪਤਾ ਕਿ ਪਾਕਿਸਤਾਨੀ ਜਹਾਜ਼, ਡਰੋਨ ਤੇ ਮਿਜ਼ਾਈਲਾਂ ਭਾਰਤੀ ਰੱਖਿਆ ਪ੍ਰਣਾਲੀਆਂ ਤੇ ਹਵਾਈ ਸੈਨਾ ਤੋਂ ਬਚ ਕੇ ਐਨੀ ਦੂਰ ਕਿਵੇਂ ਪਹੁੰਚਣਗੇ। ਉਸ ਦਾ ਇੱਕ ਹੋਰ ਮੂਰਖਤਾਪੂਰਣ ਬਿਆਨ ਹੈ ਕਿ ਜੇ ਭਾਰਤ ਸਿੰਧੂ ਨਦੀ 'ਤੇ ਡੈਮ ਬਣਾਵੇਗਾ, ਤਾਂ ਉਹ ਉਸ ਨੂੰ ਮਿਜ਼ਾਈਲਾਂ ਨਾਲ ਤਬਾਹ ਕਰ ਦੇਵੇਗਾ। ਡੈਮ ਕੋਈ ਮੋਘੇ ਦਾ ਨੱਕਾ ਨਹੀਂ ਹੁੰਦੇ, ਇਨ੍ਹਾਂ ਨੂੰ ਬਣਦਿਆਂ ਸਾਲਾਂਬੱਧੀ ਲੱਗ ਜਾਂਦੇ ਹਨ। ਜਦੋਂ ਤੱਕ ਇਹ ਡੈਮ ਮੁਕੰਮਲ ਹੋਣਾ ਹੈ, ਉਦੋਂ ਤੱਕ ਤਾਂ ਮੁਨੀਰ ਨੇ ਰਿਟਾਇਰ ਹੋ ਕੇ ਅੱਲ੍ਹਾ ਨੂੰ ਵੀ ਪਿਆਰੇ ਹੋ ਚੁੱਕੇ ਹੋਣਾ ਹੈ। ਉਸ ਦੇ ਬਿਆਨਾਂ ਦਾ ਇੱਕ ਡੂੰਘਾ ਰਾਜਨੀਤਕ ਕਾਰਨ ਵੀ ਹੈ। ਅਜਿਹੇ ਭੜਕਾਊ ਬਿਆਨ ਦੇ ਕੇ ਉਹ ਸ਼ਾਹਬਾਜ਼ ਸ਼ਰੀਫ ਅਤੇ ਪਾਕਿਸਤਾਨੀ ਜਨਤਾ ਨੂੰ ਇਹ ਸਪੱਸ਼ਟ ਸੰਦੇਸ਼ ਦੇ ਰਿਹਾ ਹੈ ਕਿ ਦੇਸ਼ ਦਾ ਅਸਲੀ ਮਾਲਕ ਉਹ ਹੈ ਤੇ ਜਦੋਂ ਚਾਹਵੇਗਾ, ਗੱਦੀ ਹੱਥਿਆ ਲਵੇਗਾ।

ਭਾਰਤ ਨਾਲ ਪਿਛਲੀਆਂ ਜੰਗਾਂ ਵੀ ਅਜਿਹੇ ਮੂਰਖ ਪਾਕਿਸਤਾਨੀ ਤਾਨਾਸ਼ਾਹ ਜਰਨੈਲਾਂ ਨੇ ਹੀ ਸ਼ੁਰੂ ਕੀਤੀਆਂ ਸਨ। ਇਸ ਲਈ ਭਾਰਤ ਨੂੰ ਅਜਿਹੇ ਸਨਕੀ ਅਤੇ ਡੀਂਗਾਂ ਮਾਰਨ ਵਾਲੇ ਵਿਅਕਤੀ ਤੋਂ ਹਮੇਸ਼ਾਂ ਖਬਰਦਾਰ ਰਹਿਣਾ ਚਾਹੀਦਾ ਹੈ।

## ਹਿਜ਼ਰਤਨਾਮਾ 91: ਪਾਖਰ ਰਾਮ ਹੀਰ

# ’47 ਦੇ ਥਪੇੜਿਆਂ ਨੇ ਪੰਜਾਬੀਆਂ ਨੂੰ ਰਾਣਿਓਂ ਰੰਕ ਬਣਾ ਦਿੱਤਾ’

ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ
92569-73526
(Punjab Mail USA)





“ਮੈਂ ਪਾਖਰ ਰਾਮ ਪੁੱਤਰ ਕਰਮ ਚੰਦ ਪੁੱਤਰ ਉਤਮ ਪਿੰਡ ਦਾਦੂਵਾਲ (ਫਿਲੌਰ-ਜਲੰਧਰ) ਤੋਂ ਆਂ। ਹੱਲਿਆਂ ਵੇਲੇ ਮੇਰੀ ਉਮਰ ਕੋਈ 12-13 ਸਾਲ ਦੀ ਸੀ। ਮੰਢਾਲੀ-ਬੰਗਾ ਤੋਂ ਮੇਰੇ ਮਾਮਾ ਜੀ ਜਵਾਲਾ ਰਾਮ ਅਤੇ ਨਾਨਾ-ਨਾਨੀ ਜਦੋਂ ਕੋਇਟਾ ਗਰਕਿਆ, ਤਾਂ ਹੋਰਸ ਲੋਕਾਂ ਵੱਲ ਦੇਖਾ-ਦੇਖੀ ਤਦੋਂ ਮਿੰਟਗੁਮਰੀ ਗਏ। ਉਥੇ ਉਨ੍ਹਾਂ ਇਕ ਸਰਦਾਰ ਜਿਸ ਨੂੰ ਉਥੇ ਮੁਰੱਬਾ ਅਲਾਟ ਸੀ, ਤੋਂ ਕੁੱਝ ਜ਼ਮੀਨ ਹਾਲੇ ’ਤੇ ਲੈ ਕੇ ਖੇਤੀਬਾੜੀ ਸ਼ੁਰੂ ਕੀਤੀ। ਹੱਲਿਆਂ ਤੋਂ 4-5 ਕੁ ਸਾਲ ਪਹਿਲਾਂ ਮੈਂ ਤੇ ਮੇਰੇ ਵੱਡੇ ਭਰਾ ਪਿਆਰਾ ਅਤੇ ਲੁਭਾਇਆ ਵੀ ਉਨ੍ਹਾਂ ਪਾਸ ਚਲੇ ਗਏ। ਜ਼ਮੀਨ ਸ਼ਹਿਰ ਦੇ ਬਾਹਰੀ ਇਲਾਕੇ ਵਿਚ ਪੈਂਦੀ ਸੀ। ਬਸ ਉਥੇ ਮਾਮੇ ਨਾਲ਼ ਖੇਤੀਬਾੜੀ ਅਤੇ ਪਸ਼ੂ ਧੰਦੇ ਵਿਚ ਹੱਥ ਵਟਾਉਣ ਲੱਗੇ। ਉਸ ਮੁਹੱਲੇ ਜਾਂ ਬਸਤੀ ਦਾ ਨਾਮ ਹੁਣ ਮੈਨੂੰ ਯਾਦ ਨਾ ਰਿਹਾ। ਸਕੂਲ ਮੈਂ ਕਦੇ ਨਾ ਡਿੱਠਾ। ਮਾਮਾ ਚੰਗਾ ਪਹਿਲਵਾਨ ਸੀ। ਸਿੰਜਾਂ ਵਿਚ ਵੀ ਘੋਲ਼ ਕਰਨ ਜਾਂਦਾ। ਮੁਸਲਿਮ ਤੁਫ਼ੈਲ ਅਲੀ ਅਤੇ ਤੇਲੀਆਂ ਦਾ ਜੱਖੂ ਮੇਰੇ ਬਚਪਨ ਦੇ ਸਾਥੀ ਹੁੰਦੇ। ਦੂਰ-ਦਰਾਜ਼ ਤੱਕ ਬਹੁਤਾ ਇਲਾਕਾ ਜੰਗਲੀ ਜਾਂ ਕੰਡਿਆਲੀਆਂ ਝਾੜੀਆਂ ਵਾਲਾ ਬੰਜਰ ਸੀ। ਮਲੇ ਪੁੱਟ-ਪੁੱਟ ਕੇ ਧਰਤੀ ਨੂੰ ਵਾਹੀਯੋਗ ਕੀਤਾ। ਇਕ ਵੱਡੀ ਨਹਿਰ ਖੇਤਾਂ ਨੂੰ ਸੈਰਾਬ ਕਰਦੀ। ਉਹੀ ਪਾਣੀ ਪੀਣ ਅਤੇ ਨਹਾਉਣ-ਧੋਣ ਲਈ ਵਰਤਦੇ। ਨਰਮਾ ਬਹੁਤਾ ਪਰ ਕਣਕ, ਮੱਕੀ ਵੀ ਬੀਜਦੇ ਜੋ ਛੋਟੇ ਆੜਤੀਏ ਪਿੰਡਾਂ ਵਿਚੋਂ ਹੀ ਜਿਣਸ ਖਰੀਦ ਕੇ ਲੈ ਜਾਂਦੇ।

ਗੁਰਦੁਆਰਾ ਜਾਂ ਮਸੀਤ ਅਸਾਂ ਕੋਈ ਨਾ ਡਿੱਠੀ। ਕਿਰਪਾ ਰਾਮ, ਰੱਤੂ ਦੀਆਂ ਹੱਟੀਆਂ ਹੁੰਦੀਆਂ, ਸਰਬਣ ਦਾਸ ਲੋਕਾਂ ਦੀਆਂ ਜੁੱਤੀਆਂ ਗੰਢਦਾ ਅਤੇ ਨਵੀਆਂ ਵੀ ਬਣਾਉਂਦਾ। ਇਕ ਸਰਦਾਰ ਉਥੋਂ ਦਾ ਚੌਧਰੀ ਹੁੰਦਾ। ਲੋਕਾਂ ਦੇ ਝਗੜੇ ਝੇੜੇ ਨਜਿੱਠਦਾ। ਬਿਲਕੁਲ ਸਾਦੀ ਜ਼ਿੰਦਗੀ ਚੰਗੀ ਜੀ ਰਹੇ ਸਾਂ। ਹਿੰਦੂ-ਸਿੱਖਾਂ-ਮੁਸਲਮਾਨਾਂ ’ਚ ਆਪਸੀ ਮਿਲਵਰਤਨ ਸੀ। ਕਦੇ ਵੀ ਫ਼ਿਰਕੂ ਭਾਵਨਾ ਦਾ ਅਹਿਸਾਸ ਨਹੀਂ ਹੋਇਆ। ਆਜ਼ਾਦੀ ਦਾ ਰਾਮ-ਰੌਲਾ ਚੱਲਿਆ ਤਾਂ ਸੁਣਿਆਂ ਸੀ ਉਦੋਂ ਕਿ ਰਾਵਲਪਿੰਡੀ ਵਲੋਂ ਹੱਲੇ ਸ਼ੁਰੂ ਹੋਏ। ਤੇ ਉਹੀ ਸੇਕ ਹੌਲੀ-ਹੌਲੀ ਸਾਰੇ ਪੰਜਾਬ ਵਿਚ ਫੈਲ ਗਿਆ। ਸਾਡੀ ਗੰਜੀਬਾਰ ਵੀ ਉਸ ਅੱਗ ਦੀ ਲਪੇਟ ਤੋਂ ਨਾ ਬਚ ਸਕੀ। ਵੈਸੇ ਗੋਰਾ ਸਰਕਾਰ ਵੱਲੋਂ ਅਲਾਟ ਕੀਤੇ ਬਾਰ ਦਿਆਂ ਚੱਕਾਂ ਵਿਚ ਬਹੁਤੀ ਤਾਦਾਦ ਸਿੱਖ ਸਰਦਾਰਾਂ ਦੀ ਸੀ। ਉਨ੍ਹਾਂ ਸਰਦਾਰਾਂ ਵਿਚ ਬਹੁਤਾਤ ਸਿੱਖ ਫ਼ੌਜੀਆਂ, ਚੌਧਰੀਆਂ, ਲੰਬੜਦਾਰਾਂ, ਸਫ਼ੈਦਪੋਸ਼ਾਂ ਅਤੇ ਜ਼ੈਲਦਾਰਾਂ ਵਗ਼ੈਰਾ ਦੀ। ਜਿਥੇ ਉਨ੍ਹਾਂ ਪਾਸ ਅਸਲਾ ਅਤੇ ਘੋੜੀਆਂ ਹੋਣ ਦੇ ਨਾਲ-ਨਾਲ ਇਲਾਕੇ ਵਿਚ ਦਬਦਬਾ ਵੀ ਕਾਫ਼ੀ ਹੁੰਦਾ। ਸੋ ਉਨ੍ਹਾਂ ਪਿੰਡਾਂ ਉਪਰ ਹਮਲਾ ਕਰਨ ਦਾ ਹਿਆਂ ਵੀ ਮੁਸਲਿਮਾਂ ਘੱਟ ਹੀ ਕੀਤਾ। ਹਾੜ ’47 ਦਾ ਸਮਾਂ ਸੀ। ਜਦ ਸਾਡੇ ਇਲਾਕੇ ਵਿਚ ਫਿਰਕੂ ਮਾਰਧਾੜ ਅਤੇ ਸਾੜਫੂਕ ਦੀਆਂ ਕਰਵਾਈਆਂ ਸੁਣਨ, ਦੇਖਣ ਨੂੰ ਮਿਲੀਆਂ। ਤਦੋਂ ਇਧਰੋਂ ਓਧਰ ਗਇਆਂ ਨੇ ਗੱਡਿਆਂ ’ਤੇ ਜ਼ਰੂਰੀ ਸਮਾਨ ਲੱਦਣਾ ਸ਼ੁਰੂ ਕਰਤਾ। ਮਾਮਾ ਜੀ ਨੇ ਵੀ ਬਾਕੀਆਂ ਨਾਲ਼ ਆਪਣਾ ਗੱਡਾ ਜੋੜਕੇ ਪਰਿਵਾਰਿਕ ਮੈਂਬਰਾਂ ਨੂੰ ਭੇਜ ਦਿੱਤਾ। ਜਿਨ੍ਹਾਂ ਵਿਚ ਮੇਰੀ ਨਾਨੀ ਅਤੇ ਵੱਡੇ ਭਰਾ ਵੀ ਸ਼ਾਮਲ ਹੈ ਸਨ। ਮਾਮਾ ਜੀ ਅਤੇ ਮੈਂ ਉਸ ਤੋਂ ਦੋ ਕੁ ਮਹੀਨੇ ਪੱਛੜ ਕੇ ਤੁਰੇ ਜਦ ਨਰਮੇ ਖਿੜੇ ਹੋਏ ਸਨ। ਗੱਡਿਆਂ ਦਾ ਇਕ ਵੱਡਾ ’ਕੱਠ ਨਜ਼ਦੀਕ ਵਿਚ ਜੁੜਿਆ। ਜਦੋਂ ਅਸੀਂ ਓਧਰ ਨੂੰ ਘਰੋਂ ਤੁਰੇ ਤਾਂ ਕੁੱਝ ਦੂਰੀ ’ਤੇ ਸਾਡੇ ਮੁਹੱਲੇ ਦੇ ਹੀ ਇਕ ਜਾਣੂੰ ਚੋਬਰ ਮੁਸਲਮਾਨ ਦਾ ਖ਼ੂਨ ਸਫੈਦ ਹੋ ਗਿਆ। ਉਸ ਨੇ ਮਾਮਾ ਜੀ ਦੀ ਪਿੱਠ ’ਤੇ ਪਿੱਛਿਓਂ ਬਰਛੇ ਦਾ ਵਾਰ ਕਰਕੇ ਗਠੜੀ ਖੋਹ ਲਈ। ਮਾਮਾ ਡਿੱਗ ਕੇ ਥੋੜਾ ਸੰਭਲ ਗਿਆ। ਉਸ ਨੇ ਆਪਣੇ ਸਿਰ ’ਤੇ ਬੰਨ੍ਹਿਆਂ ਸਾਫ਼ਾ ਜ਼ਖ਼ਮ ’ਤੇ ਬੰਨ੍ਹ ਕੇ ਫਿਰ ਸਫ਼ਰ ਸ਼ੁਰੂ ਕਰ ਦਿੱਤਾ।

ਇਸੇ ਤਰ੍ਹਾਂ ਅਸੀਂ ਗੁਆਂਢੀ ਕਸਬੇ ਵਿਚ ਗੱਡਿਆਂ ਦੇ ਕਾਫ਼ਲੇ ਨਾਲ ਜਾ ਰਲੇ। ਰਸਤੇ ਵਿਚ ਸਾੜਫੂਕ, ਹੜ੍ਹਾਂ ਦੇ ਪਾਣੀਆਂ ’ਚ ਮੁਸ਼ਕ ਮਾਰਦੀਆਂ ਲਾਸ਼ਾਂ ਦੇ ਡਰਾਵਣੇ ਦ੍ਰਿਸ਼ ਵੇਂਹਦਿਆਂ-ਭੁੱਖਾਂ, ਹੜਾਂ ਅਤੇ ਪਲੇਗ ਨਾਲ਼ ਦੋ ਹੱਥ ਕਰਦਿਆਂ ਖੇਮਕਰਨ-ਪੱਟੀ-ਤਰਨਤਾਰਨ ਹੁੰਦੇ ਹੋਏ ਚਹੇੜੂ-ਫਗਵਾੜਾ ਆਣ ਪਹੁੰਚੇ। ਕੈਂਪ ਵਿਚ ਵੀ ਭਾਰੀ ਬਰਸਾਤ ’ਤੇ ਚੱਲਦਿਆਂ ਹੜਾਂ ਅਤੇ ਭੁੱਖਮਰੀ ਦਾ ਮਾਹੌਲ ਸੀ।

ਮਾਨੋਂ ’47 ਦੇ ਥਪੇੜਿਆਂ ਨੇ ਪੰਜਾਬੀਆਂ ਨੂੰ ਰਾਣਿਓਂ ਰੰਕ ਬਣਾ ਦਿੱਤਾ’।

ਉਥੋਂ ਹੀ ਮੈਂ ਮਾਮੇ ਘਰ ਮੰਢਾਲੀ ਚਲੇ ਗਿਆ। ਇਕ ਦੂਜੇ ਨੂੰ ਇਤਲਾਹਾਂ ਭੇਜ ਕੇ ਫਿਰ ਨਵੇਂ ਸਿਰਿਉਂ ਜਿਥੋਂ ਜ਼ਿੰਦਗੀ ਛੱਡ ਕੇ ਗਏ ਸਾਂ, ਫਿਰ ਸ਼ੁਰੂ ਕਰਨ ਦੀ ਹਿੰਮਤ ’ਕੱਠੀ ਕਰਨ ਲੱਗੇ ਅਤੇ 3-4 ਸਾਲ ਲਗਾਤਾਰ ਉਥੇ ਹੀ ਰਿਹਾ।

**ਦਾਦੂਵਾਲ ਦਾ ਵਰਤਾਰਾ:** ਦਾਦੂਵਾਲ ਬਹੁ ਮੁਸਲਮਾਨ ਗਿਣਤੀ ਦਾ ਪਿੰਡ ਸੀ। ਤਕੜੇ ਰਾਜਪੂਤ ਮੁਸਲਮਾਨ, ਅਸਲੇ ਅਤੇ ਘੋੜੀਆਂ ਵਾਲੇ ਚੌਧਰੀ ਪਰਿਵਾਰ ਵੱਜਦੇ। ਉਨ੍ਹਾਂ ਦਾ ਇਲਾਕੇ ਭਰ ਵਿਚ ਚੰਗਾ ਦਬਦਬਾ ਸੀ। ਉਨ੍ਹਾਂ ’ਚੋਂ ਚੌਧਰੀ ਗੁਲਜ਼ਾਰ ਖਾਂ ਲੰਬੜਦਾਰ ਵਲਦ ਨਿਜ਼ਾਮੁਦੀਨ ਜਿਨ੍ਹਾਂ ਦਾ ਪਿੰਡ ਦੇ ਐਨ ਗੱਭ ਵਿਚ ਸਭ ਤੋਂ ਉਚੀ ਢੇਰੀ ਤੇ ਨਿੱਕੀ ਇੱਟ ਦਾ ਚੁਬਾਰਿਆਂ ਵਾਲਾ ਕਿਲ੍ਹੇ ਨੁਮਾ ਘਰ, ਮੇਰੇ ਬਿਲਕੁਲ ਗੁਆਂਢ ਵਿਚ ਸੀ। ਉਹ ਪਿੰਡ ਵਿਚ ਕਿਲ੍ਹੇ ਵਾਲੇ ਵੱਜਦੇ। 500 ਘੁਮਾਂ ਜ਼ਮੀਨ ਅਤੇ ਤਿੰਨ ਖੂਹਾਂ ਦੇ ਮਾਲਕ ਸਨ, ਉਹ। ਇਕ ਹੋਰ ਮੁਸਲਿਮ ਚੌਧਰੀ ਸੂਬੇਦਾਰ ਦੀ ਵੀ ਚੁਬਾਰਿਆਂ ਵਾਲੀ ਵੱਡੀ ਹਵੇਲੀ ਸੀ। ਉਹ ਵੀ ਘੋੜੀਆਂ, ਰਫਲਾਂ ਵਾਲੇ 500 ਘੁਮਾਂ ਦੇ ਮਾਲਕ ਸਨ। ਫਿਰ ਵੀ ਦਾਦੂਵਾਲ ਆਲੇ ਦੁਆਲਿਉਂ ਹਿੰਦੂ-ਸਿੱਖਾਂ ਦੀ ਵਧੇਰੇ ਵਸੋਂ ਵਾਲੇ ਪਿੰਡਾਂ, ਸਲਾਰ ਪੁਰ, ਦਰਵੇਸ਼ ਪਿੰਡ, ਚਾਚੋਕੀ, ਸਰਹਾਲੀ, ਧਨੀ ਪਿੰਡ, ਲੱਖਣਪਾਲ, ਸਮਰਾਏ, ਚਿਲਾਂਗ ਰਾਇ ਪੁਰ ਵਗੈਰਾ ਨਾਲ਼ ਘਿਰਿਆ ਹੋਇਆ ਸੀ। ਗੁਆਂਢੀ ਪਿੰਡਾਂ ਤੋਂ ਵੀ ਮੁਸਲਮਾਨ ਆਪਣੀ ਰੱਖਿਆ ਲਈ ਦਾਦੂਵਾਲ ਵਿਚ ਆਰਜ਼ੀ ਕੈਂਪ ਵਜੋਂ ਕੱਠੇ ਹੋਣਾ ਸ਼ੁਰੂ ਹੋ ਗਏ। ਉਨ੍ਹਾਂ ਦੇ ਦਿਲਾਂ ਵਿਚ ਇਕ ਭੈਅ ਸੀ ਕਿ ਕਿਸੇ ਵਕਤ, ਕੁੱਝ ਵੀ ਹੋ ਸਕਦਾ ਹੈ। ਇਵੇਂ ਇਕ ਦਿਨ ਸਮਰਾਏ ਵਲੋਂ ਸਿੱਖਾਂ ਦਾ ਜਥਾ ਪਿਆ। ਉਨ੍ਹਾਂ ਕੁੱਝ ਬਾਹਰੀ ਪਿੰਡਾਂ ਤੋਂ ਹਿਫ਼ਾਜ਼ਤ ਲਈ ਇਕੱਤਰ ਮੁਸਲਮਾਨ ਪਰਿਵਾਰਾਂ ਦੀ ਵੱਢ ਟੁੱਕ ਕਰਕੇ ਮਾਲ ਅਸਬਾਬ ਲੁੱਟ ਲਿਆ। ਸੋ ਸੱਭ ਮੁਸਲਮਾਨਾਂ ਆਪਸੀ ਬੈਠਕ ਤੋਂ ਬਾਅਦ ਗੱਡਿਆਂ, ਘੋੜੀਆਂ ’ਤੇ ਅਸਵਾਰ ਹੋ ਕੇ ਚਹੇੜੂ ਕੈਂਪ ਦਾ ਰੁੱਖ ਕਰ ਲਿਆ। ਚੌਧਰੀ ਗੁਲਜ਼ਾਰ ਖਾਂ ਅਤੇ ਹੋਰ ਬਹੁਤੇ ਪਰਿਵਾਰ ਲੈਲਪੁਰ ਨਜ਼ਦੀਕ ਪੈਂਦੇ ਚਾਰ ਚੱਕ ਵਿਚ ਜਾ ਆਬਾਦ ਹੋਏ। ਜਦ ਕਿ ਇਥੇ ਦਾਦੂਵਾਲ ਵਿਚ, ਲੈਲਪੁਰ ਦੇ ਹੀ ਫਲਾਈਵਾਲਾ ਚੱਕ ਤੋਂ ਉੱਜੜ ਕੇ ਆਏ ਬਾਸੀ ਗੋਤ ਦੇ ਬਡਾਲੀਏ (ਨਜ਼ਦੀਕ ਜੰਡਿਆਲਾ ਮੰਜਕੀ) ਆ ਆਬਾਦ ਹੋਏ। ਉਨ੍ਹਾਂ ’ਚੋਂ ਹੀ ਉਜਾਗਰ ਸਿੰਘ ਬਾਸੀ ਨੂੰ ਚੌਧਰੀ ਗੁਲਜ਼ਾਰ ਖਾਂ ਦਾ ਘਰ ਅਲਾਟ ਹੋਇਆ। ਇਹਦੇ ਦੋ ਮੁੰਡੇ ਆਤਮਾ ਸਿੰਘ ਅਤੇ ਮਹਿੰਦਰ ਸਿੰਘ ਅੱਸੀਵਿਆਂ ਵਿਚ ਯੂ.ਪੀ. ਚਲੇ ਗਏ, ਜਦਕਿ ਤੀਸਰਾ ਤਾਰਾ ਸਿੰਘ ਖਾੜਕੂ ਦੌਰ ਵਿਚ ਖਾੜਕੂਆਂ ਵਲੋਂ ਮਾਰ ਦਿੱਤਾ ਗਿਆ। ਦੂਜੀ ਚੁਬਾਰਿਆਂ ਵਾਲੀ ਹਵੇਲੀ ਵੀ ਗੁਲਜ਼ਾਰ ਸਿੰਘ ਬਾਸੀ ਅਤੇ ਉਹਦੇ ਭਤੀਜਿਆਂ ਜੋਗਿੰਦਰ ਸਿੰਘ ਅਤੇ ਮਲਕੀਤ ਸਿੰਘ ਹੋਰਾਂ ਨੂੰ ਅਲਾਟ ਹੋਈ। ਇਕ ਹੋਰ ਵੱਡੀ ਹਵੇਲੀ ਜਥੇਦਾਰ ਮੁਣਸਾ ਸਿੰਘ ਬਾਸੀ ਨੂੰ ਜੋ ਪਿੰਡ ਦੇ ਲੰਬਾ ਸਮਾਂ ਸਰਪੰਚ ਰਹੇ, ਜਿਸ ਦਾ ਬੇਟਾ ਅੱਗੋਂ ਸੁਰਜੀਤ ਸਿੰਘ ਅਤੇ ਹੁਣ ਪੋਤਰਾ ਜਥੇਦਾਰ ਗੁਰਮੀਤ ਸਿੰਘ ਦਾਦੂਵਾਲ ਪ੍ਰਭਾਵੀ ਹੈ। ਪਿੰਡ ਦੀ ਸਰਪੰਚੀ ਇਸ ਪਰਿਵਾਰ ਕੋਲ ਹੀ ਕਾਫ਼ੀ ਸਮਾਂ ਰਹੀ।

ਮੈਂ, ਪੁਲਿਸ ਅਫ਼ਸਰ ਸ. ਗੁਰਇਕਬਾਲ ਸਿੰਘ ਭੁੱਲਰ ਪਾਸ ਸਿਪਾਹੀ ਵੀ ਰਿਹੈਂ ਅਤੇ ਬੰਗਿਆਂ ਵਿਚ ਕੌਂਸਲਰ ਵੀ। ਪਿੰਡ ਦੀਆਂ ਗਤੀਵਿਧੀਆਂ ਅਤੇ ਸਿਆਸਤ ਵਿਚ ਵੀ ਕਾਰਜਸ਼ੀਲ ਹਾਂ। ਇਸੇ ਵਜ੍ਹਾ ਪਿੰਡ ਵਿਚ ‘ਪਾਖਰ ਪ੍ਰਧਾਨ’ ਵੱਜਦਾ ਹਾਂ। ਆਪਣੇ ਬਾਲ ਪਰਿਵਾਰ ਨਾਲ ਜ਼ਿੰਦਗੀ ਦਾ ਪਿਛਲਾ ਪੰਧ ਬੜੇ ਸਕੂਨ ਨਾਲ਼ ਹੰਢਾਅ ਰਿਹੈਂ। ਪਰ ’47ਦਾ ਭਿਆਨਕ ਰੂਪ ਯਾਦ ਆਉਂਦਾ ਹੈ, ਤਾਂ ਅੱਜ ਵੀ ਝੁਣਝੁਣੀ ਛਿੜ ਜਾਂਦੀ ਹੈ।”

ਗੁਰਦੁਆਰਾ ਜਾਂ ਮਸੀਤ ਅਸਾਂ ਕੋਈ ਨਾ ਡਿੱਠੀ। ਕਿਰਪਾ ਰਾਮ, ਰੱਤੂ ਦੀਆਂ ਹੱਟੀਆਂ ਹੁੰਦੀਆਂ, ਸਰਬਣ ਦਾਸ ਲੋਕਾਂ ਦੀਆਂ ਜੁੱਤੀਆਂ ਗੰਢਦਾ ਅਤੇ ਨਵੀਆਂ ਵੀ ਬਣਾਉਂਦਾ। ਇਕ ਸਰਦਾਰ ਉਥੋਂ ਦਾ ਚੌਧਰੀ ਹੁੰਦਾ। ਲੋਕਾਂ ਦੇ ਝਗੜੇ ਝੇੜੇ ਨਜਿੱਠਦਾ।

---

# ਮੱਝ ਦੀਆਂ ਅਖੀਰਲੀਆਂ ਧਾਰਾਂ ’ਤੇ ਟੈਕਸ


## ਕੰਡੇ ਦਾ ਕੰਡਾ

-ਡਾ.ਅਮਰੀਕ ਸਿੰਘ ਕੰਡਾ
1764 ਗੁਰੂ ਰਾਮ ਦਾਸ ਨਗਰ ਨੇੜੇ ਨੈਸ਼ਲੇ ਮੋਗਾ-142001 ਪੰਜਾਬ
98557-35666
ਪੰਜਾਬ ਮੇਲ USA



ਅੱਜ ਸਵੇਰੇ-ਸਵੇਰੇ ਮੂੰਹ ਹਨੇਰੇ ਰਾਂਝੇ ਦੇ ਮੱਝਾਂ ਦੇ ਹਾਤੇ ਨੂੰ ਪੁਲਿਸ ਨੇ ਚਾਰੇ ਪਾਸੋਂ ਘੇਰ ਲਿਆ। ਅੱਜ ਰਾਂਝਾ ਜਦ ਆਪਣੀ ਮੱਝ ਚੋਣ ਲੱਗਿਆ, ਤਾਂ ਸੂਬਾ ਸਰਕਾਰ ਦਾ ਇੱਕ ਬੰਦਾ ਮੱਝ ਦੇ ਅੱਗੇ ਤੇ ਇੱਕ ਬੰਦਾ ਮੱਝ ਦੇ ਪਿੱਛੇ ਖੜ੍ਹਾ ਸੀ। ਉਨ੍ਹਾਂ ਨੇ ਰਾਂਝੇ ਨੂੰ ਇੱਕ ਫਾਈਲ ਸਾਈਨ ਕਰਨ ਨੂੰ ਕਿਹਾ। ਤਾਂ ਰਾਂਝੇ ਨੇ ਪੁੱਛਿਆ ਬਈ ਤੁਸੀਂ ਕੌਣ ਹੋ... ਮੈਨੂੰ ਮੱਝ ਚੋਣ ਦਿਉ ? ਤਾਂ ਅੱਗੋਂ ਉਨ੍ਹਾਂ ਬੰਦਿਆਂ ਨੇ ਕਿਹਾ, ਸਰਕਾਰੀ ਬੰਦੇ ਹਾਂ, ਸਰਕਾਰ ਦਾ ਹੁਕਮ ਹੈ ਕਿ ਅੱਜ ਤੋਂ ਜਦੋਂ ਵੀ ਤੁਸੀਂ ਮੱਝ ਦੀ ਧਾਰ ਚੋਇਆ ਕਰੋਂਗੇ, ਤਾਂ ਅਖੀਰਲੀਆਂ ਧਾਰਾਂ ਸਰਕਾਰ ਦੀਆਂ ਟੈਕਸ ਦੇ ਰੂਪ ’ਚ ਹੋਇਆ ਕਰਨਗੀਆਂ ਜਾਂ ਤੁਸੀਂ ਸਰਕਾਰ ਨੂੰ ਮੱਝ ਦੇ ਚਾਰ ਥਣਾਂ ’ਚੋਂ ਇੱਕ ਥਣ ਵੀ ਦੇ ਸਕਦੇ ਹੋ, ਇਟਸ ਡਿਪਿੰਡ ਆੱਨ ਯੂਅਰ ਐਗਰੀਮੈਂਟ, ਜੇ ਤੁਸੀਂ ਸਾਡੇ ਨਾਲ ਨਹੀਂ ਸਹਿਮਤ ਹੋਵੋਂਗੇ, ਤਾਂ ਤੁਹਾਡੀ ਮੱਝ ਵੀ ਜ਼ਬਤ ਹੋ ਸਕਦੀ ਹੈ, ਤੁਹਾਡੀ ਹਰ ਮਹੀਨੇ ਦੀ ਸੇਲ ਪ੍ਰਚੇਜ ਕਿੰਨੀ ਹੈ, ਇਸਦੀ ਬੈਂਕ ਸਟੇਟਮੈਂਟ ਜ਼ਰੂਰੀ ਹੈ ਤੇ ਤੁਹਾਡੇ ਕੱਟੇ-ਕੱਟੀਆਂ ਕਿੰਨਾ-ਕਿੰਨਾ ਦੁੱਧ ਪੀਂਦੇ ਨੇ, ਇਹ ਪੱਕੇ ਸਬੂਤਾਂ ਨਾਲ ਫਾਈਲ ਨਾਲ ਨੱਥੀ ਹੋਣਾ ਚਾਹੀਦਾ ਹੈ। ਜੇ ਤੁਸੀਂ ਕੱਟੇ-ਕੱਟੀਆਂ ਦਾ ਹੱਕ ਮਾਰਦੇ ਹੋ, ਤਾਂ ਤੁਹਾਡੇ ’ਤੇ ਪਸ਼ੂਆਂ ’ਤੇ ਅੱਤਿਆਚਾਰ ਦਾ ਕੇਸ ਦਰਜ ਹੋ ਸਕਦਾ ਹੈ। ਤੁਹਾਡੇ ਹਾਤੇ ’ਚ ਕੈਮਰੇ ਜ਼ਰੂਰੀ ਨੇ, ਸਰਕਾਰ ਕਿਤੇ ਤੇ ਕਦੋਂ ਵੀ ਰਿਕਾਰਡਿੰਗ ਮੰਗ ਸਕਦੀ ਹੈ।” ਰਾਂਝਾ ਪਰੇਸ਼ਾਨ ਹੋ ਗਿਆ ਸੀ ਉਹ ਐਗਰੀਮੈਂਟ ਸਾਈਨ ਕਰੇ ਕਿ ਨਾ ਕਰੇ...? ਤੇ ਰਾਂਝੇ ਨੇ ਆਪਣੇ ਵਕੀਲ ਨੂੰ ਫੋਨ ਲਾਇਆ ਤਾਂ ਅੱਗੋਂ ਵਕੀਲ ਦੇ ਪੀ.ਏ. ਨੇ ਕਿਹਾ “ਰਾਂਝਾ ਜੀ ਤੁਸੀਂ ਹੋਰ ਵਕੀਲ ਕਰ ਲਉ ਤੁਹਾਡੇ ਵਕੀਲ ਸਾਹਬ ਨੇ ਆਪਣੇ ਗਲ ’ਚ ਸਰੋਪਾ ਪਵਾ ਲਿਆ ਹੈ।” ਤਾਂ ਰਾਂਝੇ ਨੂੰ ਮੋਗੇ ਵਾਲੇ ਕੰਡੇ ਨੇ ਕਿਹਾ, ਤੂੰ ਉਹੀ ਵਕੀਲ ਕਰ ਜਿਹੜਾ ਪ੍ਰਾਪਟੀ ਟੈਕਸ ਤੇ ਹਿਊਮਨ ਸਮਗਲਿੰਗ ਟੈਕਸਾਂ ਦੇ ਕੇਸ ਲੜ ਰਿਹਾ ਹੈ। ਜਦ ਰਾਂਝੇ ਨੇ ਉਸ ਵਕੀਲ ਨਾਲ ਰਾਬਤਾ ਕਾਇਮ ਕੀਤਾ, ਤਾਂ ਵਕੀਲ ਦਾ ਕਹਿਣਾ ਸੀ ਕਿ ਇੱਕ ਐਸੋਸੀਏਸ਼ਨ ਬਣਾਉ, ਜਿਸ ’ਚ ਦੋ-ਢਾਈ ਸੌ ਮੈਂਬਰ ਹੋਣ, ਜਿਨ੍ਹਾਂ ਦੀਆਂ ਮੱਝਾਂ ਰੱਖੀਆਂ ਹੋਣ ਤੇ ਸਾਰੀਆਂ ਮੱਝਾਂ ਦੇ ਚਾਰੇ ਥਣ ਕੰਮ ਕਰਦੇ ਹੋਣ, ਉਸ ਨੂੰ ਰਜਿ. ਕਰਵਾਉ ਤੇ ਫੇਰ ਮੈਂ ਦਸ ਤੋਂ ਪੰਦਰਾਂ ਦਿਨਾਂ ’ਚ ਕੇਸ ਸੱਟਡੀ ਕਰਕੇ ਤੁਹਾਡੀ ਕੋਰਟ ’ਚ ਰਿੱਟ ਪਾਅ ਦੇਵਾਂਗਾ ਹਾਂ, ਮੇਰੀ ਢਾਈ ਲੱਖ ਰੁਪਏ ਫੀਸ ਜਮਾ ਕਰਵਾ ਦਿਉ ਪਹਿਲਾਂ।” ਵਕੀਲ ਦੀ ਗੱਲ ਸੁਣ ਰਾਂਝਾ ਬੇਹੋਸ਼ ਹੋ ਗਿਆ ਤੇ ਵਕੀਲ ਦੇ ਪੀ.ਏ. ਨੇ ਹਸਪਤਾਲ ਦਾਖਲ ਕਰਵਾ ਦਿੱਤਾ।

# ਸੱਚ ਦੀ ਅਦੁੱਤੀ ਸੱਤਾ : ਸ੍ਰੀ ਗੁਰੂ ਗ੍ਰੰਥ ਸਾਹਿਬ





ਡਾ. ਸਤਿੰਦਰ ਪਾਲ ਸਿੰਘ
ਦਿ ਪਾਂਡਸ
ਸਿਡਨੀ ਆਸਟ੍ਰੇਲੀਆ
ਪੰਜਾਬ ਮੇਲ USA


ਗੁਰੂ ਨਾਨਕ ਸਾਹਿਬ ਨੇ ਲੋਕਾਈ ਦਾ ਉੱਧਾਰ ਕਰਨ ਲਈ ਸ਼ਬਦ ਨੂੰ ਆਧਾਰ ਬਣਾਇਆ। ਗੁਰੂ ਸਾਹਿਬ ਲਈ ਸ਼ਬਦ ਕੇਵਲ ਭਾਸ਼ਾ ਜਾਂ ਵਿਦਵਤਾ ਪ੍ਰਦਰਸ਼ਨ ਦਾ ਮਾਧਿਅਮ ਨਹੀਂ ਸੀ, ਆਪ ਨੇ ਸ਼ਬਦ ਅੰਦਰ ਪ੍ਰਮਾਤਮਾ ਦੇ ਦਰਸ਼ਨ ਕਰਾਏ। ਗੁਰ ਸ਼ਬਦ ਦਾ ਵਿਸਮਾਦੀ ਵਰਤਾਰਾ ਅਗੰਮ, ਅਲੱਖ ਪ੍ਰਮਾਤਮਾ ਨੂੰ ਮਨੁੱਖ ਦੇ ਨੇੜੇ ਤੋਂ ਨੇੜੇ ਲਿਆਉਣ ਵਾਲਾ ਸੀ। ਇਹ ਰਿਵਾਇਤ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ ਜਾਰੀ ਰਹੀ। ਗੁਰੂ ਸਾਹਿਬਾਨ ਕੋਲ ਸ਼ਬਦ ਦੇ ਬਲ ਦਾ ਅਤੁੱਟ ਭੰਡਾਰ ਸੀ। ਇੱਕ ਸ਼ਬਦ ਦੀ ਹੀ ਅਮੁੱਲ ਦਾਤ ਸੀ, ਜੋ ਗੁਰੂ ਸਾਹਿਬਾਨ ਨੇ ਸੰਸਾਰ ਅੰਦਰ ਖੁੱਲ੍ਹੇ ਹੱਥੀਂ ਵੰਡੀ। ਪੰਚਮ ਪਾਤਸ਼ਾਹ ਗੁਰੂ ਅਰਜਨ ਸਾਹਿਬ ਨੇ ਗੁਰਬਾਣੀ ਨੂੰ ਗ੍ਰੰਥ ਦਾ ਅਵਿਨਾਸ਼ੀ ਸਵਰੂਪ ਬਖਸ਼ਿਆ। ਆਪ ਨੇ ਜਿਸ ਅਦੁੱਤੀ ਮਰਿਆਦਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਸ੍ਰੀ ਦਰਬਾਰ ਸਾਹਿਬ ਵਿਚ ਕਰਾਇਆ, ਉਹ ਧਰਮ ਜਗਤ ਵਿਚ ਬਾਣੀ ਦੇ ਸਤਿਕਾਰ ਨੂੰ ਸਿਖਰ ਪ੍ਰਦਾਨ ਕਰਨ ਵਾਲਾ ਸੀ। ਜਗਤ ਸ਼ਖਸੀਅਤ ਤੋਂ ਸ਼ਬਦ ਦੀ ਰਾਹ ਵੱਲ ਤੁਰ ਪਿਆ। ਮਨੁੱਖ ਨਹੀਂ ਮਨ ਅਧਿਆਤਮ ਦੇ ਕੇਂਦਰ ਵਿਚ ਆ ਗਿਆ। ਪੋਥੀ ਵਿਚ ਪ੍ਰਮਾਤਮਾ ਵੱਸ ਗਿਆ। ਗੁਰੂ ਅਰਜਨ ਸਾਹਿਬ ਨੇ ਨੰਗੇ ਪੈਰੀਂ ਚੰਵਰ ਕਰਦੇ ਹੋਏ ਚੱਲ ਕੇ ਸਵਰੂਪ ਨੂੰ ਸ੍ਰੀ ਦਰਬਾਰ ਸਹਿਬ ਤੱਕ ਲਿਆਂਦਾ। ਬਾਬਾ ਬੁੱਢਾ ਜੀ ਗੁਰੂ ਸਾਹਿਬ ਦੇ ਅੱਗੇ-ਅੱਗੇ ਚੱਲ ਰਹੇ ਸਨ ਕਿਉਂਕਿ ਉਨ੍ਹਾਂ ਦੇ ਸਿਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਰਾਜਮਾਨ ਸਨ। ਇਸ ਮਰਿਆਦਾ ਨੇ ਹੀ ਭਵਿੱਖ ਤੈਅ ਕਰ ਦਿੱਤਾ ਕਿ ਸ਼ਬਦ ਤੇ ਸ਼ਬਦ ਨਾਲ ਜੁੜਿਆ ਹੀ ਪ੍ਰਧਾਨ ਹੋਵੇਗਾ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗ੍ਰੰਥ ਨੂੰ ਸੰਪੂਰਣ ਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ 'ਚ ਗੁਰਗੱਦੀ 'ਤੇ ਵਿਰਾਜਮਾਨ ਕਰ ਸੱਚ ਦੀ ਸ਼ਹਿਨਸ਼ਾਹੀ ਦਾ ਬਾਕਾਇਦਾ ਐਲਾਨ ਕੀਤਾ। ਦੁਨੀਆਂ ਅੰਦਰ ਸਭ ਤੋਂ ਵੱਡਾ ਭਰਮ ਸੱਚ ਨੂੰ ਲੈ ਕੇ ਸੀ। ਮਾਇਆ ਦਾ ਅਜਿਹਾ ਪਸਾਰਾ ਹਰ ਥਾਂ, ਹਰ ਦਿਸ਼ਾ 'ਚ ਵਿਦਮਾਨ ਸੀ ਕਿ ਖੋਟੇ ਤੇ ਖਰੇ ਦਾ ਭੇਦ ਕਠਿਨ ਸੀ। ਜੋਗ ਤੇ ਅਜੋਗ ਦੀ ਪਛਾਣ ਅਲੋਪ ਹੋ ਗਈ ਸੀ। ਲੋਗ ਕੌੜੇ ਨੂੰ ਮਿੱਠਾ ਮੰਨ ਕੇ ਖਾਈ ਜਾ ਰਹੇ ਸਨ। ਸੰਸਾਰ ਅੰਦਰ ਧਰਮ ਦੀ ਚਰਚਾ ਸੀ ਪਰ ਧਰਮ ਦੀ ਦ੍ਰਿਸ਼ਟੀ ਨਹੀਂ ਸੀ। ਸੱਚ ਦਾ ਗੁਣਗਾਨ ਸੀ ਪਰ ਸੱਚ ਦੀ ਕਦਰ ਨਹੀਂ ਸੀ। ਲੋਕਾਈ ਦਾ ਹਾਲ ਸੀ, ਜਿਵੇਂ ਨੇਤਰਹੀਨ ਰਤਨ-ਜਵਾਹਰ ਦੀ ਪਰਖ ਕਰ ਰਿਹਾ ਹੋਵੇ "ਨਾਨਕ ਅੰਧਾ ਹੋਇ ਕੈ ਰਤਨਾ ਪਰਖਣ ਜਾਇ" । ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਸ਼ਾਮਲ ਬਾਣੀ ਮਨੁੱਖਤਾ ਦੀ ਨੇਤਰਹੀਨਤਾ ਨੂੰ ਦੂਰ ਕਰ ਸੱਚ ਨੂੰ ਵੇਖਣ ਦੀ ਦ੍ਰਿਸ਼ਟੀ ਦੇਣ ਵਾਲੀ ਤੇ ਉਸ ਅਟਲ, ਸਦੀਵੀ ਸੱਚ ਨੂੰ ਮਨ ਅੰਦਰ ਧਾਰਨ ਕਰਨ ਜੋਗ ਬਣਾਉਣ ਵਾਲੀ ਸਾਬਤ ਹੋਈ।

**ਮਨੁੱਖ ਦਾ ਸਭ ਤੋਂ ਵੱਡਾ ਭਰਮ ਆਪਣੇ ਜੀਵਨ ਨੂੰ ਲੈ ਕੇ ਸੀ। ਉਸ ਦੇ ਜਨਮ ਦਾ ਕੀ ਮਨੋਰਥ ਹੈ ਤੇ ਉਸ ਨੂੰ ਕਿਵੇਂ ਪ੍ਰਾਪਤ ਕਰਨਾ ਹੈ, ਇਹ ਸਵਾਲ ਸ੍ਰਿਸ਼ਟੀ ਦੀ ਸਿਰਜਨਾ ਤੋਂ ਹੀ ਇੱਕ ਗੁੜ੍ਹ ਬੁਝਾਰਤ ਬਣਿਆ ਹੋਇਆ ਸੀ। ਵੱਖ-ਵੱਖ ਵਿਚਾਰ ਸਮੇਂ-ਸਮੇਂ 'ਤੇ ਉਸ ਦੇ ਸਾਹਮਣੇ ਆਉਂਦੇ ਰਹੇ। ਵਿਚਾਰਾਂ ਦਾ ਆਪਸੀ ਟਕਰਾਵ ਇੱਕ ਭਿੰਨ ਕਿਸਮ ਦੀ ਸਮੱਸਿਆ ਬਣ ਗਿਆ। ਸਮਾਜ ਟੁਕੜਿਆਂ ਵਿਚ ਵੰਡ ਗਿਆ ਤੇ ਜੀਵਨ ਦਸ਼ਾ ਬਦ ਤੋਂ ਬਦਤਰ ਹੁੰਦੀ ਚਲੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਸਾਰੇ ਭਰਮ ਦੂਰ ਕਰ ਜਿੱਥੇ ਜੀਵਨ ਦੀ ਸੇਧ ਪ੍ਰਦਾਨ ਕੀਤੀ, ਸਮਾਜ ਨੂੰ ਜੋੜਨ ਦਾ ਵੀ ਮਹਾਨ ਉਪਕਾਰ ਕੀਤਾ "ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ"। ਕਿਸੇ ਨੇ ਆਪਣੇ ਰਾਜ ਪਾਟ ਨੂੰ, ਕਿਸੇ ਨੇ ਆਪਣੇ ਗਿਆਨ ਨੂੰ, ਕਿਸੇ ਨੇ ਆਪਨੀ ਦੌਲਤ ਤੇ ਕਿਸੇ ਆਪਣੇ ਕੁਲ, ਵੰਸ਼ ਨੂੰ ਸੱਚ ਮੰਨ ਲਿਆ ਸੀ।**

ਮਨੁੱਖ ਦਾ ਸਭ ਤੋਂ ਵੱਡਾ ਭਰਮ ਆਪਣੇ ਜੀਵਨ ਨੂੰ ਲੈ ਕੇ ਸੀ। ਉਸ ਦੇ ਜਨਮ ਦਾ ਕੀ ਮਨੋਰਥ ਹੈ ਤੇ ਉਸ ਨੂੰ ਕਿਵੇਂ ਪ੍ਰਾਪਤ ਕਰਨਾ ਹੈ, ਇਹ ਸਵਾਲ ਸ੍ਰਿਸ਼ਟੀ ਦੀ ਸਿਰਜਨਾ ਤੋਂ ਹੀ ਇੱਕ ਗੁੜ੍ਹ ਬੁਝਾਰਤ ਬਣਿਆ ਹੋਇਆ ਸੀ। ਵੱਖ-ਵੱਖ ਵਿਚਾਰ ਸਮੇਂ-ਸਮੇਂ 'ਤੇ ਉਸ ਦੇ ਸਾਹਮਣੇ ਆਉਂਦੇ ਰਹੇ। ਵਿਚਾਰਾਂ ਦਾ ਆਪਸੀ ਟਕਰਾਵ ਇੱਕ ਭਿੰਨ ਕਿਸਮ ਦੀ ਸਮੱਸਿਆ ਬਣ ਗਿਆ। ਸਮਾਜ ਟੁਕੜਿਆਂ ਵਿਚ ਵੰਡ ਗਿਆ ਤੇ ਜੀਵਨ ਦਸ਼ਾ ਬਦ ਤੋਂ ਬਦਤਰ ਹੁੰਦੀ ਚਲੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਸਾਰੇ ਭਰਮ ਦੂਰ ਕਰ ਜਿੱਥੇ ਜੀਵਨ ਦੀ ਸੇਧ ਪ੍ਰਦਾਨ ਕੀਤੀ, ਸਮਾਜ ਨੂੰ ਜੋੜਨ ਦਾ ਵੀ ਮਹਾਨ ਉਪਕਾਰ ਕੀਤਾ "ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ"। ਕਿਸੇ ਨੇ ਆਪਣੇ ਰਾਜ ਪਾਟ ਨੂੰ, ਕਿਸੇ ਨੇ ਆਪਣੇ ਗਿਆਨ ਨੂੰ, ਕਿਸੇ ਨੇ ਆਪਨੀ ਦੌਲਤ ਤੇ ਕਿਸੇ ਆਪਣੇ ਕੁਲ, ਵੰਸ਼ ਨੂੰ ਸੱਚ ਮੰਨ ਲਿਆ ਸੀ। ਗੁਰੂ ਨਾਨਕ ਸਾਹਿਬ ਨੇ ਸੁਚੇਤ ਕਰਦਿਆਂ ਕਿਹਾ ਕਿ ਸੱਚ ਤਾਂ ਬਸ ਇੱਕੋ ਇੱਕ ਪ੍ਰਮਾਤਮਾ ਹੈ, ਜੋ ਆਦਿ ਕਾਲ ਤੋਂ ਹੈ ਤੇ ਸਦਾ ਹੀ ਰਹਿਣ ਵਾਲਾ ਹੈ "ਆਦਿ ਸਚੁ ਜੁਗਾਦਿ ਸਚੁ, ਹੈ ਭੀ ਸਚੁ ਨਾਨਕ ਹੋਸੀ ਭੀ ਸਚੁ" । ਗੁਰੂ ਨਾਨਕ ਸਾਹਿਬ ਨੇ ਪ੍ਰਮਾਤਮਾ ਨੂੰ ਮਾਤਰ ਹੋਂਦ ਦੇ ਆਧਾਰ 'ਤੇ ਹੀ ਸੱਚ ਨਹੀਂ ਕਿਹਾ, ਇਸ ਨਾਲ ਉਸ ਦੇ ਸਦਾ ਕਾਇਮ ਰਹਿਣ ਵਾਲੇ ਗੁਣ ਵੀ ਜੋੜੇ। ਗੁਰੂ ਸਾਹਿਬ ਨੇ ਕਿਹਾ ਕਿ ਉਹ ਕਰਤਾ - ਉਪਕਾਰੀ ਹੈ, ਕਿਸੇ ਵੀ ਭੈ ਅੰਦਰ ਨਹੀਂ - ਅਚਿੰਤ ਹੈ, ਨਿਰਮਲ ਬਿਰਤੀ ਵਾਲਾ ਹੈ ਤੇ ਅਵਿਨਾਸ਼ੀ ਹੈ। ਗੁਰੂ ਸਾਹਿਬਾਨ ਨੇ ਜਿਸ ਸੱਚ ਤੋਂ ਲੋਕਾਈ ਨੂੰ ਰੂਬਰੂ ਕਰਾਇਆ, ਉਹ ਗੁਣੀ ਤੇ ਕਲਿਆਣਕਾਰੀ ਸੀ। ਗੁਰਬਾਣੀ ਨੇ ਸੇਧ ਦਿੱਤੀ ਕਿ ਜਿਸ ਸੁੱਖ ਦੀ ਆਸ 'ਚ ਮਨੁੱਖ ਭਟਕ ਰਿਹਾ ਹੈ, ਉਹ ਸੱਚ ਸਵਰੂਪ ਪ੍ਰਮਾਤਮਾ ਕੋਲੋਂ ਹੀ ਮਿਲਣਾ ਹੈ "ਏਕੁ ਅਰਾਧਹੁ ਸਚਾ ਸੋਇ, ਜਾ ਕੀ ਸਰਨਿ ਸਦਾ ਸੁਖੁ ਹੋਇ"। ਗੁਰਬਾਣੀ ਨੇ ਉਸ ਸੱਚ ਨਾਲ ਜੋੜਨ ਦੀ ਗੱਲ ਕੀਤੀ, ਜਿੱਥੇ ਮਨੁੱਖੀ ਦੁੱਖਾਂ ਦਾ ਪੂਰਨ ਨਿਦਾਨ ਹੈ। ਗੁਰਬਾਣੀ ਨੇ ਮਨੁੱਖੀ ਹੰਕਾਰ ਨੂੰ ਤੋੜਨ ਤੇ ਵਿਕਾਰਾਂ ਤੋਂ ਦੂਰ ਕਰਨ ਲਈ ਸੱਚ ਦਾ ਦੂਜਾ ਪੱਖ ਵੀ ਸਾਹਮਣੇ ਰੱਖਿਆ। ਇਹ ਦੂਜਾ ਪੱਖ ਸੀ ਮਨੁੱਖ ਦੀ ਹੋਂਦ ਦਾ ਇੱਕ ਦਮ, ਪਲ ਦਾ ਹੋਣਾ, ਅਗਲੇ ਸਵਾਸ ਦਾ ਯਕੀਨੀ ਨਾ ਹੋਣਾ। ਮਨੁੱਖ ਕੋਲ ਜੀਵਨ ਦੇ ਕਿੰਨੇ ਪਲ ਹਨ, ਇਹ ਨਹੀਂ ਜਾਣਿਆ ਜਾ ਸਕਦਾ "ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ" । ਮਨੁੱਖ ਨੇ ਜੀਵਨ ਨੂੰ ਸੱਚ ਮੰਨ ਕੇ ਜੀਉਣਾ ਆਰੰਭ ਕਰ ਦਿੱਤਾ, ਜੋ ਉਸ ਦੀ ਵੱਡੀ ਅਗਿਆਨਤਾ ਸੀ। ਮਨੁੱਖ ਦੇ ਜੀਵਨ ਦਾ ਸੱਚ ਉਸ ਮਹਿਮਾਨ ਵਰਗਾ ਹੈ, ਜੋ ਰਾਤ ਬਿਤਾਉਣ ਲਈ ਆਇਆ ਹੈ। ਉਸ ਨੂੰ ਪਤਾ ਹੈ ਕਿ ਸਵੇਰ ਹੁੰਦੀਆਂ ਹੀ ਉਸ ਨੇ ਇੱਥੋਂ ਕੂਚ ਕਰ ਜਾਣਾ ਹੈ, ਕਿਸੇ ਨਵੇਂ ਟਿਕਾਣੇ ਲਈ।

ਮਨੁੱਖ ਨੇ ਇਸ ਸੱਚ ਨੂੰ ਵਿਸਾਰ ਦਿੱਤਾ ਤੇ ਜੁਗਾਂ ਤੱਕ ਜੀਉਣ ਦੇ ਵਸੀਲੇ ਬਣਾਉਣ ਦੇ ਫੇਰ 'ਚ ਪੈ ਗਿਆ "ਏਕ ਰੈਣ ਕੇ ਪਾਹੁਨ ਤੁਮ ਆਏ ਬਹੁ ਜੁਗ ਆਸ ਬਧਾਏ"। ਗੁਰੂ ਸਾਹਿਬਾਨ ਨੇ ਵਚਨ ਕੀਤੇ ਕਿ ਜੀਵਨ ਦੇ ਸੱਚ ਨੂੰ ਨਾ ਸਮਝਣ ਕਾਰਨ ਉਸ ਦਾ ਜੀਵਨ ਮਾਇਆ ਦੇ ਫੇਰ ਵਿਚ ਪਾਪ ਕਰਦਿਆਂ ਨਿਹਫਲ ਚਲਾ ਜਾਂਦਾ ਹੈ "ਦੇਖੈ ਸੁਣੇ ਨ ਜਾਣਈ ਮਾਇਆ ਮੋਹਿਆ ਅੰਧੁ ਜੀਉ, ਕਾਚੀ ਦੇਹਾ ਵਿਣਸਣੀ ਕੂੜੁ ਕਮਾਵੈ ਧੰਧੁ ਜੀਉ"। ਮਾਇਆ ਦੇ ਅਸਰ ਹੇਠ ਮਨੁੱਖ ਜੋ ਕੁਝ ਵੀ ਕਰਦਾ ਹੈ ਗੁਰਬਾਣੀ ਨੇ ਉਸ ਨੂੰ ਕੂੜ੍ਹ ਮੰਨਿਆ। ਗੁਰਬਾਣੀ ਨੇ ਮਾਇਆ ਦੇ ਛਲ-ਬਲ ਦੀ ਤਾਕਤ ਨੂੰ ਸਵੀਕਾਰ ਕੀਤਾ, ਜੋ ਲਗਭਗ ਸਾਰੀ ਲੋਕਾਈ ਦਾ ਜੀਵਨ ਨਾਸ਼ ਕਰ ਰਹੀ ਸੀ "ਮਾਇਆ ਐਸੀ ਮੋਹਨੀ ਭਾਈ, ਜੇਤੇ ਜੀਅ ਤੇਤੇ ਡਹਕਾਈ"। ਗੁਰਬਾਣੀ ਨੇ ਮੋਹ ਮਾਇਆ ਦੇ ਸਾਰੇ ਫੰਧ ਤੋੜਦਿਆਂ ਸੁਚੇਤ ਕੀਤਾ ਕਿ "ਨਾਂਗੇ ਆਵਣਾ ਨਾਂਗੇ ਜਾਣਾ ਹਰਿ ਹੁਕਮੁ ਪਾਇਆ ਕਿਆ ਕੀਜੈ"। ਗੁਰੂ ਨਾਨਕ ਸਾਹਿਬ ਨੇ ਮਨੁੱਖ ਦਾ ਜੀਵਨ ਕਿੰਨਾ ਹੀ ਲੰਬਾ ਹੋਵੇ, ਕਿੰਨੇ ਹੀ ਸੁੱਖ ਸਾਧਨ ਜੁਟਾ ਲਵੇ, ਸਭ ਕੁਝ ਇੱਥੇ ਹੀ ਛੱਡ ਕੇ ਚਲੇ ਜਾਣਾ ਹੈ "ਲਖ ਸਿਉ ਪ੍ਰੀਤਿ ਹੋਵੈ ਲਖ ਜੀਵਣੁ ਕਿਆ ਖੁਸੀਆ ਕਿਆ ਚਾਉ, ਵਿਛੁੜਿਆ ਵਿਸੁ ਹੋਇ ਵਿਛੋੜਾ ਏਕ ਘੜੀ ਮਹਿ ਜਾਇ"। ਘੜੀ ਵੀ ਨਹੀਂ ਲੱਗਦੀ ਸਭ ਕੁਝ ਪਰਾਇਆ ਹੋ ਜਾਂਦਾ ਹੈ। ਗੁਰਬਾਣੀ ਨੇ ਅਜਿਹੇ ਮਨੁੱਖੀ ਜੀਵਨ ਦੀ ਕਲਪਨਾ ਨੂੰ ਹਕੀਕਤ ਬਣਾਇਆ, ਜੋ ਅਚਿੰਤ ਹੋਵੇ, ਨਿਰਭਉ ਹੋਵੇ ਤੇ ਸਿਦਕ ਨਾਲ ਭਰਪੂਰ ਹੋਵੇ। ਚਿੰਤਾ ਮਾਇਆ ਦੇ ਮੋਹ ਤੋਂ ਜਨਮ ਲੈ ਰਹੀ ਸੀ, ਡਰ ਆਪਣੇ ਵਿਕਾਰਾਂ ਤੋਂ ਪੈਦਾ ਹੋ ਰਹੇ ਸਨ। ਗੁਰਬਾਣੀ ਨੇ ਮੋਹ ਤੇ ਵਿਕਾਰਾਂ ਤੋਂ ਮੁਕਤ ਕਰ ਪ੍ਰਮਾਤਮਾ ਨਾਲ ਮਨ ਤ੍ਰਿਪਤ ਕਰ ਦੇਣ ਵਾਲ ਸਬੰਧ ਕਾਇਮ ਕੀਤਾ "ਮਨੁ ਤ੍ਰਿਪਤਾਨਾ ਹਰਿ ਗੁਣ ਗਾਇਆ"। ਇਹ ਮਾਰਗ ਭਰਮਾਂ ਦੇ ਹਨੇਰੇ ਤੋਂ ਉਬਾਰਨ ਵਾਲਾ ਸੀ "ਅੰਧ ਕੂਪ ਤੇ ਕਰੁ ਗਹਿ ਲੀਨਾ"।

ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਸੱਚ ਨੂੰ ਪ੍ਰਾਪਤ ਕਰਨ ਲਈ ਸੱਚ ਧਾਰਨ ਕਰਨ ਦੀ ਪ੍ਰੇਰਨਾ ਕੀਤੀ। ਸੰਸਾਰ ਅੰਦਰ ਕੋਈ ਕਰਾਮਾਤ ਨਹੀਂ। ਸੱਚ ਦੀ ਹਕੂਮਤ ਹੈ ਤੇ ਸੱਚ ਦੀ ਹੀ ਸਦਾ ਵਡਿਆਈ ਹੈ। ਪ੍ਰਮਾਤਮਾ ਮਨੁੱਖ ਦੇ ਕੇਵਲ ਗੁਣਾਂ ਦੀ ਕੀਮਤ ਪਾਉਂਦਾ ਹੈ "ਜਿਸ ਨੋ ਹਰਿ ਭਗਤਿ ਸਚੁ ਬਖਸੀਅਨੁ ਸੋ ਸਚਾ ਸਾਹੁ"। ਭਾਈ ਮਰਦਾਨਾ ਜੀ, ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਜਿਹੇ ਗੁਰਸਿੱਖਾਂ ਦੀ ਇਕ ਵੱਡੀ ਜਮਾਤ ਤਿਆਰ ਹੋਈ ਜੋ ਸੱਚ ਦੇ ਧਾਰਨੀ ਹੋਣ ਕਾਰਣ ਇਤਿਹਾਸ ਦੇ ਸਤਿਕਾਰਤ ਨਾਇਕ ਬਣ ਗਏ। ਸੱਚ ਦੀ ਵਡਿਆਈ ਭਾਈ ਲਹਿਣਾ ਜੀ ਤੋਂ ਗੁਰੂ ਅੰਗਦ ਸਾਹਿਬ, ਬਾਬਾ ਅਮਰਦਾਸ ਜੀ ਤੋਂ ਗੁਰੂ ਅਮਰਦਾਸ ਸਾਹਿਬ ਤੇ ਭਾਈ ਜੇਠਾ ਜੀ ਤੋਂ ਗੁਰੂ ਰਾਮਦਾਸ ਸਾਹਿਬ ਬਣਾਉਣ ਵਾਲੀ ਸਿੱਧ ਹੋਈ। ਗੁਰਬਾਣੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਿਮਾ ਦਾ ਸ਼ਬਦਾਂ ਤੋਂ ਨਿਕਲ ਅਸਲ ਜੀਵਨ 'ਚ ਪ੍ਰਗਟ ਹੋਈ "ਸਤਿਗੁਰੁ ਆਖੈ ਸਚਾ ਕਰੇ ਸਾ ਬਾਤ ਹੋਵੈ ਦਰਹਾਲੀ"। ਗੁਰ ਸ਼ਬਦ ਨੇ ਮਨੁੱਖੀ ਸਮਾਜ ਤੇ ਵਿਆਪਕ 'ਤੇ ਗਹਿਰਾ ਅਸਰ ਪਾਇਆ। ਸ਼ਬਦ ਨੂੰ ਗੁਰੂ ਮੰਨਣ ਦਾ ਵੀਚਾਰ ਹੀ ਆਪਣੇ ਆਪ ਵਿਚ ਅਦੁੱਤੀ ਤੇ ਲਾਸਾਨੀ ਸੀ। ਦੁਨੀਆਂ ਦੀ ਹਰ ਨਿੱਕੀ-ਵੱਡੀ ਤਾਕਤ ਨੂੰ ਦਰਕਿਨਾਰ ਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋਣਾ ਸੱਚ ਦੀ ਸੱਤਾ ਨੂੰ ਸਵੀਕਾਰ ਕਰਣਾ ਸੀ। ਪ੍ਰਮਾਤਮਾ ਨੇ ਗੁਰ ਸ਼ਬਦ ਰਾਹੀਂ ਸੰਸਾਰ ਅੰਦਰ ਸੱਚ ਵਰਤਾਇਆ ਤੇ ਸ਼ਬਦ ਅੰਦਰ ਆਪਣੀ ਹੋਂਦ ਨੂੰ ਸਮੋ ਕੇ ਲੋਕਾਈ ਦੇ ਕਲਿਆਣ ਦਾ ਮਾਰਗ ਬਣਾਇਆ "ਆਪੇ ਸਚਾ ਸਚੁ ਵਰਤਾਏ, ਇਕਿ ਜਨ ਸਾਚੈ ਆਪੇ ਲਾਏ, ਸਾਚੋ ਸੇਵਹਿ ਸਾਚੁ ਕਮਾਵਹਿ ਨਾਮੇ ਸਚਿ ਸਮਾਹਾ ਹੇ"। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਰਣ ਨਿਰਮਲ ਪੰਥ ਦਾ ਧਾਰਣੀ ਹੋਣਾ ਹੈ "ਪ੍ਰਭੁ ਆਰਾਧਨ ਨਿਰਮਲ ਰੀਤਿ"। ਗੁਣਾਂ ਦੀ ਮਹੱਤਤਾ ਨੂੰ ਜਾਨਣਾ ਤੇ ਗੁਣਾਂ ਨੂੰ ਜੀਵਨ ਦਾ ਆਧਾਰ ਬਣਾਉਣਾ ਸੱਚੀ ਸੇਵਾ ਹੈ "ਸਿਮਰਤ ਨਾਮ ਪੂਰਨ ਆਚਾਰ"।

ਸ੍ਰੀ ਗੁਰੂ ਗ੍ਰੰਥ ਸਾਹਿਬ ਸੰਸਾਰ ਦੀ ਇਕੱਲੀ ਤੇ ਨਿਵੇਕਲੀ ਸ਼ਬਦ ਸ਼ਕਤੀ ਹੈ, ਜਿਸ ਅੱਗੇ ਕਰੋੜਾਂ ਸਿਰ ਨਿਤ ਨਿਉਂਦੇ ਹਨ ਤੇ ਜੀਵਨ ਲਈ ਹੁਕਮ ਪ੍ਰਾਪਤ ਕਰਦੇ ਹਨ। ਇਹ ਹੁਕਮ ਕਿਸੇ ਨਿੱਜੀ ਲੋੜ ਨੂੰ ਪ੍ਰਣ ਕਰਨ ਲਈ ਨਹੀਂ ਸਹਿਜ, ਸੰਤੋਖ, ਪ੍ਰੇਮ, ਸੇਵਾ ਤੇ ਸਿਮਰਨ ਲਈ ਹੁੰਦੇ ਹਨ।

ਗੁਰ ਕੇ ਚਰਨ ਕਮਲ ਨਮਸਕਾਰਿ॥
ਕਾਮੁ ਕ੍ਰੋਧੁ ਇਸੁ ਤਨ ਤੇ ਮਾਰਿ॥
ਹੋਇ ਰਹੀਐ ਸਗਲ ਕੀ ਰੀਨਾ॥
ਘਟਿ ਘਟਿ ਰਮਈਆ ਸਭ ਮਹਿ ਚੀਨਾ॥
(ਪੰਨਾ ੮੬੬)

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਧਾਰਨ ਕਰਣਾ ਵਿਕਾਰਾਂ ਨੂੰ ਤਿਆਗਣਾ, ਗੁਣਾਂ ਨੂੰ ਧਾਰਣ ਕਰਣਾ ਤੇ ਹਰ ਜੀਵ ਅੰਦਰ ਪ੍ਰਮਾਤਮਾ ਦਾ ਰੂਪ ਵੇਖਣਾ ਹੈ। ਅੱਜ ਭੌਤਿਕਤਾਵਾਦੀ ਤੇ ਵੈਸ਼ਵਿਕ ਦਬਾਅ ਹੇਠ ਕਰਾਹ ਰਹੇ ਸੰਸਾਰ ਨੂੰ ਇਸ ਕਰਿਸ਼ਮੇ ਦੀ ਲੋੜ ਹੈ।

# ਅਲਵਿਦਾ ! ਵਿਅੰਗ ਦੇ ਬਾਦਸ਼ਾਹ : ਜਸਵਿੰਦਰ ਸਿੰਘ ਭੱਲਾ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਮਿਹਰ ਮਿੱਤਲ ਤੋਂ ਬਾਅਦ ਮਜ਼ਾਹੀਆ ਕਲਾਕਾਰ ਦੇ ਤੌਰ 'ਤੇ ਪੰਜਾਬੀਆਂ ਦੇ ਦਿਲਾਂ ਨੂੰ ਮੋਹ ਲੈਣ ਵਾਲਾ ਜਸਵਿੰਦਰ ਸਿੰਘ ਭੱਲਾ 65 ਸਾਲ ਸਾਢੇ ਤਿੰਨ ਮਹੀਨੇ ਦੀ ਉਮਰ ਭੋਗਕੇ ਅਚਾਨਕ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ ਹੈ। ਉਹ ਬਹੁ-ਪੱਖੀ, ਬਹੁ-ਪਰਤੀ, ਬਹੁ-ਵਿਧਾਵੀ, ਕਲਾਕਾਰ, ਅਦਾਕਾਰ ਅਤੇ ਡਾਇਰੈਕਟਰ ਸੀ। 1985 ਤੋਂ 2025 ਤੱਕ 40 ਸਾਲ ਉਹ ਪੰਜਾਬੀ ਫ਼ਿਲਮੀ, ਅਦਾਕਾਰੀ ਤੇ ਸੰਗੀਤ ਜਗਤ ਵਿਚ ਧਰੂ ਤਾਰੇ ਦੀ ਤਰ੍ਹਾਂ ਚਮਕਦਾ ਰਿਹਾ ਹੈ। ਭਾਵੇਂ ਜਸਵਿੰਦਰ ਸਿੰਘ ਭੱਲਾ ਇਸ ਸੰਸਾਰ ਵਿਚ ਸਰੀਰਕ ਤੌਰ 'ਤੇ ਨਹੀਂ ਰਿਹਾ, ਪ੍ਰੰਤੂ ਉਸਦੇ ਵਿਅੰਗ ਤੇ ਹਾਸਿਆਂ ਦੇ ਫ਼ੁਹਾਰੇ ਰਹਿੰਦੀ ਦੁਨੀਆਂ ਤੱਕ ਪੰਜਾਬੀਆਂ ਨੂੰ ਜਸਵਿੰਦਰ ਭੱਲਾ ਦੀ ਯਾਦ ਤਾਜ਼ਾ ਕਰਵਾਉਂਦੇ ਰਹਿਣਗੇ। ਲੋਕਾਂ ਨੂੰ ਖ਼ੁਸ਼ੀਆਂ ਤੇ ਹਾਸੇ ਵੰਡਣ ਵਾਲਾ ਜਸਵਿੰਦਰ ਸਿੰਘ ਭੱਲਾ ਪੰਜਾਬੀ ਸੰਸਾਰ ਨੂੰ ਉਦਾਸੀ ਦੇ ਮੰਜਰ ਵਿਚ ਪਾ ਗਿਆ। ਪੰਜਾਬੀ ਵਿਚ ਵਿਅੰਗ ਦੇ ਮਜ਼ਾਹੀਆ ਕਲਾਕਾਰ ਦੇ ਤੌਰ 'ਤੇ ਪੰਜਾਬੀ ਸੰਸਾਰ ਵਿਚ ਪ੍ਰਸਿੱਧ ਜਸਵਿੰਦਰ ਸਿੰਘ ਭੱਲਾ ਦਾ ਅਜੇ ਤੱਕ ਕੋਈ ਸਾਨੀ ਪੈਦਾ ਨਹੀਂ ਹੋ ਸਕਿਆ। ਲੁਧਿਆਣਾ ਜ਼ਿਲ੍ਹੇ ਦੀ ਪਿੰਡ ਕੱਦੋਂ ਦੀ ਜ਼ਰਖ਼ੇਜ ਸਾਹਿਤਕ ਤੇ ਸੰਗੀਤਕ ਧਰਤੀ ਦਾ ਧਰਤੀ ਪੁੱਤਰ ਜਸਵਿੰਦਰ ਸਿੰਘ ਭੱਲਾ ਦੇ ਸਮਾਜਿਕ ਕੁਰੀਤੀਆਂ ਜਿਨ੍ਹਾਂ ਵਿਚ ਭਰੂਣ ਹੱਤਿਆ, ਨਸ਼ੇ ਅਤੇ ਬੇਰੋਜ਼ਗਾਰੀ ਬਾਰੇ ਤਿੱਖੇ ਵਿਅੰਗ ਦੀ ਮਾਰ ਨੂੰ ਸਹਿਣਾ ਮੁਸ਼ਕਲ ਹੀ ਨਹੀਂ, ਸਗੋਂ ਅਸੰਭਵ ਹੁੰਦਾ ਸੀ। ਉਸਦੇ ਵਿਅੰਗ ਦੇ ਤੀਰ ਢਿੱਡੀਂ ਪੀੜਾਂ ਪਾ ਦਿੰਦੇ ਸਨ। ਵਿਅੰਗ ਦੇ ਖੇਤਰ ਵਿਚ ਜਸਵਿੰਦਰ ਭੱਲਾ ਦਾ ਅੰਦਾਜ਼ ਵੱਖਰਾ ਸੀ। ਉਸਦਾ ਤਕੀਆ ਕਲਾਮ ਅਤੇ ਡਾਇਲਾਗ ਜਿਵੇਂ 'ਮੈਂ ਤਾਂ ਭੰਨ ਦਊਂ ਬੁਲਾਂ ਨਾਲ ਅਖ਼ਰੋਟ', 'ਜੇ ਚੰਡੀਗੜ੍ਹ ਢਹਿ ਜਾਊ ਤਾਂ ਪਿੰਡਾਂ ਵਰਗਾ ਤਾਂ ਰਹਿ ਜਾਊ' ਅਤੇ 'ਢਿਲੋਂ ਨੇ ਐਵੇਂ ਕਾਲਾ ਕੋਟ ਨਹੀਂ ਪਾਇਆ' ਆਦਿ ਦਰਸ਼ਕਾਂ ਨੂੰ ਹੱਸਣ ਲਈ ਮਜਬੂਰ ਕਰ ਦਿੰਦੇ ਸਨ। ਉਸ ਦੀਆਂ ਛਣਕਾਟਾ ਸੀਰੀਜ਼ ਦੀਆਂ ਹੁਣ ਤੱਕ 29 ਆਡੀਓਜ਼, ਵੀਡੀਓਜ਼ ਅਤੇ ਐਲਬਮਾਂ ਆ ਚੁੱਕੀਆਂ ਹਨ। ਇਸ ਤੋਂ ਇਲਾਵਾ ਉਹ 50 ਦੇ ਲਗਪਗ ਪੰਜਾਬੀ ਫਿਲਮਾਂ ਵਿਚ ਅਦਾਕਾਰੀ ਕਰ ਚੁੱਕੇ ਹਨ। ਚਾਚਾ ਚਤਰ ਸਿੰਘ ਜਸਵਿੰਦਰ ਭੱਲਾ ਦਾ ਕ੍ਰੈਕਟਰ ਬਹੁਤ ਹਰਮਨ ਪਿਆਰਾ ਹੋਇਆ ਸੀ। ਚਾਚਾ ਚਤਰ ਸਿੰਘ ਦੇ ਕ੍ਰੈਕਟਰ ਨੇ ਉਸਨੂੰ ਸੰਸਾਰ ਵਿਚ ਹਰਮਨ ਪਿਆਰਾ ਕਰ ਦਿੱਤਾ। ਉਸ ਤੋਂ ਬਾਅਦ ਜਸਵਿੰਦਰ ਸਿੰਘ ਭੱਲਾ ਦਾ ਸਿਤਾਰਾ ਚੜ੍ਹਦਾ ਹੀ ਗਿਆ। ਜਸਵਿੰਦਰ ਸਿੰਘ ਭੱਲਾ ਸਰਲ ਸ਼ਬਦਾਵਲੀ ਵਿਚ ਡੂੰਘਾ ਵਿਅੰਗ ਕਰਨ ਦੇ ਮਾਹਿਰ ਦੇ ਤੌਰ 'ਤੇ ਜਾਣੇ ਜਾਂਦੇ ਹਨ। ਸਹਿਜ ਸੁਭਾਅ ਹੀ ਉਹ ਵਿਅੰਗ ਦੇ ਅਜਿਹੇ ਤਿੱਖੇ ਤੀਰ ਮਾਰਦਾ ਸੀ ਕਿ ਹਾਸਿਆਂ ਦਾ ਫੁਹਾਰਾ ਵਗਣ ਲੱਗ ਜਾਂਦਾ ਸੀ।

1975 ਵਿਚ ਜਸਵਿੰਦਰ ਸਿੰਘ ਭੱਲਾ ਦੀ ਆਪਣੇ ਦੋ ਸਹਿਯੋਗੀ ਕਲਾਕਾਰਾਂ ਦੇ ਨਾਲ ਆਲ ਇੰਡੀਆ ਰੇਡੀਓ ਦੇ ਪ੍ਰੋਗਰਾਮਾਂ ਲਈ ਚੋਣ ਹੋ ਗਈ। ਸਾਹਿਤਕ, ਗਾਇਕੀ ਅਤੇ ਸੰਗੀਤਕ ਰੁਚੀਆਂ ਦੇ ਬਾਦਸ਼ਾਹ ਜਗਦੇਵ ਸਿੰਘ ਜੱਸੋਵਾਲ ਨੇ ਲੁਧਿਆਣਾ ਵਿਚ ਪ੍ਰੋ. ਮੋਹਨ ਸਿੰਘ ਮੇਲੇ ਆਯੋਜਿਤ ਕਰਨੇ ਸ਼ੁਰੂ ਕੀਤੇ, ਤਾਂ ਉਨ੍ਹਾਂ ਨੇ ਜਸਵਿੰਦਰ ਸਿੰਘ ਭੱਲਾ ਅਤੇ ਬਾਲ ਮੁਕੰਦ ਸ਼ਰਮਾ ਨੂੰ ਵੀ ਉਥੇ ਆਪਣਾ ਪ੍ਰੋਗਰਾਮ ਕਰਨ ਲਈ ਬੁਲਾਇਆ ਸੀ। ਇਸ ਮੌਕੇ 'ਤੇ ਦੂਰਦਰਸ਼ਨ ਜਲੰਧਰ ਦੇ ਅਧਿਕਾਰੀ ਆਏ ਹੋਏ ਸਨ, ਜਿਹੜੇ ਜਸਵਿੰਦਰ ਸਿੰਘ ਭੱਲਾ ਅਤੇ ਬਾਲ ਮੁਕੰਦ ਦੀ ਅਦਾਕਾਰੀ ਤੋਂ ਫਿਦਾ ਹੋ ਗਏ। ਫਿਰ ਉਨ੍ਹਾਂ ਦੇ ਪ੍ਰੋਗਰਾਮ ਦੂਰ ਦਰਸ਼ਨ ਜਲੰਧਰ ਤੋਂ ਟੈਲੀਕਾਸਟ ਹੋਣ ਲੱਗੇ। ਉਨ੍ਹਾਂ ਦੀ ਪਹਿਲੀ ਆਡੀਓ ਛਣਕਾਟਾ-88, 1988 ਵਿਚ ਮਾਰਕੀਟ ਵਿਚ ਆਈ ਸੀ।



ਇਸ ਤੋਂ ਬਾਅਦ ਤਾਂ ਚੱਲ ਸੋ ਚੱਲ, ਹਾਸੇ ਦੀਆਂ ਪਟਾਰੀਆਂ ਦਾ ਪ੍ਰਵਾਹ ਲਗਾਤਾਰ ਜਾਰੀ ਰਿਹਾ ਹੈ। ਦੁੱਲਾ ਭੱਟੀ ਜਸਵਿੰਦਰ ਸਿੰਘ ਭੱਲਾ ਦੀ ਪਹਿਲੀ ਫ਼ਿਲਮ ਨੇ ਹੀ ਉਸਦੀ ਫ਼ਿਲਮ ਜਗਤ ਵਿਚ ਪਛਾਣ ਬਣਾ ਦਿੱਤੀ ਸੀ। ਉਸਤੋਂ ਬਾਅਦ ਜ਼ਰਾ ਸੱਜੇ ਖੱਬੇ, ਡੁਗ ਡੁਗੀ ਵਜਦੀ, ਝੁਮਕੇ, ਨਾਟੀ ਬਾਬਾ ਇਨ ਟਾਊਨ, ਮਾਹੌਲ ਠੀਕ ਹੈ, ਜਿਹਨੇ ਮੇਰਾ ਦਿਲ ਲੁੱਟਿਆ, ਜੀਜਾ ਜੀ, ਪਾਵਰ ਕੱਟ, ਕਬੱਡੀ ਵਨਸ ਅਗੇਨ, ਆਪਾਂ ਫਿਰ ਮਿਲਾਂਗੇ, ਮੇਲ ਕਰਾਦੇ ਰੱਬਾ ਅਤੇ ਜੱਟ ਏਅਰਵੇਜ਼, ਕੈਰੀ ਆਨ ਜੱਟਾ-2012, ਵਧਾਈਆਂ ਜੀ-2018, ਕੈਰੀ ਆਨ ਜੱਟਾ-2, 2018, ਮਿਸਟਰ 420, 2014, ਜੱਟ ਤੇ ਜੂਲੀਅਟ 1, 2, 3, ਡੈਡੀ ਕੂਲ ਮੁੰਡੇ ਫ਼ੂਲ, ਆਦਿ ਵਰਣਨਯੋਗ ਫਿਲਮਾਂ ਵਿਚੋਂ ਹਨ। ਇਸ ਤੋਂ ਬਾਅਦ ਦੇਸ਼ ਵਿਦੇਸ਼ ਵਿਚ ਜਸਵਿੰਦਰ ਸਿੰਘ ਭੱਲਾ ਦੀ ਮੰਗ ਵੱਧ ਗਈ। ਉਸਨੇ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਇੰਗਲੈਂਡ ਅਤੇ ਨਿਊਜੀਲੈਂਡ ਦੇਸ਼ ਵਿਦੇਸ਼ ਵਿਚ ਅਣਗਿਣਤ ਸ਼ੋਅ ਕੀਤੇ, ਹਮੇਸ਼ਾ ਹਰ ਸ਼ੋਅ ਵਿਚ ਲੋਕਾਂ ਨੇ ਉਸਦੀ ਅਦਾਕਾਰੀ ਨੂੰ ਹੱਥਾਂ 'ਤੇ ਚੁੱਕ ਕੇ ਮਾਣ ਸਨਮਾਨ ਦਿੱਤਾ। ਪੰਜਾਬੀ ਅਦਾਕਾਰੀ ਦੇ ਖੇਤਰ ਵਿਚ ਸਭ ਤੋਂ ਵੱਧ ਮਾਣ ਸਨਮਾਨ ਜਸਵਿੰਦਰ ਭੱਲਾ ਨੂੰ ਮਿਲੇ ਸਨ। ਇਤਨੀਆਂ ਬੁਲੰਦੀਆਂ 'ਤੇ ਪਹੁੰਚਣ ਤੋਂ ਬਾਅਦ ਵੀ ਉਹ ਜ਼ਮੀਨ ਨਾਲ ਜੁੜਿਆ ਕਲਾਕਾਰ ਤੇ ਅਦਾਕਾਰ ਸੀ। ਨਿਮਰਤਾ ਉਸਦਾ ਗਹਿਣਾ ਸੀ। ਅਦਾਕਾਰੀ ਦੇ ਖੇਤਰ ਵਿਚ ਜਸਵਿੰਦਰ ਸਿੰਘ ਭੱਲਾ ਇੱਕ ਅਮੀਰ ਵਿਰਾਸਤ ਛੱਡ ਕੇ ਗਿਆ ਹੈ। ਉਸਦੇ ਲੜਕਾ ਪੁਖਰਾਜ ਜਸਵਿੰਦਰ ਭੱਲਾ ਦੀ ਵਿਰਾਸਤ ਦਾ ਪਹਿਰੇਦਾਰ ਬਣ ਰਿਹਾ ਹੈ। ਇਤਨੀ ਪ੍ਰਸਿੱਧੀ ਤੋਂ ਬਾਅਦ ਉਸਨੂੰ ਸਰਕਾਰੀ ਅਤੇ ਗ਼ੈਰ ਸਰਕਾਰੀ ਸੰਸਥਾਵਾਂ ਨੇ ਸਨਮਾਨ ਦਿੱਤੇ ਹਨ, ਜਿਨ੍ਹਾਂ ਵਿਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਅਵਾਰਡ 1986-87, ਮੁਹੰਮਦ ਰਫੀ ਅਵਾਰਡ ਪੰਜਾਬ ਬੈਸਟ ਕਾਮੇਡੀਅਨ 1990-91, ਬੈਸਟ ਕਾਮੇਡੀਅਨ ਅਵਾਰਡ ਏਸ਼ੀਅਨ ਮੂਵੀ 1991, ਪੰਜਾਬੀ ਕਾਮੇਡਅਨ ਅਵਾਰਡ ਕੈਨੇਡਾ 1993, ਗੁਰਨਾਮ ਸਿੰਘ ਤੀਰ ਹਾਸ ਵਿਅੰਗ ਪੁਰਸਕਾਰ 1996, ਪੰਜਾਬੀ ਸਾਹਿਤ ਅਤੇ ਕਲਾ ਕੇਂਦਰ ਫ਼ਗਵਾੜਾ ਵੱਲੋਂ ਸਰਵੋਤਮ ਕਾਮੇਡੀ ਅਵਾਰਡ 1998, ਨਿਊਯਾਰਕ ਵਿਖੇ ਸ਼ਾਨਦਾਰ ਕਾਮੇਡੀਅਨ ਅਵਾਰਡ 1999, ਅਜੀਤ ਅਖ਼ਬਾਰ ਵੱਲੋਂ ਬੈਸਟ ਕਾਮੇਡੀ ਪੁਰਸਕਾਰ 2000, ਪੀ.ਟੀ.ਸੀ. ਵੱਲੋਂ 2012, 2013, 2014 ਅਤੇ 2015 ਵਿਚ ਚਾਰ ਵਾਰ ਫ਼ਿਲਮ ਅਵਾਰਡ ਅਤੇ ਪੀ.ਏ.ਯੂ. ਅਲੂਮਨੀ ਵੱਲੋਂ ਸੱਭਿਆਚਾਰ ਅਤੇ ਅਕਾਦਮਿਕ ਪ੍ਰਾਪਤੀਆਂ ਲਈ ਪੁਰਸਕਾਰ ਦਿੱਤਾ ਗਿਆ, ਆਦਿ ਸ਼ਾਮਲ ਹਨ।

ਜਸਵਿੰਦਰ ਸਿੰਘ ਭੱਲਾ ਦਾ ਜਨਮ ਪਿਤਾ ਬਹਾਦਰ ਸਿੰਘ ਭੱਲਾ ਦੇ ਘਰ ਮਾਤਾ ਸਤਵੰਤ ਕੌਰ ਦੀ ਕੁੱਖੋਂ 4 ਮਈ, 1960 ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਕੱਦੋਂ ਵਿਖੇ ਹੋਇਆ ਸੀ। ਉਸ ਦਾ ਵਿਆਹ ਪ੍ਰਮਿੰਦਰ ਕੌਰ (ਪਰਮਦੀਪ ਭੱਲਾ) ਨਾਲ ਹੋਇਆ। ਪ੍ਰਮਿੰਦਰ ਕੌਰ ਫ਼ਾਈਨ ਆਰਟਸ ਟੀਚਰ ਹਨ। ਉਨ੍ਹਾਂ ਦੇ ਦੋ ਬੱਚੇ ਲੜਕਾ ਪੁਖਰਾਜ ਸਿੰਘ ਭੱਲਾ ਅਤੇ ਲੜਕੀ ਅਰਸ਼ਪ੍ਰੀਤ ਕੌਰ ਭੱਲਾ ਹਨ। ਅਰਸ਼ਦੀਪ ਕੌਰ ਨਾਰਵੇ ਵਿਚ ਸੈਟਲ ਹਨ। ਜਸਵਿੰਦਰ ਸਿੰਘ ਭੱਲਾ ਦੇ ਪਿਤਾ ਬਹਾਦਰ ਸਿੰਘ ਭੱਲਾ ਅਧਿਆਪਕ ਸਨ, ਜਿਹੜੇ ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਪਿੰਡ ਕੱਦੋਂ ਤੋਂ ਦੋਰਾਹਾ ਵਿਖੇ ਆ ਕੇ ਰਹਿਣ ਲੱਗ ਪਏ ਸਨ। ਉਸਦਾ ਦਾਦਾ ਰਲਾ ਸਿੰਘ ਪਿੰਡ ਕੱਦੋਂ ਤੋਂ ਹਰ ਰੋਜ਼ ਦੋਰਾਹਾ ਵਿਖੇ ਆਪਣੀ ਦੁਕਾਨ 'ਤੇ ਜਾਂਦਾ ਸੀ। ਜਸਵਿੰਦਰ ਭੱਲਾ ਨੇ ਆਪਣੀ ਮੁੱਢਲੀ ਪੜ੍ਹਾਈ ਪਿੰਡ ਕੱਦੋਂ ਦੇ ਨਾਲ ਹੀ ਬਰਮਾਲੀਪੁਰ ਪਿੰਡ ਵਿਚ ਕੀਤੀ, ਕਿਉਂਕਿ ਉਸਦੇ ਪਿਤਾ ਬਹਾਦਰ ਸਿੰਘ ਉਸ ਸਮੇਂ ਬਰਮਾਲੀਪੁਰ ਸਕੂਲ ਵਿਚ ਪੜ੍ਹਾਉਂਦੇ ਸਨ। ਫਿਰ ਉਸਨੇ ਹਾਇਰ ਸੈਕੰਡਰੀ ਤੱਕ ਦੀ ਪੜ੍ਹਾਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਤੋਂ ਪ੍ਰਾਪਤ ਕੀਤੀ। ਦੋਰਾਹਾ ਸਕੂਲ ਵਿਚ ਪੜ੍ਹਦਿਆਂ ਹੀ ਜਸਵਿੰਦਰ ਸਿੰਘ ਭੱਲਾ ਮੋਨੋ ਐਕਟਿੰਗ ਅਤੇ ਨਾਟਕਾਂ ਵਿਚ ਅਦਾਕਾਰੀ ਕਰਨ ਲੱਗ ਗਿਆ ਸੀ। ਉਸ ਸਮੇਂ ਉਹ ਬਹੁਤ ਸ਼ਰਮੀਲਾ ਹੁੰਦਾ ਸੀ। ਇਹ ਜਾਣਕਾਰੀ ਉਸਦੇ ਪਰਿਵਾਰ ਦੇ ਨਜ਼ਦੀਕੀ ਦੋਰਾਹੇ ਤੋਂ ਜੋਗਿੰਦਰ ਸਿੰਘ ਓਬਰਾਏ ਨੇ ਦਿੱਤੀ ਹੈ। ਉਸ ਤੋਂ ਬਾਅਦ ਉਨ੍ਹਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ ਬੀ.ਐੱਸ.ਸੀ. ਖੇਤੀਬਾੜੀ ਆਨਰਜ਼ ਦੀ ਡਿਗਰੀ 1982 ਵਿਚ ਪ੍ਰਾਪਤ ਕੀਤੀ। ਇਸੇ ਯੂਨੀਵਰਸਿਟੀ ਵਿਚੋਂ ਐੱਮ.ਐੱਸ.ਸੀ. ਐਕਸਟੈਨਸ਼ਨ ਐਜੂਕੇਸ਼ਨ ਦੀ ਡਿਗਰੀ 1985 ਵਿਚ ਪ੍ਰਾਪਤ ਕੀਤੀ। ਫਿਰ ਉਸਨੇ ਖੇਤੀਬਾੜੀ ਵਿਭਾਗ ਵਿਚ ਏ.ਆਈ./ਏ.ਡੀ.ਓ. ਦੀ ਅਸਾਮੀ 'ਤੇ ਪੰਜ ਸਾਲ ਨੌਕਰੀ ਕੀਤੀ। 1989 ਵਿਚ ਉਸਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਖੇਤੀ ਪਾਸਾਰ ਵਿਭਾਗ ਵਿਚ ਲੈਕਚਰਾਰ ਦੀ ਨੌਕਰੀ ਜੁਆਇਨ ਕਰ ਲਈ। ਇਥੇ ਹੀ ਉਹ ਪਹਿਲਾਂ ਐਸੋਸੀਏਟ ਪ੍ਰੋਫ਼ੈਸਰ ਅਤੇ 2020 ਵਿਚ ਪ੍ਰੋਫ਼ੈਸਰ ਅਤੇ ਵਿਭਾਗ ਦੇ ਮੁੱਖ ਬਣ ਗਏ। ਨੌਕਰੀ ਕਰਦਿਆਂ ਹੀ ਜਸਵਿੰਦਰ ਸਿੰਘ ਭੱਲਾ ਨੇ ਸਾਲ 2000 ਵਿਚ ਡਾ. ਦਵਿੰਦਰ ਸਿੰਘ ਦੀ ਅਗਵਾਈ ਵਿਚ ਚੌਧਰੀ ਚਰਨ ਸਿੰਘ ਪੋਸਟ ਗ੍ਰੈਜੂਏਸ਼ਨ ਕਾਲਜ ਮੇਰਠ ਤੋਂ ਐਗਰੀਕਲਚਰ ਐਕਸਟੈਨਸ਼ਨ ਵਿਸ਼ੇ 'ਤੇ ਪੀ.ਐੱਚ.ਡੀ. ਦੀ ਡਿਗਰੀ ਹਾਸਲ ਕੀਤੀ। 31 ਮਈ, 2020 ਨੂੰ ਸੇਵਾਮੁਕਤ ਹੋਏ ਹਨ। ਆਪਣੀ ਨੌਕਰੀ ਦੌਰਾਨ ਉਹ ਆਪਣੀ ਕਲਾ ਦਾ ਪ੍ਰਗਟਾਵਾ ਲਗਾਤਾਰ ਕਰਦੇ ਰਹੇ। 20 ਅਗਸਤ ਨੂੰ ਜਸਵਿੰਦਰ ਭੱਲਾ ਨੂੰ ਬ੍ਰੇਨ ਹੈਮਰੇਜ ਹੋਇਆ। ਉਸਤੋਂ ਤੁਰੰਤ ਬਾਅਦ ਉਸਨੂੰ ਇੱਕ ਪ੍ਰਾਈਵੇਟ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ, ਪ੍ਰੰਤੂ ਇਹ ਬ੍ਰੇਨ ਹੈਮਰੇਜ ਘਾਤਕ ਸਿੱਧ ਹੋਇਆ ਤੇ ਉਹ 22 ਅਗਸਤ ਨੂੰ ਸਵਰਗਵਾਸ ਹੋ ਗਏ। ਉਨ੍ਹਾਂ ਦੇ ਜੱਦੀ ਪਿੰਡ ਕੱਦੋਂ ਅਤੇ ਦੋਰਾਹਾ ਵਿਖੇ ਉਦਾਸੀ ਦੀ ਲਹਿਰ ਛਾ ਗਈ। ਪੰਜਾਬੀ ਜਗਤ ਨੂੰ ਸਮਾਜਿਕ ਬੁਰਾਈਆਂ ਵਿਰੁੱਧ ਰੌਸ਼ਨੀ ਦੇਣ ਵਾਲਾ ਸੰਗੀਤਕ ਦੀਵਾ ਬੁੱਝ ਗਿਆ ਹੈ।

1975 ਵਿਚ ਜਸਵਿੰਦਰ ਸਿੰਘ ਭੱਲਾ ਦੀ ਆਪਣੇ ਦੇ ਸਹਿਯੋਗੀ ਕਲਾਕਾਰਾਂ ਦੇ ਨਾਲ ਆਲ ਇੰਡੀਆ ਰੇਡੀਓ ਦੇ ਪ੍ਰੋਗਰਾਮਾਂ ਲਈ ਚੋਣ ਹੋ ਗਈ। ਸਾਹਿਤਕ, ਗਾਇਕੀ ਅਤੇ ਸੰਗੀਤਕ ਰੁਚੀਆਂ ਦੇ ਬਾਦਸ਼ਾਹ ਜਗਦੇਵ ਸਿੰਘ ਜੱਸੋਵਾਲ ਨੇ ਲੁਧਿਆਣਾ ਵਿਚ ਪ੍ਰੋ. ਮੋਹਨ ਸਿੰਘ ਮੇਲੇ ਆਯੋਜਿਤ ਕਰਨੇ ਸ਼ੁਰੂ ਕੀਤੇ, ਤਾਂ ਉਨ੍ਹਾਂ ਨੇ ਜਸਵਿੰਦਰ ਸਿੰਘ ਭੱਲਾ ਅਤੇ ਬਾਲ ਮੁਕੰਦ ਸ਼ਰਮਾ ਨੂੰ ਵੀ ਉਥੇ ਆਪਣਾ ਪ੍ਰੋਗਰਾਮ ਕਰਨ ਲਈ ਬੁਲਾਇਆ ਸੀ। ਇਸ ਮੌਕੇ 'ਤੇ ਦੂਰਦਰਸ਼ਨ ਜਲੰਧਰ ਦੇ ਅਧਿਕਾਰੀ ਆਏ ਹੋਏ ਸਨ, ਜਿਹੜੇ ਜਸਵਿੰਦਰ ਸਿੰਘ ਭੱਲਾ ਅਤੇ ਬਾਲ ਮੁਕੰਦ ਦੀ ਅਦਾਕਾਰੀ ਤੋਂ ਫਿਦਾ ਹੋ ਗਏ।



# ਪਰਵਾਸ ਦੇ ਰੁਝਾਨ ਦੇ ਰੁਕਣ ਦੇ ਦੂਜੇ ਪੱਖ ਨੂੰ ਵਿਚਾਰਿਆ ਜਾਵੇ

ਪਿਛਲੇ ਦਿਨੀਂ ਮੀਡੀਏ 'ਚ ਇਹ ਗੱਲ ਕਾਫੀ ਚਰਚਾ 'ਚ ਰਹੀ ਹੈ ਕਿ ਹੁਣ ਸਾਡੇ ਦੇਸ਼ ਵਿਚੋਂ ਮੁੰਡੇ ਕੁੜੀਆਂ ਦਾ ਵਿਦੇਸ਼ ਜਾਣ ਦਾ ਰੁਝਾਨ ਘੱਟ ਹੋ ਗਿਆ ਹੈ। ਪੰਜਾਬ ਵਿਚੋਂ 19% ਮੁੰਡੇ ਕੁੜੀਆਂ ਦਾ ਵਿਦੇਸ਼ ਜਾਣ ਦਾ ਰੁਝਾਨ ਘੱਟ ਹੋਇਆ ਹੈ। ਕੇਵਲ ਵਿਦੇਸ਼ ਜਾਣ ਵਾਲੇ ਮੁੰਡੇ ਕੁੜੀਆਂ ਨੇ ਵਿਦੇਸ਼ ਜਾਣ ਦਾ ਮਨ ਨਹੀਂ ਬਦਲਿਆ, ਸਗੋਂ ਵਿਦੇਸ਼ਾਂ 'ਚ ਕਈ ਸਾਲਾਂ ਤੋਂ ਗਏ ਹੋਏ ਲੋਕ ਵੀ ਉਨ੍ਹਾਂ ਮੁਲਕਾਂ ਨੂੰ ਛੱਡਕੇ ਆਪਣੇ ਦੇਸ਼ ਨੂੰ ਪਰਤ ਆਏ ਹਨ। ਸਾਡੇ ਦੇਸ਼ ਦੇ ਮੁੰਡੇ ਕੁੜੀਆਂ ਤੇ ਹੋਰ ਲੋਕਾਂ ਦੇ ਵਿਦੇਸ਼ ਜਾਣ ਦੇ ਰੁਝਾਨ ਦੇ ਘੱਟ ਹੋਣ ਦੀ ਬੁੱਧੀਜੀਵੀਆਂ, ਸਿਆਸੀ ਲੋਕਾਂ ਤੇ ਹੋਰ ਵਰਗਾਂ ਵਲੋਂ ਭਰਪੂਰ ਖੁਸ਼ੀ ਜ਼ਾਹਿਰ ਕੀਤੀ ਗਈ। ਖੁਸ਼ੀ ਮਨਾਈ ਵੀ ਜਾਣੀ ਚਾਹੀਦੀ ਹੈ ਕਿਉਂਕਿ ਇਸ ਨਾਲ ਸਾਡੇ ਦੇਸ਼ ਦੇ ਅਰਥਚਾਰੇ ਨੂੰ ਲਾਭ ਪਹੁੰਚੇਗਾ। ਸਾਡੇ ਬੱਚਿਆਂ ਨੂੰ ਆਪਣੇ ਮਾਪਿਆਂ ਕੋਲ ਰਹਿਕੇ ਕੰਮ ਕਰਨ ਦਾ ਮੌਕਾ ਮਿਲੇਗਾ। ਵਿਦੇਸ਼ਾਂ 'ਚ ਜਾ ਕੇ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨ ਤੋਂ ਉਹ ਬਚ ਸਕਣਗੇ। ਉਹ ਆਪਣੇ ਦੇਸ਼, ਧਰਤੀ, ਭਾਸ਼ਾ ਅਤੇ ਸੱਭਿਆਚਾਰ ਨਾਲ ਜੁੜੇ ਰਹਿਣਗੇ। ਉਹ ਦੇਸ਼ ਦੀ ਤਰੱਕੀ 'ਚ ਆਪਣਾ ਯੋਗਦਾਨ ਪਾ ਸਕਣਗੇ। ਵਿਦੇਸ਼ ਜਾਣ ਦਾ ਇਹ ਰੁਝਾਨ ਦੇਸ਼, ਸਮਾਜ, ਸੱਭਿਆਚਾਰ ਅਤੇ ਮਾਪਿਆਂ ਦੇ ਹਿਤ ਲਈ ਵੀ ਇੱਕ ਚੰਗਾ ਆਗਾਜ਼ ਹੈ ਪਰ ਹੁਣ ਸਵਾਲ ਖੜ੍ਹਾ ਇਹ ਹੁੰਦਾ ਹੈ ਕਿ ਇਨ੍ਹਾਂ ਬੱਚਿਆਂ ਦੇ ਵਿਦੇਸ਼ ਨਾ ਜਾਣ 'ਤੇ ਕੀ ਸਾਡੇ ਦੇਸ਼ ਦੀਆਂ ਸਰਕਾਰਾਂ ਇਨ੍ਹਾਂ ਬੱਚਿਆਂ ਨੂੰ ਰੋਜ਼ਗਾਰ ਮੁਹੱਈਆ ਕਰਵਾ ਸਕਣਗੀਆਂ? ਕੀ ਸਰਕਾਰਾਂ ਭਵਿੱਖ 'ਚ ਇਨ੍ਹਾਂ ਬੱਚਿਆਂ ਦੇ ਰੋਜ਼ਗਾਰ ਦੀ ਗਾਰੰਟੀ ਲੈਂਦੀਆਂ ਹਨ? ਇਸ ਸਵਾਲ ਉੱਤੇ ਚਰਚਾ ਕਰਨ ਤੋਂ ਪਹਿਲਾਂ ਵਿਦੇਸ਼ ਜਾਣ ਦੇ ਰੁਝਾਨ ਦੇ ਘਟਣ ਨਾਲ ਪੈਦਾ ਹੋਈਆਂ ਸਮੱਸਿਆਵਾਂ ਬਾਰੇ ਚਰਚਾ ਕਰ ਲੈਂਦੇ ਹਾਂ।



ਮੁੰਡੇ ਕੁੜੀਆਂ ਅਤੇ ਹੋਰ ਲੋਕਾਂ ਦੇ ਵਿਦੇਸ਼ ਜਾਣ ਦੇ ਰੁਝਾਨ ਦੇ ਘਟਣ ਨਾਲ ਆਈਲਟ ਕੋਚਿੰਗ ਸੈਂਟਰਾਂ, ਕੈਫੇ ਦੀਆਂ ਦੁਕਾਨਾਂ, ਵੈਸਟਰਨ ਯੂਨੀਅਨ, ਟਰੈਵਲਿੰਗ ਏਜੰਟਾਂ ਦਾ, ਟੈਕਸੀਆਂ ਦਾ ਕਾਰੋਬਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਜਿਨ੍ਹਾਂ ਮੁਲਕਾਂ 'ਚੋਂ ਮੁੰਡੇ ਕੁੜੀਆਂ ਅਤੇ ਹੋਰ ਲੋਕ ਦੂਜੇ ਮੁਲਕਾਂ 'ਚ ਜਾਂਦੇ ਸਨ, ਉਨ੍ਹਾਂ ਮੁਲਕਾਂ ਵਿਚ ਹੀ ਨਹੀਂ, ਸਗੋਂ ਜਿਨ੍ਹਾਂ ਮੁਲਕਾਂ ਵਿਚ ਜਾਂਦੇ ਸਨ, ਉਨ੍ਹਾਂ ਦੇਸ਼ਾਂ 'ਚ ਵੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਖੜ੍ਹੀਆਂ ਹੋਈਆ ਹਨ। ਉਨ੍ਹਾਂ ਦੇਸ਼ਾਂ 'ਚ ਕਾਰੋਬਾਰੀਆਂ ਦਾ ਕਾਰੋਬਾਰ ਪਹਿਲਾਂ ਨਾਲੋਂ ਘੱਟ ਗਿਆ ਹੈ। ਕਾਰਖਾਨੇ ਬੰਦ ਹੋਣ ਕਾਰਨ ਲੋਕਾਂ ਦੀਆਂ ਨੌਕਰੀਆਂ ਚਲੀਆਂ ਗਈਆਂ ਹਨ। ਮੌਲਾਂ ਅਤੇ ਸਟੋਰਾਂ ਦਾ ਕੰਮ ਘਟਣ ਕਾਰਨ ਉਨ੍ਹਾਂ ਨੇ ਮੁੰਡੇ ਕੁੜੀਆਂ ਨੂੰ ਨੌਕਰੀਆਂ ਤੋਂ ਮਨਾ ਕਰ ਦਿੱਤਾ ਹੈ। ਵੇਅਰ ਹਾਊਸਾਂ ਦਾ ਕੰਮ ਘੱਟ ਹੋਣ ਕਾਰਨ ਲੋਕਾਂ ਦੀਆਂ ਨੌਕਰੀਆਂ ਚਲੀਆਂ ਗਈਆਂ ਹਨ। ਕਾਲਜ ਬੰਦ ਹੋਣ ਕਾਰਨ ਅਧਿਆਪਕਾਂ ਅਤੇ ਹੋਰ ਕਰਮਚਾਰੀਆਂ ਨੂੰ ਨੌਕਰੀਆਂ ਤੋਂ ਨਾਂਹ ਕਰ ਦਿੱਤੀ ਗਈ ਹੈ। ਟੈਕਸੀਆਂ, ਇਮੀਗ੍ਰੇਸ਼ਨ, ਬੀਮੇ, ਰੀਅਲ ਇਸਟੇਟ, ਕੋਰੀਅਰ ਦੇ ਕੰਮ ਉੱਤੇ ਬਹੁਤ ਮਾੜਾ ਅਸਰ ਪਿਆ ਹੈ। ਪਰਵਾਸ ਦੇ ਰੁਕਣ ਦੇ ਪ੍ਰਭਾਵ ਨੇ ਕੇਵਲ ਸਾਡੇ ਦੇਸ਼ ਵਿਚ ਹੀ ਨਹੀਂ, ਸਗੋਂ ਵਿਦੇਸ਼ਾਂ 'ਚ ਵੀ ਕਈ ਸਮੱਸਿਆਵਾਂ ਖੜ੍ਹੀਆਂ ਕੀਤੀਆਂ ਹਨ। ਸਰਕਾਰਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਸਾਡੇ ਦੇਸ਼ ਦੇ ਮੁੰਡੇ ਕੁੜੀਆਂ ਅਤੇ ਹੋਰ ਲੋਕਾਂ ਨੇ ਆਪਣੀ ਇੱਛਾ ਨਾਲ ਵਿਦੇਸ਼ਾਂ ਨੂੰ ਜਾਣਾ ਬੰਦ ਨਹੀਂ ਕੀਤਾ, ਸਗੋਂ ਦੋ ਕਾਰਨਾਂ ਕਰਕੇ ਉਨ੍ਹਾਂ ਨੇ ਵਿਦੇਸ਼ਾਂ ਨੂੰ ਜਾਣਾ ਬੰਦ ਕੀਤਾ ਹੈ। ਪਹਿਲਾ ਕਾਰਨ ਕਈ ਪੱਛਮੀ ਮੁਲਕਾਂ ਵੱਲੋਂ ਵਿਦੇਸ਼ੀਆਂ ਦੇ ਆਉਣ ਉੱਤੇ ਪਾਬੰਦੀ ਲਗਾਉਣਾ ਹੈ, ਦੂਜਾ ਕਾਰਨ ਵਿਦੇਸ਼ਾਂ 'ਚ ਰੋਜ਼ਗਾਰ ਨਾ ਮਿਲਣ ਦੀ ਸਮੱਸਿਆ ਖੜ੍ਹੀ ਹੋਣਾ ਹੈ।

ਵਿਦੇਸ਼ਾਂ ਵਲੋਂ ਪ੍ਰਵਾਸੀਆਂ ਦੀ ਆਮਦ ਉੱਤੇ ਰੋਕ ਲਗਾਉਣ ਲਈ ਵਿਦੇਸ਼ੀ ਮੁਲਕਾਂ ਦੀਆਂ ਨੀਤੀਆਂ ਅਤੇ ਪ੍ਰਵਾਸੀਆਂ ਵਲੋਂ ਕੀਤੀਆਂ ਜਾਣ ਵਾਲੀਆਂ ਗਲਤੀਆਂ ਜ਼ਿੰਮੇਵਾਰ ਹਨ। ਵਿਦੇਸ਼ੀ ਨੀਤੀਆਂ ਵਿਚ ਦੂਜੇ ਦੇਸ਼ਾਂ ਤੋਂ ਪ੍ਰਵਾਸੀਆਂ ਨੂੰ ਬੁਲਾ ਤਾਂ ਲਿਆ ਪਰ ਰੋਜ਼ਗਾਰ ਦੇ ਉਨੇ ਮੌਕੇ ਪੈਦਾ ਕਰਨ ਵੱਲ ਧਿਆਨ ਹੀ ਨਹੀਂ ਦਿੱਤਾ। ਵੋਟਾਂ ਦੀ ਰਾਜਨੀਤੀ 'ਚ ਪ੍ਰਵਾਸੀਆਂ ਨੂੰ ਵਾਧੂ ਸਹੂਲਤਾਂ ਦੇਣ ਨਾਲ ਉਨ੍ਹਾਂ ਮੁਲਕਾਂ ਦਾ ਅਰਥਚਾਰਾ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਿਆ। ਮਹਿੰਗਾਈ, ਰਿਸ਼ਵਤਖੋਰੀ, ਬੇਰੋਜ਼ਗਾਰੀ, ਘਰਾਂ ਦੀ ਸਮੱਸਿਆ,

**ਪ੍ਰਿੰਸੀਪਲ ਵਿਜੈ ਕੁਮਾਰ**
ਮਾਧਵ ਨਗਰ ਨੰਗਲ ਟਾਊਨ ਸ਼ਿਪ (ਪੰਜਾਬ)
98726 27136
ਪੰਜਾਬ ਮੇਲ USA

ਸਿਹਤ ਸੇਵਾਵਾਂ ਦੀ ਮਾੜੀ ਹਾਲਤ, ਟੈਕਸਾਂ ਦੇ ਬੋਝ ਅਤੇ ਖਾਮੀਆਂ ਭਰਪੂਰ ਸਿੱਖਿਆ ਪ੍ਰਣਾਲੀ ਨੇ ਪ੍ਰਵਾਸੀਆ ਨੂੰ ਵਿਦੇਸ਼ਾਂ ਵਿਚ ਜਾਣ ਤੋਂ ਰੋਕ ਦਿੱਤਾ ਅਤੇ ਇਨ੍ਹਾਂ ਮੁਲਕਾਂ ਵਿਚ ਰਹਿੰਦੇ ਪ੍ਰਵਾਸੀ ਲੋਕ ਇਨ੍ਹਾਂ ਮੁਲਕਾਂ ਨੂੰ ਛੱਡਣ ਲਈ ਮਜਬੂਰ ਹੋ ਗਏ। ਫ਼ਿਰੌਤੀਆਂ, ਚੋਰੀਆਂ, ਮਾਰ ਮਰਾਈ, ਲੁੱਟਾਂ-ਖੋਹਾਂ, ਧਰਮਾਂ ਦੇ ਅਧਾਰ ਉੱਤੇ ਫ਼ਸਾਦ, ਨਸ਼ਿਆਂ ਦੀ ਵਰਤੋਂ ਅਤੇ ਸਮਗਲਿੰਗ ਨੂੰ ਰੋਕਣ ਲਈ ਨਾ ਤਾਂ ਵਿਦੇਸ਼ੀ ਮੁਲਕਾਂ ਦੀਆਂ ਸਰਕਾਰਾਂ ਨੇ ਲੋੜੀਂਦੀ ਪੁਲਿਸ ਦੀ ਭਰਤੀ ਕੀਤੀ, ਨਾ ਕਾਨੂੰਨਾਂ ਨੂੰ ਸਖ਼ਤ ਕੀਤਾ। ਜਿਸ ਦਾ ਸਿੱਟਾ ਇਹ ਹੋਇਆ ਕਿ ਇਨ੍ਹਾਂ ਮੁਲਕਾਂ ਦਾ ਅੰਤਰਰਾਸ਼ਟਰੀ ਵਕਾਰ ਪੇਤਲਾ ਪੈਣ ਲੱਗ ਪਿਆ ਤੇ ਪ੍ਰਵਾਸੀ ਲੋਕ ਅਸੁਰੱਖਿਆ ਦੀ ਭਾਵਨਾ ਨਾਲ ਇਨ੍ਹਾਂ ਮੁਲਕਾਂ ਨੂੰ ਛੱਡਣ ਅਤੇ ਇਨ੍ਹਾਂ ਮੁਲਕਾਂ ਵਿਚ ਨਾ ਆਉਣ ਬਾਰੇ ਆਪਣਾ ਮਨ ਬਣਾਉਣ ਲੱਗ ਪਏ। ਇਸੀ ਅਸੁਰੱਖਿਆ ਦੇ ਡਰ ਕਾਰਨ ਵਪਾਰੀਆਂ, ਕਾਰੋਬਾਰੀਆਂ, ਕਾਰਖਾਨੇਦਾਰਾਂ ਅਤੇ ਹੋਟਲਾਂ ਦੇ ਮਾਲਕਾਂ ਨੇ ਇਨ੍ਹਾਂ ਮੁਲਕਾਂ ਨੂੰ ਛੱਡਣਾ ਸ਼ੁਰੂ ਕਰ ਦਿੱਤਾ, ਜਿਸ ਨਾਲ ਬੇਰੋਜ਼ਗਾਰੀ ਦੀ ਸਮੱਸਿਆ ਹੋਰ ਵੀ ਗੰਭੀਰ ਹੋ ਗਈ।

ਕਾਲਜਾਂ ਵਲੋਂ ਫੀਸਾਂ 'ਚ ਵਾਧਾ, ਵਪਾਰੀਆਂ, ਕਾਰੋਬਾਰੀਆਂ, ਕਾਰਖਾਨੇਦਾਰਾਂ ਹੋਟਲਾਂ ਦੇ ਮਾਲਕਾਂ ਵਲੋਂ ਕੀਤੇ ਜਾ ਰਹੇ ਆਰਥਿਕ ਸ਼ੋਸ਼ਣ ਤੇ ਬੇਰੋਜਗਾਰੀ ਵਿਚਕਾਰ ਪਿਸ ਰਹੇ ਮੁੰਡੇ ਕੁੜੀਆਂ ਦਾ ਇਨ੍ਹਾਂ ਮੁਲਕਾਂ 'ਚ ਆਉਣ ਤੋਂ ਬੰਦ ਹੋਣਾ ਉਨ੍ਹਾਂ ਦੀ ਮਜਬੂਰੀ ਬਣ ਗਿਆ। ਕੈਨੇਡਾ ਵਰਗੇ ਮੁਲਕਾਂ ਵਿਚ ਟਰੰਪ ਦੀ ਟੈਰਿਫ ਯੋਜਨਾ, ਮਹਿੰਗੀ ਮਜ਼ਦੂਰੀ, ਤੇਲ ਦੇ ਵਪਾਰ ਦੀ ਮੰਦਹਾਲੀ ਤੇ ਟੈਕਸਾਂ ਦੇ ਬੋਝ ਨੇ ਕਾਰਖਾਨੇਦਾਰਾਂ ਲਈ ਗੰਭੀਰ ਸੰਕਟ ਪੈਦਾ ਕਰ ਦਿੱਤਾ ਪਰ ਸਰਕਾਰਾਂ ਨੇ ਉਨ੍ਹਾਂ ਦੀਆਂ ਸਮੱਸਿਆਵਾਂ ਵੱਲ ਕੋਈ ਧਿਆਨ ਹੀ ਨਹੀਂ ਦਿੱਤਾ। ਹੁਣ ਜੇਕਰ ਵਿਦੇਸ਼ੀ ਮੁਲਕਾਂ ਵੱਲੋਂ ਪ੍ਰਵਾਸੀਆਂ ਦੇ ਆਉਣ ਉੱਤੇ ਪਾਬੰਦੀ ਲਗਾਉਣ ਦੀ ਗੱਲ ਕੀਤੀ ਜਾਵੇ, ਤਾਂ ਜਿਨ੍ਹਾਂ ਮੁਲਕਾਂ ਦੇ ਪ੍ਰਵਾਸੀ ਲੋਕਾਂ ਵਲੋਂ ਕੀਤੀਆਂ ਜਾਣ ਵਾਲੀਆਂ ਚੋਰੀਆਂ, ਡਕੈਤੀਆਂ, ਫ਼ਿਰੌਤੀਆਂ, ਲੁੱਟਾਂ-ਖੋਹਾਂ, ਮਾਰ ਮਰਾਈ, ਨਸ਼ਿਆਂ ਦੀ ਸਮਗਲਿੰਗ ਤੇ ਧਰਮਾਂ ਦੇ ਆਧਾਰ 'ਤੇ ਫ਼ਸਾਦ ਕਰਨ ਨਾਲ ਕਾਨੂੰਨ ਵਿਵਸਥਾ ਭੰਗ ਹੁੰਦੀ ਹੋਵੇ, ਟ੍ਰੈਫਿਕ ਨਿਯਮਾਂ ਦੀ ਉਲੰਘਣਾ ਨਾਲ ਦੁਰਘਟਨਾਵਾਂ ਵਿਚ ਵਾਧਾ ਹੋਇਆ ਹੋਵੇ, ਗੰਦਗੀ ਫੈਲਾਉਣ ਨਾਲ ਸਫਾਈ ਵਿਵਸਥਾ ਖਰਾਬ ਹੁੰਦੀ ਹੋਵੇ ਅਤੇ ਟੈਕਸਾਂ ਦੀ ਚੋਰੀ ਕਰਨ, ਬੀਮਾ ਯੋਜਨਾ ਦੀ ਦੁਰਵਰਤੋਂ ਕਰਨ ਕਰਕੇ ਅਰਥਚਾਰਾ ਵਿਗੜਿਆ ਹੋਵੇ, ਉਹ ਮੁਲਕ ਪ੍ਰਵਾਸੀਆਂ ਦੀ ਆਮਦ ਉੱਤੇ ਪਾਬੰਦੀ ਕਿਉਂ ਨਹੀਂ ਲਗਾਉਣਗੇ। ਹੁਣ ਸਵਾਲ ਇਹ ਹੈ ਕਿ ਪ੍ਰਵਾਸ ਦੇ ਘੱਟ ਹੋਣ ਨੂੰ ਸਾਡੀਆਂ ਸਰਕਾਰਾਂ ਨੂੰ ਚੰਗਾ ਸਮਝਣਾ ਚਾਹੀਦਾ ਹੈ ਜਾਂ ਮਾੜਾ? ਜੇਕਰ ਪ੍ਰਵਾਸ ਦੇ ਘੱਟ ਹੋਣ ਨਾਲ ਸਰਕਾਰਾਂ ਨੇ ਉਨ੍ਹਾਂ ਮੁੰਡੇ ਕੁੜੀਆਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਨਾ ਕੀਤੇ, ਤਾਂ ਪ੍ਰਵਾਸ ਦਾ ਰੁੱਕਣਾ ਮੁਲਕ ਲਈ ਆਉਣ ਵਾਲੇ ਸਮੇਂ ਵਿਚ ਗੰਭੀਰ ਸੰਕਟ ਪੈਦਾ ਕਰੇਗਾ। ਵਿਦੇਸ਼ੀ ਮੁਲਕਾਂ ਨੂੰ ਹਾਲਾਤਾਂ ਵਿਚ ਸੁਧਾਰ ਲਿਆਉਣ ਲਈ ਆਪਣੀਆਂ ਨੀਤੀਆਂ ਨੂੰ ਬਦਲਣਾ ਪਵੇਗਾ ਅਤੇ ਪ੍ਰਵਾਸੀਆਂ ਨੂੰ ਆਪਣੀਆਂ ਮਾੜੀਆਂ ਆਦਤਾਂ ਛੱਡਣੀਆਂ ਪੈਣਗੀਆਂ।

# ਨਾਮ ਨਹੀਂ, ਸਗੋਂ ਕੰਮ ਸੱਭਿਆਚਾਰ

**-ਵਿਜੈ ਗਰਗ**
ਰਿਟਾਇਰਡ ਪ੍ਰਿੰਸੀਪਲ, ਐਜੂਕੇਸ਼ਨਲ ਕਾਲਮਨਵੀਸ, ਮਲੋਟ (ਪੰਜਾਬ)
ਪੰਜਾਬ ਮੇਲ USA



ਭਾਰਤ ਇੱਕ ਬਹੁਤ ਹੀ ਪ੍ਰਾਚੀਨ ਦੇਸ਼ ਹੈ। ਇਸਦੀ ਸੱਭਿਆਚਾਰਕ ਵਿਭਿੰਨਤਾ ਸਾਡੀ ਪਛਾਣ ਹੈ। ਆਜ਼ਾਦੀ ਦੇ ਸ਼ਤਾਬਦੀ ਜਸ਼ਨ, ਜੋ ਅਸੀਂ 2047 ਵਿਚ ਮਨਾਉਣ ਜਾ ਰਹੇ ਹਾਂ, ਦਾ ਉਦੇਸ਼ ਵੀ ਇਹੀ ਇੱਛਾ ਹੈ ਕਿ ਭਾਰਤ ਇੱਕ ਵਿਕਸਤ ਰਾਸ਼ਟਰ ਬਣਨ ਦੇ ਨਾਲ-ਨਾਲ ਆਪਣੀ ਸੱਭਿਆਚਾਰਕ ਸ਼ਾਨ ਨੂੰ ਬਣਾਈ ਰੱਖ ਕੇ ਵਿਸ਼ਵ ਨੇਤਾ ਦੀ ਭੂਮਿਕਾ ਨਿਭਾਏ। ਮੌਜੂਦਾ ਸਰਕਾਰ ਨੇ ਇਹ ਵੀ ਐਲਾਨ ਕੀਤਾ ਹੈ ਕਿ ਸਾਡੇ ਦੇਸ਼ ਵਿਚ ਵਿਕਾਸ ਦੀ ਜੋ ਨੀਂਹ ਅਸੀਂ ਰੱਖ ਰਹੇ ਹਾਂ, ਉਹ ਹਜ਼ਾਰਾਂ ਸਾਲਾਂ ਤੱਕ ਨਤੀਜੇ ਦੇਵੇਗੀ ਅਤੇ ਸਾਡੀ ਸੱਭਿਆਚਾਰਕ ਸ਼ਾਨ ਅਤੇ ਸ਼ਾਨ ਬਣੀ ਰਹੇਗੀ। ਬਹੁਤ ਸਾਰੀਆਂ ਚੀਜ਼ਾਂ ਹਨ, ਜਿਨ੍ਹਾਂ ਦੇ ਆਧਾਰ 'ਤੇ ਅਸੀਂ ਇਸ ਦਾਅਵੇ ਨੂੰ ਸਾਬਤ ਕਰਨਾ ਚਾਹੁੰਦੇ ਹਾਂ। ਭਾਰਤ ਇੱਕ ਨੌਜਵਾਨ ਦੇਸ਼ ਹੈ ਅਤੇ ਇਸਦੀ ਅੱਧੀ ਆਬਾਦੀ ਕੰਮ ਕਰਨ ਦੀ ਉਮਰ ਦੇ ਦੌਰ ਵਿਚ ਹੈ। ਇਸ ਲਈ, ਜੇਕਰ ਇਹ ਅੱਧੀ ਆਬਾਦੀ ਕੰਮ ਜਾਂ ਰਾਸ਼ਟਰ ਨਿਰਮਾਣ ਵਿਚ ਸ਼ਾਮਲ ਹੋ ਜਾਂਦੀ ਹੈ, ਤਾਂ ਭਾਰਤ ਨੂੰ ਦੂਜੇ ਦੇਸ਼ਾਂ ਤੋਂ ਅੱਗੇ ਨਿਕਲਣ ਵਿਚ ਦੇਰ ਨਹੀਂ ਲੱਗੇਗੀ। ਪਰ, ਸਾਡੀ ਅਰਥਵਿਵਸਥਾ ਦੇ ਗੁਣਗਾਨ ਕਰਨ ਵਾਲਿਆਂ ਦਾ ਮੰਨਣਾ ਹੈ ਕਿ ਅਸੀਂ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਦੇ ਮੁਕਾਬਲੇ ਬਹੁਤ ਚੰਗੀ ਸਥਿਤੀ 'ਤੇ ਪਹੁੰਚ ਗਏ ਹਾਂ ਅਤੇ ਹੁਣ ਅਰਥਵਿਵਸਥਾ ਵਿਚ ਕੁਝ ਹੋਰ ਕਰਨ ਦੀ ਲੋੜ ਹੈ। ਭਾਰਤ ਦੀ ਅਰਥਵਿਵਸਥਾ ਤੇਜ਼ੀ ਨਾਲ ਅੱਗੇ ਵਧ ਰਹੀ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਇਸਦੇ ਸੁਹਾਵਣੇ ਨਤੀਜੇ ਸਾਹਮਣੇ ਆਉਣਗੇ। ਹੁਣ ਇਹ ਦੇਖਣਾ ਬਾਕੀ ਹੈ ਕਿ ਕੀ ਵਿਕਸਤ ਭਾਰਤ ਦਾ ਸੁਪਨਾ ਦਿਖਾਉਣ ਵਾਲੇ ਲੋਕ ਦੇਸ਼ ਵਿਚ ਕਾਰਜ ਸੱਭਿਆਚਾਰ ਅਤੇ ਰਾਸ਼ਟਰ ਨਿਰਮਾਣ ਲਈ ਆਪਣੇ ਫਰਜ਼ ਨਿਭਾ ਰਹੇ ਹਨ। ਹਾਲ ਹੀ ਵਿਚ, ਇੱਕ ਅੰਤਰਰਾਸ਼ਟਰੀ ਸਰਵੇਖਣ ਰਿਪੋਰਟ ਸਾਹਮਣੇ ਆਈ ਹੈ, ਜਿਸ ਵਿਚ ਵੱਖ-ਵੱਖ ਦੇਸ਼ਾਂ ਦੀਆਂ ਕੰਮ ਕਰਨ ਦੀਆਂ ਸਥਿਤੀਆਂ ਦਾ ਮੁਲਾਂਕਣ ਕੀਤਾ ਗਿਆ ਹੈ। ਇਸ ਵਿਚ ਕਿਹਾ ਗਿਆ ਹੈ ਕਿ ਭਾਰਤ ਵਿਚ ਘੱਟੋ-ਘੱਟ ਅੱਧੀ ਆਬਾਦੀ ਕੰਮ ਕਰਨ ਦੀ ਬਜਾਏ ਆਰਾਮ ਕਰਨਾ ਪਸੰਦ ਕਰਦੀ ਹੈ ਕਿਉਂਕਿ ਮੁਫ਼ਤ ਅਤੇ ਹਮਦਰਦੀ ਸੱਭਿਆਚਾਰ ਦਾ ਰੁਝਾਨ ਵਧ ਰਿਹਾ ਹੈ। ਇੱਕ ਹੋਰ ਗੱਲ ਜੋ ਸਾਹਮਣੇ ਆਈ ਹੈ, ਉਹ ਇਹ ਹੈ ਕਿ ਭਾਰਤ ਵਿਚ, ਬਹੁਤ ਸਾਰੇ ਲੋਕਾਂ ਦੀ ਮਿਹਨਤ ਦਾ ਸਿਹਰਾ ਜਾਂ ਕਦਰ ਨਹੀਂ ਦਿੱਤੀ ਜਾਂਦੀ। ਉਨ੍ਹਾਂ ਨੂੰ ਕੋਈ ਮਿਹਨਤਾਨਾ ਨਹੀਂ ਮਿਲਦਾ। ਕਿਉਂਕਿ ਔਰਤਾਂ ਇਸ ਦੇਸ਼ ਦੀ ਆਬਾਦੀ ਦਾ ਲਗਭਗ ਅੱਧਾ ਹਿੱਸਾ ਹਨ, ਇਸ ਲਈ ਉਨ੍ਹਾਂ ਵਿਚੋਂ ਜ਼ਿਆਦਾਤਰ ਦੀ ਮਿਹਨਤ ਨੂੰ ਆਮ ਘਰੇਲੂ ਕੰਮ ਮੰਨਿਆ ਜਾਂਦਾ ਹੈ। ਉਨ੍ਹਾਂ ਨੂੰ ਇਸ ਕੰਮ ਲਈ ਕੋਈ ਵੱਖਰੀ ਤਨਖਾਹ ਨਹੀਂ ਮਿਲਦੀ। ਸਾਰਾ ਦਿਨ ਕੰਮ ਵਿਚ ਰੁੱਝੇ ਰਹਿਣ ਦੇ ਬਾਵਜੂਦ, ਇਹ ਔਰਤਾਂ ਆਪਣੇ ਲਈ ਕੋਈ ਵੱਖਰੀ ਵਿੱਤੀ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਨਹੀਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅੱਜ ਵੀ, ਬੇਰੁਜ਼ਗਾਰੀ ਦੇ ਜੋ ਅੰਕੜੇ ਸਾਹਮਣੇ ਆਉਂਦੇ ਹਨ, ਉਨ੍ਹਾਂ ਵਿਚ, ਪੇਂਡੂ ਬੇਰੁਜ਼ਗਾਰੀ ਤੋਂ ਬਾਅਦ, ਸ਼ਹਿਰੀ ਬੇਰੁਜ਼ਗਾਰੀ ਵਿਚ ਅਸਲ ਅਰਥਾਂ ਵਿਚ ਕੋਈ ਕਮੀ ਨਹੀਂ ਆਈ ਹੈ। ਭਾਵੇਂ ਅਸੀਂ ਰਸਮੀ ਐਲਾਨਾਂ ਵਿਚ ਕਹਿੰਦੇ ਰਹੀਏ ਕਿ ਅਸੀਂ ਹਜ਼ਾਰਾਂ ਖਾਲੀ ਅਸਾਮੀਆਂ ਭਰੀਆਂ ਹਨ, ਸਵਾਲ ਇਹ ਨਹੀਂ ਹੈ ਕਿ ਅਸੀਂ ਕਿੰਨੀਆਂ ਖਾਲੀ ਅਸਾਮੀਆਂ ਭਰੀਆਂ ਹਨ, ਸਗੋਂ ਦੇਸ਼ ਦੇ ਨੌਜਵਾਨਾਂ ਦੇ ਕੰਮ ਲਈ ਕਿੰਨੇ ਨਵੇਂ ਕੰਮ ਪ੍ਰਬੰਧ ਬਣਾਏ ਗਏ ਹਨ। ਦੇਸ਼ ਦੇ ਸਾਲਾਨਾ ਬਜਟ ਦੇ ਆਮਦਨ-ਖਰਚ ਬਿਆਨ ਵਿਚ, ਅਸੀਂ ਕਿੰਨੀਆਂ ਨਵੀਆਂ ਯੋਜਨਾਵਾਂ ਦਾ ਐਲਾਨ ਕਰਨ ਦੇ ਯੋਗ ਹੋਏ ਹਾਂ, ਜਿਸ ਵਿਚ ਨੌਜਵਾਨ ਪੀੜ੍ਹੀ ਨੂੰ ਕੰਮ ਮਿਲੇ। ਬੇਸ਼ੱਕ, ਬਜਟ ਵਿਚ ਅਤੇ ਉਸ ਤੋਂ ਬਾਅਦ ਨੇਤਾਵਾਂ ਦੇ ਭਾਸ਼ਣਾਂ ਵਿਚ ਇਹ ਕਿਹਾ ਜਾਂਦਾ ਹੈ ਕਿ ਦੇਸ਼ ਦੇ ਦਰਮਿਆਨੇ ਅਤੇ ਛੋਟੇ ਉਦਯੋਗਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ, ਕਿਉਂਕਿ ਇਨ੍ਹਾਂ ਵਿਚ ਆਮ ਨਾਗਰਿਕਾਂ ਨੂੰ ਰੁਜ਼ਗਾਰ ਦੇਣ ਦੀ ਸਮਰੱਥਾ ਹੈ। ਹਾਲ ਹੀ ਵਿਚ ਕੇਂਦਰੀ ਗ੍ਰਹਿ ਮੰਤਰੀ ਨੇ ਵੀ ਇੱਕ ਬਿਆਨ ਦਿੱਤਾ ਸੀ ਕਿ ਦੇਸ਼ ਵਿਚ ਸਹਿਯੋਗ ਦੀ ਭਾਵਨਾ ਵਿਕਸਤ ਕੀਤੀ ਜਾਵੇਗੀ, ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ। ਵਧੇਰੇ ਲੋਕਾਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਪਰ ਜਦੋਂ ਅਸੀਂ ਹਕੀਕਤ ਨੂੰ ਦੇਖਦੇ ਹਾਂ, ਤਾਂ ਅਸੀਂ ਦੇਖਦੇ ਹਾਂ ਕਿ ਵੱਡੇ ਪੂੰਜੀਪਤੀਆਂ ਦਾ ਨਿਵੇਸ਼ ਦਰਮਿਆਨੇ ਅਤੇ ਕੁਟੀਰ ਉਦਯੋਗਾਂ ਦੇ ਵਿਕਾਸ ਵਿਚ ਵੀ ਦਾਖਲ ਹੋ ਗਿਆ ਹੈ, ਕਿਉਂਕਿ ਸਰਕਾਰ ਦੀ ਨੀਤੀ ਨਿੱਜੀ ਖੇਤਰ ਨੂੰ ਵੱਧ ਤੋਂ ਵੱਧ ਉਤਸ਼ਾਹ ਦੇਣ ਦੀ ਹੈ। ਸਹਿਕਾਰੀ ਲਹਿਰ ਦੇ ਵਿਕਾਸ ਬਾਰੇ ਬਹੁਤ ਸਾਰੇ ਰਸਮੀ ਬਿਆਨ ਦਿੱਤੇ ਜਾਂਦੇ ਹਨ, ਪਰ ਹਕੀਕਤ ਇਹ ਹੈ ਕਿ ਸਹਿਯੋਗ ਦੀ ਭਾਵਨਾ ਨੂੰ ਦਬਾਇਆ ਜਾ ਰਿਹਾ ਹੈ। ਦੇਸ਼ ਵਿਚ ਇਸਨੂੰ ਕਿਸੇ ਵੀ ਸਮਰਪਿਤ ਪੱਧਰ 'ਤੇ ਨਹੀਂ ਅਪਣਾਇਆ ਗਿਆ ਹੈ। ਨਾ ਤਾਂ ਖੇਤੀਬਾੜੀ ਵਿਚ ਅਤੇ ਨਾ ਹੀ ਉੱਦਮ ਖੇਤਰ ਵਿਚ, ਦੇਸ਼ ਵਿਚ ਸਟਾਰਟਅੱਪਸ ਬਾਰੇ ਬਹੁਤੀ ਗੱਲ ਹੁੰਦੀ ਹੈ। ਸਟਾਰਟਅੱਪ ਉਹ ਉਦਯੋਗ ਹਨ, ਜਿਨ੍ਹਾਂ ਵਿਚ ਨਵੇਂ ਨਿਵੇਸ਼ਕਾਂ ਨੂੰ ਕੰਮ ਕਰਨ ਦਾ ਮੌਕਾ ਮਿਲਦਾ ਹੈ ਅਤੇ ਨਵੀਨਤਾ ਜਾਂ ਨਵੀਂ ਖੋਜ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਪਰ ਸਟਾਰਟਅੱਪਸ ਦੀ ਹਾਲਤ ਵੀ ਬਹੁਤ ਚੰਗੀ ਨਹੀਂ ਹੈ। ਅਮੀਰ ਲੋਕਾਂ ਦੀ ਭਾਗੀਦਾਰੀ ਜੋ ਬੈਂਕਿੰਗ ਸਹਾਇਤਾ ਨਾਲ ਇਨ੍ਹਾਂ ਉਦਯੋਗਾਂ ਵਿਚ ਸਰਗਰਮੀ ਨਾਲ ਯੋਗਦਾਨ ਪਾ ਸਕਦੇ ਹਨ, ਘੱਟ ਰਹੀ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਡਿਜੀਟਲ ਸੈਕਟਰ ਦੇ ਵਿਕਾਸ ਦੇ ਨਾਲ, ਛੋਟੀ ਪੂੰਜੀ ਵਾਲੇ ਨਿਵੇਸ਼ਕਾਂ ਦੀ ਪ੍ਰਤੀਸ਼ਤਤਾ ਘੱਟ ਰਹੀ ਹੈ। ਦੂਜੇ ਪਾਸੇ, ਟੈਰਿਫ ਟਕਰਾਅ ਕਾਰਨ ਵਿਦੇਸ਼ੀ ਵਪਾਰ ਇਸ ਤਰ੍ਹਾਂ ਬਦਲ ਰਿਹਾ ਹੈ ਕਿ ਅਜਿਹਾ ਲੱਗਦਾ ਹੈ ਕਿ ਭਾਰਤੀ ਨਿਵੇਸ਼ਕਾਂ ਨੂੰ ਲਾਗਤ ਨੂੰ ਪੂਰਾ ਨਾ ਕਰਨ ਅਤੇ ਨਿਰਯਾਤ ਘਟਾਉਣ ਦੇ ਡਰ ਕਾਰਨ ਉਦਯੋਗਿਕ ਗਤੀਵਿਧੀਆਂ ਨੂੰ ਘਟਾਉਣਾ ਪਵੇਗਾ। ਇਸੇ ਲਈ ਰੇਟਿੰਗ ਏਜੰਸੀ ਮੂਡੀਜ਼ ਤੋਂ ਆਏ ਨਵੇਂ ਅੰਕੜੇ ਕਹਿੰਦੇ ਹਨ ਕਿ ਇਸ ਸਾਲ ਭਾਰਤ ਦੀ ਆਰਥਿਕ ਵਿਕਾਸ ਦਰ 6.5 ਪ੍ਰਤੀਸ਼ਤ ਤੋਂ ਘੱਟ ਕੇ ਛੇ ਪ੍ਰਤੀਸ਼ਤ ਹੋ ਸਕਦੀ ਹੈ। ਇਹ ਸੰਤੁਸ਼ਟੀ ਵਾਲੀ ਗੱਲ ਨਹੀਂ ਹੈ ਕਿ ਸਾਡੀ ਵਿਕਾਸ ਦਰ ਅਜੇ ਵੀ ਦੁਨੀਆਂ ਵਿਚ ਸਭ ਤੋਂ ਉੱਚੀ ਹੈ। ਸਾਨੂੰ ਇਹ ਦੇਖਣਾ ਪਵੇਗਾ ਕਿ ਕੀ ਇਸ ਵਿਕਾਸ ਦਰ ਨੇ ਉਸ ਪੀੜ੍ਹੀ ਨੂੰ ਨੌਕਰੀਆਂ ਪ੍ਰਦਾਨ ਕੀਤੀਆਂ ਹਨ, ਜੋ ਕੰਮ ਕਰ ਸਕਦੀ ਹੈ? ਜੇਕਰ ਆਮਦਨ ਅਤੇ ਦੌਲਤ ਦੀ ਸਹੀ ਵੰਡ ਹੁੰਦੀ, ਤਾਂ ਇਸ ਵਿਕਾਸ ਦਰ ਨੇ ਬੇਰੁਜ਼ਗਾਰਾਂ ਨੂੰ ਜ਼ਰੂਰ ਰੁਜ਼ਗਾਰ ਪ੍ਰਦਾਨ ਕੀਤਾ ਹੁੰਦਾ। ਇਨ੍ਹੀਂ ਦਿਨੀਂ ਲੱਗਦਾ ਹੈ ਕਿ ਦਾਅਵਿਆਂ ਜਾਂ ਨਾਮ ਸੱਭਿਆਚਾਰ ਦੇਸ਼ ਵਿਚ ਭਾਰੂ ਹੋ ਗਿਆ ਹੈ। ਹਾਲ ਹੀ ਵਿਚ ਸਰਕਾਰ ਵੱਲੋਂ ਇੱਕ ਬਿਆਨ ਆਇਆ ਹੈ ਕਿ ਅਸੀਂ ਜਲਦੀ ਹੀ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਆਰਥਿਕ ਸ਼ਕਤੀ ਬਣਨ ਜਾ ਰਹੇ ਹਾਂ। ਇਹ ਬਿਆਨ ਪਹਿਲਾਂ ਹੀ ਆਇਆ ਸੀ ਕਿ ਅਸੀਂ ਦੁਨੀਆਂ ਦੀ ਚੌਥੀ ਸਭ ਤੋਂ ਵੱਡੀ ਆਰਥਿਕ ਸ਼ਕਤੀ ਬਣ ਗਏ ਹਾਂ। ਪਰ ਕੀ ਆਰਥਿਕ ਤਾਕਤ ਦੀ ਇਸ ਮਹਾਨਤਾ ਨੇ ਦੇਸ਼ ਵਿਚ ਮਿਹਨਤਕਸ਼ ਲੋਕਾਂ ਲਈ ਕੰਮ ਦਾ ਸੱਭਿਆਚਾਰ ਪੈਦਾ ਕੀਤਾ ਹੈ? ਕੀ ਅਸੀਂ ਦੇਸ਼ ਦੇ ਹਰ ਨੌਜਵਾਨ ਲਈ ਉਸਦੀ ਯੋਗਤਾ ਅਨੁਸਾਰ ਕੰਮ ਦੇ ਮੌਕੇ ਪੈਦਾ ਕੀਤੇ ਹਨ? ਜਵਾਬ ਨਹੀਂ ਹੈ। ਇਹ ਸੱਚ ਹੈ ਕਿ ਅਸੀਂ ਇੱਕ ਗਰੰਟੀ ਦਿੱਤੀ ਹੈ ਕਿ ਕੋਈ ਵੀ ਵਿਅਕਤੀ ਭੁੱਖ ਨਾਲ ਨਹੀਂ ਮਰੇਗਾ। ਇਸ ਗਰੰਟੀ ਨੂੰ ਪੂਰਾ ਕਰਨ ਲਈ, ਅਸੀਂ ਸਬਸਿਡੀ ਵਾਲੀਆਂ ਮੁਫ਼ਤ ਚੀਜ਼ਾਂ ਵੰਡਣਾ ਜਾਰੀ ਰੱਖਿਆ ਹੈ। ਇਸਦਾ ਸੱਭਿਅਕ ਨਾਮ ਉਦਾਰ ਸੱਭਿਆਚਾਰ ਹੈ ਅਤੇ ਆਰਥਿਕ ਨਾਮ ਹਮਦਰਦ ਸੱਭਿਆਚਾਰ ਹੈ। ਅਸੀਂ ਸਸਤੇ ਅਨਾਜ ਪ੍ਰਦਾਨ ਕਰਨ ਦੀ ਨੀਤੀ ਨੂੰ ਸਾਲ 2029 ਤੱਕ ਵਧਾ ਦਿੱਤਾ ਹੈ। ਇਸਦਾ ਪ੍ਰਭਾਵ ਇਹ ਹੋਇਆ ਹੈ ਕਿ ਨੌਜਵਾਨਾਂ ਦਾ ਦਬਾਅ ਰੁਜ਼ਗਾਰ ਦੀਆਂ ਖਿੜਕੀਆਂ ਤੋਂ ਸਬਸਿਡੀ ਵਾਲੇ ਅਨਾਜ ਵੰਡਣ ਵਾਲੀਆਂ ਖਿੜਕੀਆਂ ਵੱਲ ਤਬਦੀਲ ਹੋ ਗਿਆ ਹੈ।

ਇਹ ਸੱਭਿਆਚਾਰ ਹੈ। ਜਿਵੇਂ-ਜਿਵੇਂ ਚੋਣ ਏਜੰਡੇ ਵਿਚ ਨਵੀਆਂ ਦਿਆਲੂ ਯੋਜਨਾਵਾਂ ਦਾ ਐਲਾਨ ਹੁੰਦਾ ਹੈ, ਭਾਰਤ ਦੇ ਦੁਨੀਆਂ ਦੇ ਸਭ ਤੋਂ ਵੱਡੇ ਦੇਸ਼ਾਂ ਵਿਚ ਗਿਣੇ ਜਾਣ ਦੀ ਸੰਭਾਵਨਾ ਮਜ਼ਬੂਤ ਹੁੰਦੀ ਹੈ, ਜੋ ਆਪਣੇ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਵੰਡਦਾ ਹੈ। ਪਰ, ਕੀ ਇਹ ਆਪਣੇ ਆਪ ਵਿਚ ਕੰਮ ਸੱਭਿਆਚਾਰ ਤੋਂ ਦੂਰੀ ਨਹੀਂ ਹੈ? ਜਪਾਨ ਅਤੇ ਚੀਨ ਨੇ ਜੋ ਤਰੱਕੀ ਕੀਤੀ ਹੈ, ਉਹ ਸਿਰਫ ਇਸ ਲਈ ਸੰਭਵ ਹੋਈ ਹੈ ਕਿਉਂਕਿ ਉੱਥੇ ਕੰਮ ਸੱਭਿਆਚਾਰ ਪ੍ਰਤੀ ਵਚਨਬੱਧਤਾ ਹੈ। ਸਾਡੇ ਦੇਸ਼ ਵਿਚ, ਤੁਸੀਂ ਇਸਨੂੰ ਨਾਮ ਸੱਭਿਆਚਾਰ ਜਾਂ ਰਿਕਾਰਡ ਬਣਾਉਣ ਦਾ ਸੱਭਿਆਚਾਰ ਕਹਿ ਸਕਦੇ ਹੋ ਕਿ ਅਸੀਂ ਸਭ ਤੋਂ ਵੱਡੀ ਆਬਾਦੀ ਨੂੰ ਸਬਸਿਡੀ ਵਾਲਾ ਅਨਾਜ ਦਿੱਤਾ ਹੈ। ਅਜਿਹੀ ਸਥਿਤੀ ਵਿਚ, ਇਹ ਜ਼ਰੂਰੀ ਹੈ ਕਿ ਕੰਮ ਦੀ ਭਾਲ ਵਿਚ ਵਿਦੇਸ਼ ਜਾਣ ਵਾਲੀ ਸਾਡੀ ਨੌਜਵਾਨ ਪੀੜ੍ਹੀ ਦੇਸ਼ ਵਿਚ ਹੀ ਰਾਸ਼ਟਰ ਨਿਰਮਾਣ ਵਿਚ ਲੱਗੀ ਰਹੇ। ਪਰ ਇਸਦੇ ਲਈ, ਦੇਸ਼ ਦੇ ਨੀਤੀ ਨਿਰਮਾਤਾਵਾਂ ਨੂੰ ਐਲਾਨ ਸੱਭਿਆਚਾਰ ਤੋਂ ਦੂਰ ਜਾ ਕੇ ਕੰਮ ਸੱਭਿਆਚਾਰ ਪ੍ਰਤੀ ਆਪਣੇ ਆਪ ਨੂੰ ਸਮਰਪਿਤ ਕਰਨਾ ਪਵੇਗਾ ਅਤੇ ਤਰਜੀਹਾਂ ਦੀ ਤਸਵੀਰ ਨੂੰ ਲੋੜ ਅਨੁਸਾਰ ਬਦਲਣਾ ਪਵੇਗਾ।

# ਕਬਜ਼ ਹੈ 100 ਰੋਗਾਂ ਦੀ ਜੜ੍ਹ

**ਪੇਟ-ਦਰਦ ਦੇ ਨਾਲ ਪੇਟ ਅੰਦਰ ਹਵਾ ਭਰੀ ਮਹਿਸੂਸ ਹੁੰਦੀ ਹੈ। ਪੇਟ ਸਾਫ ਨਾ ਹੋਣ ਕਰਕੇ ਪੂਰਾ ਦਿਨ ਥਕਾਵਟ ਤੇ ਘਬਰਾਹਟ ਰਹਿੰਦੀ ਹੈ। ਅੰਤੜੀਆਂ ਸਖਤ ਹੋ ਜਾਂਦੀਆਂ ਹਨ। ਸ਼ੁਰੂ 'ਚ ਧਿਆਨ ਨਾ ਦੇਣ ਨਾਲ ਕਈ ਬਿਮਾਰੀਆਂ ਹੋਰ ਲੱਗ ਜਾਂਦੀਆਂ ਹਨ। ਕਬਜ਼ ਪੁਰਾਣੀ ਹੋ ਜਾਣ ਕਰਕੇ ਬਵਾਸੀਰ, ਗੁਦਾ ਤੰਗ ਫੇਲ ਹੋਣ ਦਾ ਅਸਰ ਦੇਖਿਆ ਜਾਂਦਾ ਹੈ।**


ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
ਪੰਜਾਬ ਮੇਲ USA

ਵਿਸ਼ਵ ਭਰ 'ਚ ਹਰ ਤੀਜਾ ਵਿਅਕਤੀ ਲਾਈਫ ਸਟਾਈਲ ਨਾਲ ਜੁੜੀ ਆਮ ਸ਼ਿਕਾਇਤ ਕਬਜ਼ ਦਾ ਸ਼ਿਕਾਰ ਹੋ ਚੁੱਕਾ ਹੈ। ਗੰਭੀਰ ਕਬਜ਼ ਦੀ ਸਮੱਸਿਆ ਨੇ ਅਮਰੀਕਾ 'ਚ ਕਰੀਬਨ 64.5 ਮਿਲੀਅਨ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੈ। ਇਨ੍ਹਾਂ 'ਚ ਛੋਟੇ ਬੱਚੇ, ਨੌਜਵਾਨ, ਗਰਭਵਤੀ ਔਰਤਾਂ ਅਤੇ ਸੀਨੀਅਰਜ਼ ਸ਼ਾਮਲ ਹਨ। ਕਬਜ਼ ਦੀ ਹਾਲਤ 'ਚ ਮੱਲ ਯਾਨਿ ਸਟੂਲ ਮੁਸ਼ਕਲ ਨਾਲ ਪਾਸ ਹੁੰਦਾ ਹੈ। ਲਗਾਤਾਰ ਕਬਜ਼ ਦੀ ਹਾਲਤ 'ਚ ਰੋਗੀ ਵਾਸ਼ਰੂਮ 'ਚ 40 ਤੋਂ 50 ਮਿੰਟ ਲਗਾ ਕੇ ਵੀ, ਬਿਨਾ ਕੁਝ ਕੀਤੇ ਬਾਹਰ ਆ ਜਾਂਦਾ ਹੈ। ਕਦੇ-ਕਦੇ ਮੱਲ ਸਖਤ ਅਤੇ ਥੋੜ੍ਹਾ-ਥੋੜ੍ਹਾ ਬਾਹਰ ਆਉਂਦਾ ਹੈ।


ਪੇਟ-ਦਰਦ ਦੇ ਨਾਲ ਪੇਟ ਅੰਦਰ ਹਵਾ ਭਰੀ ਮਹਿਸੂਸ ਹੁੰਦੀ ਹੈ। ਪੇਟ ਸਾਫ ਨਾ ਹੋਣ ਕਰਕੇ ਪੂਰਾ ਦਿਨ ਥਕਾਵਟ ਤੇ ਘਬਰਾਹਟ ਰਹਿੰਦੀ ਹੈ। ਅੰਤੜੀਆਂ ਸਖਤ ਹੋ ਜਾਂਦੀਆਂ ਹਨ। ਸ਼ੁਰੂ 'ਚ ਧਿਆਨ ਨਾ ਦੇਣ ਨਾਲ ਕਈ ਬਿਮਾਰੀਆਂ ਹੋਰ ਲੱਗ ਜਾਂਦੀਆਂ ਹਨ। ਕਬਜ਼ ਪੁਰਾਣੀ ਹੋ ਜਾਣ ਕਰਕੇ ਬਵਾਸੀਰ, ਗੁਦਾ ਤੰਗ ਫੇਲ ਹੋਣ ਦਾ ਅਸਰ ਦੇਖਿਆ ਜਾਂਦਾ ਹੈ। ਕਈ ਬਾਰ ਤਾਂ ਵੀਕ 'ਚ 1-2 ਬਾਰ ਹੀ ਪੇਟ ਸਾਫ ਹੁੰਦਾ ਹੈ। ਅੰਤੜੀਆਂ 'ਚ ਰੁਕਿਆ ਹੋਇਆ ਮੱਲ ਗੁੰਝਲਦਾਰ ਤੇ ਸਖਤ, ਰੁੱਕ-ਰੁੱਕ ਕੇ ਬਾਹਰ ਆਉਂਦਾ ਹੈ। ਪੁਰਾਣੇ ਰੋਗੀ ਆਪਣੀ ਗੁਦਾ ਵਿਚੋਂ ਮੱਲ ਉਂਗਲ ਨਾਲ ਬਾਹਰ ਕੱਢਨ ਦਾ ਯਤਨ ਵੀ ਕਰਦੇ ਹਨ।



ਜੰਕ ਫੂਡ, ਮੈਦਾ, ਮਿਰਚ-ਮਸਾਲੇਦਾਰ, ਦੇਰ ਨਾਲ ਪਚਣ ਵਾਲੇ ਪਦਾਰਥ, ਯਾਨਿ ਮਾੜੀ ਖੁਰਾਕ ਦਾ ਲਗਾਤਾਰ ਇਸਤੇਮਾਲ ਚੰਗੇ-ਭਲੇ ਨੂੰ ਕਬਜ਼ ਦਾ ਰੋਗੀ ਬਣਾ ਦਿੰਦਾ ਹੈ। ਰੂਟੀਨ 'ਚ ਜਦੋਂ ਪਾਣੀ ਵਗੈਰਾ ਤਰਲ ਪਦਾਰਥ ਘੱਟ ਪੀਣ ਕਰਕੇ ਕਬਜ਼ ਵਾਲੀ ਹਾਲਤ ਪੈਦਾ ਹੋ ਜਾਂਦੀ ਹੈ। ਪਾਚਕ ਟ੍ਰੈਕਟ 'ਚ ਜਮਾਂ ਹੋਇਆ ਮੱਲ ਹੌਲੀ-ਹੌਲੀ ਪਾਸ ਹੋ ਕੇ ਅੰਤੜੀਆਂ, ਗੁਦਾ 'ਚ ਰੁਕਾਵਟ ਪੈਦਾ ਕਰ ਦਿੰਦਾ ਹੈ। ਗੁਦਾ ਅੰਦਰ ਅਤੇ ਆਸਪਾਸ ਦੀਆਂ 'ਚ ਸੋਜ਼ ਹੋ ਸਕਦੀ ਹੈ। ਕੋਲਨ ਤੇ ਗੁਦਾ ਦੇ ਕੈਂਸਰ ਸੰਭਾਵਨਾ ਬਣੀ ਰਹਿੰਦੀ ਹੈ।

## ਧਿਆਨ ਦੇਣ ਦੀ ਹੈ ਲੋੜ:

- ਆਪਣੀ ਖੁਰਾਕ 'ਚ ਡੇਲੀ 20-35 ਗ੍ਰਾਮ ਫਾਇਬਰ ਬ੍ਰਾਨ ਦੇ ਅਨਾਜ, ਓਟਮੀਲ, ਬਾਦਾਮ, ਜੌਂ, ਹਰੀ ਸਬਜ਼ੀਆਂ, ਤਾਜ਼ੇ ਫਲ, ਬੀਨਜ, ਹੋਲ ਵੀਟ, ਵਗੈਰਾ ਨੂੰ ਸ਼ਾਮਲ ਕਰੋ।
- ਰੋਜ਼ਾਨਾ ਵਰਕ-ਆਊਟ, ਸੈਰ, ਯੋਗਾ ਮੇਡੀਟੇਸ਼ਨ ਕਰਨਾ ਸ਼ੁਰੂ ਕਰ ਦਿਓ। ਬਿਨਾ ਮਤਲਬ ਦੇ ਸਟ੍ਰੈੱਸ ਤੋਂ ਦੂਰ ਰਹੋ।
- ਮੱਲ-ਤਿਆਗ ਮਹਿਸੂਸ ਹੁੰਦੇ ਹੀ ਨਜ਼ਰਅੰਦਾਜ਼ ਨਾ ਕਰੋ, ਬਲਕਿ ਫਾਰਗ ਹੋ ਕੇ ਆਓ।
- ਸਬਜ਼ੀਆਂ ਦਾ ਸੂਪ, ਫਲਾਂ ਦਾ ਰਸ, ਗ੍ਰੀਨ-ਟੀ, ਨਮਕੀਨ ਨਿੰਬੂ-ਪਾਣੀ, ਕੋਸਾ ਪਾਣੀ ਜ਼ਿਆਦਾ ਇਸਤੇਮਾਲ ਕਰੋ।
- ਪਰੂਨ ਫੱਲ ਦਾ ਮੁਰੱਬਾ ਧੋ ਕੇ 1-2 ਪੀਸ ਗਰਮ ਦੁੱਧ ਨਾਲ ਲੈ ਸਕਦੇ ਹੋ।
- ਚਟਪਟੇ, ਮਸਾਲੇਦਾਰ, ਤਲੇ ਹੋਏ ਅਤੇ ਪ੍ਰੋਸੈਸਡ ਪਦਾਰਥ ਘੱਟ ਲਵੋ।
- ਫਲੈਕਸ ਸੀਡ ਪਾਉਡਰ 1 ਚਮਚ ਸਵੇਰੇ-ਸ਼ਾਮ ਕੋਸੇ ਪਾਣੀ ਨਾਲ ਜਾਂ ਯੋਗਰਟ 'ਚ ਮਿਲਾ ਕੇ ਸੇਵਨ ਕਰਨ ਨਾਲ ਪੇਟ ਦਿਨ ਭਰ ਹਲਕਾ ਰਹਿੰਦਾ ਹੈ।




- ਸਾਫਟ-ਡ੍ਰਿੰਕਸ ਕਬਜ਼ ਵਧਾ ਸਕਦੇ ਹਨ। ਡੇਲੀ 8-10 ਗਲਾਸ ਪਾਣੀ ਪੀਣ ਦੀ ਆਦਤ ਪਾ ਲਵੋ।
- ਅਸਲੀ ਬਦਾਮ ਤੇਲ ਦੀ 15-20 ਬੂੰਦਾਂ ਬਿਨਾਂ ਚੀਨੀ ਗਰਮ ਦੁੱਧ 'ਚ ਮਿਲਾ ਕੇ ਲੈ ਸਕਦੇ ਹੋ।

ਨੋਟ: ਕਮਜ਼ੋਰ ਪਾਚਨ-ਸਿਸਟਮ ਦੀ ਹਾਲਤ 'ਚ ਭਵਿੱਖ 'ਚ ਗੰਭੀਰ ਬਿਮਾਰੀਆਂ ਤੋਂ ਬਚਾਅ ਲਈ ਆਪਣੇ ਫੈਮਿਲੀ ਡਾਕਟਰ ਦੇ ਸੰਪਰਕ ਰਹਿਣ ਦੀ ਲੋੜ ਹੁੰਦੀ ਹੈ।

# 21ਵੀਂ ਸਦੀ ਵਿਚ ਕਿਉਂ ਜ਼ਰੂਰੀ ਹੈ ਧਰਮ ?

-ਡਾ. ਜਸਵਿੰਦਰ ਸਿੰਘ
ਮੈਨੇਜਰ ਖਾਲਸਾ ਦੀਵਾਨ, ਹਾਂਗਕਾਂਗ
ਮੋਬਾਇਲ ਨੰ. +852 93757031
ਪੰਜਾਬ ਮੇਲ USA

ਸੰਸਾਰ ਦੀ ਇਸ ਵਕਤ ਜੋ ਦੀਨ ਦਸ਼ਾ ਹੋ ਰਹੀ ਹੈ, ਉਹ ਕਿਸੇ ਤੋਂ ਗੁੱਝੀ ਛਿਪੀ ਨਹੀਂ। ਇਹ ਦਿਨ-ਰਾਤ ਦੁਖੀਆਂ ਦਰਦਵੰਦਾਂ ਦੀ ਪੁਕਾਰ 'ਤੇ ਅਨਿਆਈ ਜਰਵਾਣਿਆਂ ਦਿਆਂ ਸ਼ਸਤਰਾਂ ਦੀ ਖੜਕਾਰ ਤੋਂ ਸਾਫ ਪ੍ਰਗਟ ਹੋ ਰਹੀ ਹੈ। ਪਰ ਇਹ ਸਿਰਫ਼ ਹੁਣ ਦੀ ਨਹੀਂ, ਸ਼ੁਰੂ ਤੋਂ ਲੈ ਕੇ ਬਣੀ ਆਈ ਹੈ। ਮਨੁੱਖ ਅਜਿਹੇ ਜੀਵਨ ਤੋਂ ਹਮੇਸ਼ਾਂ ਤੰਗ ਰਿਹਾ। ਉਸ ਦੇ ਜੀਵਨ ਨੂੰ ਰਾਜਨੀਤਿਕ, ਭਾਈਚਾਰਕ, ਆਰਥਿਕ ਫਿਕਰਾਂ ਨੇ ਤਰਸਯੋਗ ਬਣਾ ਦਿੱਤਾ ਹੈ। ਤਾਂ ਮਨੁੱਖ ਕੋਲ ਕੀ ਚਾਰਾ ਹੈ ਅਜਿਹੀਆਂ ਅਲਾਮਤਾਂ ਤੋਂ ਛੁਟਕਾਰਾ ਪਾਉਣ ਦਾ। ਅਸੀਂ ਆਪਣੇ ਵਿਚਾਰ ਵਿਚ ਧਰਮ' ਨੂੰ ਇਕੋ-ਇਕ ਹੱਲ ਦੱਸਦੇ ਹਾਂ ਪਰ ਧਰਮ ਕੀ ਹੈ ? ਇਸ ਦੀ ਵਿਚਾਰ ਕਰਨੀ ਇਥੇ ਅਰਥ ਭਰਪੂਰ ਹੋਵੇਗੀ। ਮਨੁੱਖ ਇਸ ਧਰਤੀ ਦਾ ਸਰਦਾਰ ਹੈ, ਧੁਰ ਕੀ ਬਾਣੀ ਵਿਚ ਇਹ ਵਿਚਾਰ ਇਉਂ ਆਇਆ ਹੈ:

ਅਵਰ ਜੋਨਿ ਤੇਰੀ ਪਨਿਹਾਰ ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ : 374

ਪਰ ਇਸ ਦਾ ਇਥੇ ਆਉਣ ਦਾ ਉਦੇਸ਼ ਕੀ ਹੋ ਸਕਦਾ ਹੈ ? ਕੀ ਸੰਸਾਰ ਨਾਲ ਸਬੰਧ ਪੈਦਾ ਕਰਨਾ ਇਸ ਦਾ ਉਦੇਸ਼ ਤਾਂ ਨਹੀਂ, ਜਾਂ ਖਾਣਾ-ਪੀਣਾ ਤੇ ਪਹਿਨਣਾ ਇਹੀ ਜੀਵਨ ਹੈ। ਹਾਂ ਖਾਣ-ਪੀਣ ਨਾਲ ਜਿਊਂਦੇ ਰਹਿ ਸਕਦੇ ਹਾਂ ਪਰ ਜੀਵੀਏ ਤਾਂ ਕੀ ਕਰੀਏ ? ਕੀ ਸਾਡੀ ਜੀਵਨ ਯਾਤਰਾ ਦਾ ਅੰਤ ਖਾਣ ਵਾਲੇ ਕਮਰੇ ਦੇ ਮੇਜ਼ 'ਤੇ ਹੀ ਹੋ ਜਾਣਾ ਹੈ ? ਜਾਂ ਤਵੇ ਪਰਾਤ ਵਿਚ ਹੀ ਜਾ ਮੁੱਕਣਾ ਹੈ ? ਜੇਕਰ ਨਹੀਂ ਤਾਂ ਫਿਰ ਉਸ ਗੱਲ ਦੀ ਖੋਜ ਕਿਉਂ ਨਾ ਕੀਤੀ ਜਾਵੇ, ਜਿਸਨੂੰ ਜੀਵਨ ਦੇ ਢੂੰਡਾਊਆਂ ਨੇ ਉਮਰਾਂ ਖਰਚ ਕੇ ਲੱਭਿਆ ਹੈ। ਜੀਵਨ ਦਾ ਪ੍ਰਕਿਰਤਕ ਅੰਗ ਕੋਈ ਬੜੀ ਉਚੀ ਚੀਜ਼ ਨਹੀਂ ਕਿਉਂਕਿ ਖਾਣ-ਪੀਣ ਤੇ ਪਹਿਨਣਾ ਸੰਤਾਨ ਪੈਦਾ ਕਰਨ ਵਿਚ ਤਾਂ ਮਨੁੱਖ ਪਸ਼ੂ ਦੀ ਬਰਾਬਰੀ ਕਰ ਹੀ ਨਹੀਂ ਸਕਦਾ। ਕੀ ਅਸੀਂ ਨਹੀਂ ਜਾਣਦੇ ਕਿ ਦੁਨੀਆਂ ਵਿਚ ਸਭ ਤੋਂ ਸੋਹਣਾ ਸਾਫ਼ ਤੇ ਸਵਾਦਲਾ ਦੁੱਧ ਗਊਆਂ ਦੇ ਵੱਛੇ ਹੀ ਪੀਂਦੇ ਹਨ। ਵੱਡੇ-ਵੱਡੇ ਬਾਗ ਲੱਦਕੇ ਤੇ ਘਾਲਾਂ ਘਾਲਕੇ ਵੀ ਮਨੁੱਖ ਤੋਤਿਆਂ ਤੇ ਗਾਹਲੜਾਂ ਵਾਂਗ ਮੇਵੇ ਨਹੀਂ ਖਾ ਸਕਦਾ। ਕਿਸੀ ਵੱਡੇ ਰਾਜ ਦੀ ਮਲਕਾਂ ਵੀ ਆਪਣੇ ਬੱਚਿਆਂ ਨੂੰ ਮੋਰਾਂ ਵਰਗੀ ਸੋਹਣੀ, ਮੁਲਾਇਮ ਤੇ ਚਮਕੀਲੀ ਪੁਸ਼ਾਕ ਨਹੀਂ ਪੁਆ ਸਕਦੀ। ਫਿਰ ਜਦ ਹਰੇਕ ਪਹਿਲੂ ਵਿਚ ਸਾਹਮਣੇ ਹਾਰ ਹੀ ਹਾਰ ਹੈ, ਤਾਂ ਫਿਰ ਵਿਚਾਰ ਕਿਉਂ ਨਹੀਂ ਕਿ ਮੇਰਾ ਅਸਲ ਕਰਤੱਵ ਕੀ ਹੈ ? ਜੀਵਨ ਦੀ ਅਸਲੀਅਤ ਨੂੰ ਪਛਾਣੇ ਬਿਨ੍ਹਾਂ ਹੀ ਮਨੁੱਖ ਦੀ ਜ਼ਿੰਦਗੀ ਵਿਚ ਠੋਕਰਾਂ ਹਨ। ਅੱਜ ਦੀਆਂ ਵਧੀਆਂ ਹੋਈਆਂ ਠੋਕਰਾਂ ਮਨੁੱਖ ਨੂੰ ਪੁਕਾਰ-ਪੁਕਾਰ ਕੇ ਕਹਿ ਰਹੀਆਂ ਹਨ ਕਿ ਮਨੁੱਖ ਤੂੰ ਜੀਵਨ ਦੀ ਅਸਲੀਅਤ ਨੂੰ ਭੁੱਲ ਰਿਹਾ ਹੈਂ। ਜੇਕਰ ਅਸਲੀਅਤ ਵੱਲ ਗਹੁ ਕਰੀਏ ਤਾਂ ਪਤਾ ਲੱਗਦਾ ਹੈ ਕਿ ਮਨੁੱਖ ਇਸ ਜੀਵਨ ਦੇ ਮੈਦਾਨ ਵਿਚ ਰੋਕਾਂ ਤੇ ਅਟਕਾਂ ਨਾਲ ਮੁਕਾਬਲਾ ਕਰਨ ਲਈ ਬਣਿਆ ਹੈ। ਸਾਹਮਣੇ ਆਈਆਂ ਔਕੜਾਂ ਨੂੰ ਜਿੱਤਣਾ ਤੇ ਉਨ੍ਹਾਂ ਤੋਂ ਅੱਗੇ ਲੰਘ ਟੁਰਨਾ ਹੀ ਇਸ ਦਾ ਕਰਤੱਵ ਹੈ। ਅਸਲ ਵਿਚ ਇਸ ਕਰਤੱਵ ਨੂੰ ਸਮਝਣ ਦਾ ਨਾਮ ਹੀ 'ਧਰਮ' ਹੈ।

21ਵੀਂ ਸਦੀ ਵਿਚ ਧਰਮ ਦੀ ਲੋੜ ਉਸੇ ਤਰ੍ਹਾਂ ਹੀ ਮਹਿਸੂਸ ਕੀਤੀ ਜਾ ਰਹੀ ਹੈ, ਜਿਸ ਤਰ੍ਹਾਂ ਅੱਗੇ ਮਹਿਸੂਸ ਕੀਤੀ ਜਾਂਦੀ ਸੀ। ਮਨੁੱਖੀ ਜੀਵਨ ਦੀ ਸੁਚੱਜੀ ਉਸਾਰੀ ਵਾਸਤੇ ਧਰਮ ਦੀ ਥਾਂ ਹੋਰ ਕੋਈ ਚੀਜ਼ ਪੈਦਾ ਨਹੀਂ ਹੋ ਸਕੀ, ਭਾਵੇਂ 21ਵੀਂ ਸਦੀ ਵਿਚ ਸਾਇੰਸ ਦੇ ਸ਼ਿਲਪ ਵਿਗਿਆਨ ਦਾ ਬੋਲਬਾਲਾ ਜ਼ੋਬਨ 'ਤੇ ਹੈ। ਨਵੀਂ ਰੋਸ਼ਨੀ ਨੇ ਮਨੁੱਖੀ ਅਤੇ ਸਮਾਜਿਕ ਭਲਾਈ ਨੂੰ ਮੁੱਖ ਰੱਖਣ ਦੀ ਕੋਈ ਨਵੀਂ ਨਿਯਮਾਂਵਾਲੀ ਤਿਆਰ ਨਹੀਂ ਕੀਤੀ, ਜਿਹੜੀ ਧਾਰਣਾ ਦੀ ਥਾਂ ਲੈ ਸਕੇ। ਸਾਇੰਸ ਉਨਤੀ ਦੁਆਰਾ ਦੇਸ਼ ਐਸੇ ਫੌਜੀ ਹਥਿਆਰਬਧ ਰਹੇ ਹਨ, ਜੋ ਵਰਤੋਂ ਤੇ ਸਾਰੀ ਮਨੁੱਖ ਜਾਤੀ ਨੂੰ ਤਬਾਹ ਕਰ ਦੇਣਗੇ। ਇਸ



ਤੋਂ ਸਿੱਧ ਹੁੰਦਾ ਹੈ ਕਿ ਮਨੁੱਖੀ ਭਲਾਈ ਦਾ ਆਦਰਸ਼ ਦੀ ਵਿਗਿਆਨਕ ਉਨਤੀ ਨੂੰ ਕੋਈ ਪ੍ਰਵਾਹ ਨਹੀਂ।

ਚੰਗੇ ਆਚਰਨ, ਮਨੁੱਖਤਾ, ਸਹਿਨਸ਼ੀਲਤਾ, ਖਿਆਲਾਂ ਦੀ ਪਵਿੱਤਰਤਾ ਅਤੇ ਨੇਕ ਨੀਤੀ ਦੇ ਦੁਸ਼ਮਣ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਹਨ। ਇਨ੍ਹਾਂ ਕਰਕੇ ਮਨੁੱਖ, ਅਸਲੀਅਤ ਦੀ ਸੋਝੀ ਤੋਂ ਦੂਰ ਹੈ, ਪਰ ਸਾਇੰਸ ਨੇ ਮਨੁੱਖੀ ਇੱਛਾਵਾਂ ਨੂੰ ਘਟਾਇਆ ਨਹੀਂ, ਸਗੋਂ ਵਧਾਇਆ ਹੈ, ਨਾ ਹੀ ਇਸ ਦਾ ਇਨ੍ਹਾਂ ਨੂੰ ਘਟਾਉਣ ਦਾ ਕੋਈ ਯਤਨ ਹੈ। ਇਨ੍ਹਾਂ ਬੁਰਾਈਆਂ ਨੂੰ ਕਾਬੂ ਕਰਨ ਵਾਲੀ ਸਿਰਫ ਇਕ ਚੀਜ਼ ਹੈ, ਉਹ ਹੈ ਧਾਰਮਿਕ ਸੋਝੀ। ਇਹ ਪ੍ਰਮਾਤਮਾ ਦੇ ਖਿਆਲ ਤੇ ਰੱਬ ਦੇ ਭੈਅ ਵਿਚੋਂ ਪੈਦਾ ਹੁੰਦੀ ਹੈ। ਸੱਭਿਅਤਾ ਦੀ ਉਨਤੀ ਦਾ ਸਹੀ ਕਾਰਨ ਹੀ ਅਸਲ ਵਿਚ ਇਹ ਸੋਝੀ ਹੈ। ਸੋ ਚੰਗਾ ਆਚਰਨ ਸਦਾ ਕਾਇਮ ਰੱਖਣ ਲਈ ਪ੍ਰਮਾਤਮਾ ਦਾ ਭਉ ਹੋਣਾ ਜ਼ਰੂਰੀ ਹੈ।

ਜੇ ਨਾਗਰਿਕ ਅਤੇ ਦੇਸ਼ ਦੀ ਉਨਤੀ ਲਈ ਆਚਰਨ ਜ਼ਰੂਰੀ ਹੈ, ਤਾਂ ਸਾਨੂੰ ਉਹ ਸਾਧਨ ਸੰਭਾਲ ਕੇ ਰੱਖਣਾ ਚਾਹੀਦਾ ਹੈ, ਜੋ ਇਤਿਹਾਸ ਵਿਚ ਆਚਰਨ ਨੂੰ ਉਚਾ ਕਰਨ ਲਈ ਵਰਤਿਆ ਗਿਆ ਹੈ, ਉਹ ਸਾਧਨ ਸਿਰਫ਼ ਧਰਮ ਹੈ। ਧਰਮ ਹੀ ਇਨਸਾਨ ਨੂੰ ਲੋਭ ਲਾਲਚ ਵਿਰੁੱਧ ਤਕੜਾ ਕਰਦਾ ਹੈ ਤੇ ਠੀਕ ਪੱਖ ਲਈ ਹਰ ਕਿਸਮ ਦੀ ਕੁਰਬਾਨੀ ਕਰਨ ਲਈ ਹੌਂਸਲਾ ਦਿੰਦਾ ਹੈ।

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1412)

ਸਾਡੀ ਸੱਭਿਅਤਾ ਅਤੇ ਸੱਭਿਆਚਾਰ ਦਾ ਆਧਾਰ ਹੀ ਧਾਰਮਿਕ ਸੂਝ ਹੈ। ਧਰਮ ਹੀ ਹੈ ਜੋ ਚੰਗੇ ਖਿਆਲ ਤੇ ਆਦਤਾਂ ਪੈਦਾ ਕਰਦਾ ਹੈ। ਪ੍ਰਮਾਤਮਾ ਦਾ ਧਿਆਨ ਅਤੇ ਪੂਜਾ ਉਸ ਸ਼ਕਤੀ ਦਾ ਸੋਮਾ ਹੈ, ਜਿਸ ਨਾਲ ਝੂਠੀਆਂ ਇੱਛਾਵਾਂ ਤੇ ਨੀਚ ਵਾਸ਼ਨਾਵਾਂ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ। ਇਸ ਮੰਤਵ ਦੀ ਪੂਰਤੀ ਲਈ ਨਾ ਤਾਂ ਨਿਰੀ ਸਾਇੰਸ ਕੰਮ ਕਰਦੀ ਹੈ ਅਤੇ ਨਾ ਹੀ ਨਿਰੀ ਸਦਾਚਾਰਕ ਸਿੱਖਿਆ। ਸਾਇੰਸ ਦੀ ਉਨਤੀ ਨੇ ਧਰਮ ਦੀ ਲੋੜ ਨੂੰ ਵਧਾ ਦਿੱਤਾ ਹੈ, ਕਿਉਂਕਿ ਪਦਾਰਥਕ ਉਨਤੀ ਧਰਮ ਤੋਂ ਬਿਨ੍ਹਾਂ ਇੱਕ ਬਹੁਤ ਖਤਰਨਾਕ ਹਥਿਆਰ ਹੈ। ਜੇ ਇਕ ਵਾਰ ਰੱਬ ਦਾ ਯਕੀਨ ਜਾਂਦਾ ਰਿਹਾ, ਤਾਂ ਸ਼ੈਤਾਨ ਦੀ ਐਸੀ ਜਿੱਤ ਹੋਵੇਗੀ ਕਿ ਸਾਰੀ ਦੁਨੀਆਂ 'ਤੇ ਬੁਰਾਈਆਂ ਛਾ ਜਾਣਗੀਆਂ।

ਅੱਜ 21ਵੀਂ ਸਦੀ ਵਿਚ ਵਿਸ਼ਵੀਕਰਨ ਦੀ ਧਾਰਨਾ ਦਾ ਪੂਰਾ ਪ੍ਰਚਾਰ ਹੈ। ਪਰ ਜੇ ਇਸ ਵਿਚ ਸਿਰਫ਼ ਕੁਝ ਕੁ ਮੁਲਕਾਂ ਦੀ ਸਰਦਾਰੀ ਜਾਂ ਰਾਜ ਕਰਨ ਦੀ ਭਾਵਨਾ ਛੁਪੀ ਹੋਈ ਹੈ, ਤਾਂ ਇਹ ਸਚਮੱਚ ਹੀ ਮਨੁੱਖਤਾ ਦੇ ਹੱਕ ਵਿਚ ਨਹੀਂ। ਇਹ ਮਨੁੱਖੀ ਏਕਤਾ ਦੇ ਆਦਰਸ਼ ਦੇ ਅਨੁਸਾਰ ਨਹੀਂ ਅਗਰ ਧਰਮ ਅਨੁਸਾਰੀ ਹੋ ਕੇ ਇਸ ਧਾਰਨਾ ਦਾ ਪ੍ਰਚਾਰ ਕੀਤਾ ਜਾਵੇ, ਤਾਂ ਇਹ ਸੱਚਮੁਚ ਹੀ ਮਨੁੱਖਤਾ ਦਾ ਏਕੀਕਰਨ ਲਈ ਸਹਾਇਕ ਹੋਵੇਗੀ। ਪਰ ਇਨ੍ਹਾਂ ਧਾਰਨਾਵਾਂ ਵਿਚ ਰੱਬ ਦਾ ਭਉ ਹੋਣਾ ਲਾਜ਼ਮੀ ਹੈ ਕਿਉਂਕਿ 'ਤੂੰ ਸਾਝਾ ਸਾਹਿਬੁ ਬਾਪੁ ਹਮਾਰਾ' ਦੀ ਧਾਰਮਿਕ ਸਿੱਖਿਆ ਸਾਰੀ ਮਨੁੱਖਤਾ ਨੂੰ ਇਕ ਬਾਪ ਦੀ ਸੰਤਾਨ ਸਮਝ ਕੇ ਵਿਵਹਾਰ ਕਰਨ ਲਈ ਪ੍ਰੇਰੇਗੀ।

ਸੋ ਅਸੀਂ ਅਖੀਰ ਵਿਚ ਇਹ ਆਖ ਸਕਦੇ ਹਾਂ ਕਿ 21ਵੀਂ ਸਦੀ ਵਿਚ ਸਮਾਜਿਕ ਜੀਵਨ ਲਈ ਸਦਾਚਾਰਕ ਨਿਯਮਾਂ ਦੀ ਲੋੜ ਹੈ। ਸਦਾਚਾਰਕ ਨਿਯਮਾਂ ਨੂੰ ਰਾਜਸੀ ਸ਼ਕਤੀ ਅਤੇ ਕਾਨੂੰਨੀ ਡੰਡੇ ਨਾਲ ਲਾਗੂ ਨਹੀਂ ਕੀਤਾ ਜਾ ਸਕਦਾ। ਹਰ ਸਦਾਚਾਰਕ ਨਿਯਮ ਦੇ ਪਿੱਛੇ, ਰਾਜ ਦਾ ਡਰ, ਨਿਗੁਣਾ ਹੀ ਹੈ। ਕੁਝ ਐਸੇ ਨਿਯਮ ਹਨ, ਜਿਨ੍ਹਾਂ ਦੀ ਪਾਲਣਾ ਰੱਬ ਦੇ ਯਕੀਨ ਜਾਂ ਭਉ ਵਿਚੋਂ ਹੀ ਪੈਦਾ ਹੁੰਦੀ ਹੈ। ਧਰਮ ਵਿਚ ਯਕੀਨ ਨਾਲ ਹੀ ਸੱਭਿਅਤਾ ਦਾ ਵਿਕਾਸ ਹੋ ਸਕਦਾ ਹੈ। ਸਾਇੰਸ ਨੇ ਸਮਝਣ ਲਈ ਕੋਈ ਸਦਾਚਾਰਕ ਨਿਯਮਾਂਵਲੀ ਨਹੀਂ ਦਿੱਤੀ। ਇਸ ਨੇ ਲੋਕਾਂ ਨੂੰ ਅਧਿਆਤਮਕ ਸਦਾਚਾਰਕ ਗੁਣਾਂ ਤੋਂ ਬੇਮੁੱਖ ਜ਼ਰੂਰ ਕੀਤਾ ਹੈ। ਇਸ ਕਰਕੇ ਅੱਜ ਦੁਨੀਆਂ ਤਬਾਹੀ ਦੇ ਕੰਢੇ 'ਤੇ ਆ ਖੜ੍ਹੀ ਹੈ। ਮਨੁੱਖਤਾ ਨੂੰ ਅਧੋਗਤੀ ਤੇ ਬਚਾਉਣ ਦੇ ਲਈ, ਧਰਮ ਤੇ ਸਾਇੰਸ ਦੇ ਤੱਤ ਗਿਆਨ ਦਾ ਸੁਮੇਲ ਹੋਣਾ ਬਹੁਤ ਜ਼ਰੂਰੀ ਹੈ, ਜੋ ਕਿ ਸੰਭਵ ਹੈ। ਮਨੁੱਖ ਦੀ ਅਧਿਆਤਮਿਕ ਅਤੇ ਸਦਾਚਾਰਕ ਖੁਸ਼ਹਾਲੀ ਵਾਸਤੇ ਧਰਮ ਦੀ ਹਮੇਸ਼ਾ ਲੋੜ ਰਹੀ ਹੈ ਅਤੇ ਅੱਗੇ ਭੀ ਰਹੇਗੀ।

# ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗ ਕਿ ਪੰਨਾ?

ਜਸਵਿੰਦਰ ਸਿੰਘ ਰੁਪਾਲ
+919814715796
(ਵਟਸਐਪ)



ਪੰਜਾਬ ਮੇਲ USA

ਮਨੁੱਖਤਾ ਦੇ ਚਾਨਣ ਮੁਨਾਰੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਸ ਵਿਚ ਸ਼ਰਧਾ ਅਤੇ ਵਿਸ਼ਵਾਸ਼ ਰੱਖਣ ਵਾਲੀ ਸਿੱਖ ਕੌਮ ਨੇ ਬਹੁਤ ਸਤਿਕਾਰ ਦਿੱਤਾ ਸੀ, ਦੇ ਰਹੀ ਹੈ ਅਤੇ ਵਿਸ਼ਵਾਸ਼ ਨਾਲ ਕਹਿ ਸਕਦੇ ਹਾਂ ਕਿ ਭਵਿੱਖ ਵਿਚ ਵੀ ਇਹ ਸਤਿਕਾਰ ਦਿੰਦੀ ਰਹੇਗੀ। ਕੋਈ ਸ਼ੱਕ ਨਹੀਂ ਕਿ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਗੁਰੂ ਹਨ ਅਤੇ ਇਨ੍ਹਾਂ ਦੀ ਆਨ ਸ਼ਾਨ ਲਈ ਹਰ ਗੁਰਸਿੱਖ ਆਪਣੇ ਤਨੋਂ ਮਨੋਂ ਪੂਰੀ ਵਾਹ ਲਗਾਉਂਦਾ ਹੈ ਅਤੇ ਲੋੜ ਪੈਣ 'ਤੇ ਇਸਦੇ ਸਤਿਕਾਰ ਅਤੇ ਆਨ ਸ਼ਾਨ ਦੀ ਖਾਤਰ ਆਪਣੀਆਂ ਜਾਨਾਂ 'ਤੇ ਖੇਡਣ ਤੋਂ ਵੀ ਗੁਰਸਿੱਖ ਕਦੇ ਪਿੱਛੇ ਨਹੀਂ ਰਹੇ। ਇਸ 'ਤੇ ਮਾਣ ਕੀਤਾ ਜਾ ਸਕਦਾ ਹੈ ਅਤੇ ਸਾਰੀ ਦੁਨੀਆਂ ਨੂੰ ਸਾਡੇ ਇਸ ਸਤਿਕਾਰ ਬਾਰੇ ਗਿਆਨ ਵੀ ਹੈ।

ਪਰ ਗੁਰਬਾਣੀ ਸਾਨੂੰ ਕੀ ਸਮਝਾ ਰਹੀ ਹੈ, ਸਾਡਾ ਇਤਿਹਾਸ ਸਾਨੂੰ ਕੀ ਸਿਖਾ ਰਿਹਾ ਹੈ?? ਉਸ ਨੂੰ ਭੁੱਲ ਕੇ ਜੇ ਅਸੀਂ ਕੁਝ ਰੀਤਾਂ ਨੂੰ ਮਰਿਯਾਦਾ ਨੂੰ ਹੀ ਸਭ ਕੁਝ ਸਮਝ ਕੇ ਉਸ 'ਤੇ ਬੇਲੋੜਾ ਵਿਵਾਦ ਕਰਦੇ ਹਾਂ ਅਤੇ ਗਿਆਨ ਨੂੰ ਗੁਰੂ ਨਾ ਮੰਨ ਕੇ ਸਿਰਫ ਉਸਦੇ ਕਿਤਾਬੀ ਰੂਪ ਨੂੰ ਗੁਰੂ ਮੰਨ ਕੇ ਵਿਚਰਦੇ ਹਾਂ, ਤਾਂ ਗਿਆਨ ਤੋਂ ਸੇਧ ਲੈਣ ਵਾਲੇ ਅਤੇ ਗੁਰਬਾਣੀ ਅਤੇ ਇਤਿਹਾਸ ਦੀ ਸੋਝੀ ਰੱਖਣ ਵਾਲੇ ਹਰ ਹਿਰਦੇ ਨੂੰ ਦੁੱਖ ਲੱਗਦਾ ਹੈ। ਅੱਜ ਆਪਾਂ ਸਿਰਫ ਇਸ ਪੱਖ 'ਤੇ ਕੇਂਦਰਿਤ ਹੋਵਾਂਗੇ ਕਿ ਕੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨੇ ਨੂੰ ਅੰਗ ਕਹਿਣਾ ਜਾਇਜ਼ ਹੈ?

**ਪ੍ਰਗਟ ਗੁਰਾਂ ਕੀ ਦੇਹ ਦਾ ਸੰਕਲਪ:-** ਇਸ ਬਿਰਤੀ ਦਾ ਆਰੰਭ ਗੁਰੂ ਮਾਨਿਓਂ ਗ੍ਰੰਥ ਦੇ ਸੰਕਲਪ ਨੂੰ ਠੀਕ ਤਰ੍ਹਾਂ ਨਾ ਸਮਝੇ ਜਾਣ ਤੋਂ ਪੈਦਾ ਹੋਇਆ ਹੈ। ਜੇ ਆਪਾਂ ਇਸ ਦੇ ਪਿਛੋਕੜ ਵੱਲ ਧਿਆਨ ਦੇਈਏ, ਤਾਂ ਅੱਜ ਵੀ ਅਰਦਾਸ ਦੇ ਅਖੀਰ 'ਤੇ ਪੜ੍ਹਿਆ ਜਾਣ ਵਾਲਾ ਹੇਠ ਲਿਖਿਆ ਦੋਹਿਰਾ ਵਿਚਾਰਨਾ ਜ਼ਰੂਰੀ ਹੈ:-

ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ॥
ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥
ਗੁਰੂ ਗ੍ਰੰਥ ਜੀਂ ਮਾਨਿਓ ਪ੍ਰਗਟ ਗੁਰਾਂ ਕੀ ਦੇਹ॥
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮਹਿ ਲੇਹ॥.........

ਇਹ ਗੱਲ ਤਾਂ ਭਰੋਸੇ ਨਾਲ ਆਖੀ ਜਾ ਸਕਦੀ ਹੈ ਅਤੇ ਇਤਿਹਾਸਕ ਸਬੂਤ ਵੀ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਉਨ੍ਹਾਂ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਦੀ ਤਾਕੀਦ ਕੀਤੀ ਸੀ ਅਤੇ ਇਹ ਵੀ ਸੱਚ ਹੈ ਕਿ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਉਸੇ ਤਰ੍ਹਾਂ ਮੱਥਾ ਟੇਕਿਆ ਸੀ, ਜਿਵੇਂ ਪਹਿਲੇ ਗੁਰੂ ਸਾਹਿਬਾਨ, ਗੁਰਗੱਦੀ ਦੇਣ ਸਮੇਂ ਗੱਦੀ ਦੇ ਅਧਿਕਾਰੀ ਨੂੰ ਮੱਥਾ ਟੇਕਦੇ ਸਨ।

ਸ਼ਾਇਦ ਸਾਰੇ ਸਿੱਖਾਂ ਨੂੰ ਇਸ ਗੱਲ ਦਾ ਇਲਮ ਨਹੀਂ ਕਿ ਉਪਰੋਕਤ ਸਤਰਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਉਚਾਰੀਆਂ ਹੋਈਆਂ ਨਹੀਂ ਹਨ। ਇਹ ਭਾਈ ਪ੍ਰਹਿਲਾਦ ਸਿੰਘ ਜੀ ਦੇ ਰਹਿਤਨਾਮੇ ਅਤੇ ਗਿਆਨੀ ਗਿਆਨ ਸਿੰਘ ਜੀ ਦੇ ਪੰਥ ਪ੍ਰਕਾਸ਼ 'ਤੇ ਆਧਾਰਿਤ ਹਨ। ਭਾਈ ਪ੍ਰਹਿਲਾਦ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਰਹੇ ਹਨ। ਉਨ੍ਹਾਂ ਵਲੋਂ ਲਿਖੇ ਰਹਿਤਨਾਮੇ ਵਿਚ ਇਹ ਪੰਕਤੀਆਂ ਕੁਝ ਫਰਕ ਨਾਲ ਇਸ ਤਰ੍ਹਾਂ ਹਨ:-

ਪੰਥ ਚਲਯੋ ਹੈ ਜਗਤ ਮੈ ਗੁਰ ਨਾਨਕ ਪ੍ਰਸਾਦਿ॥
ਰਹਤ ਬਤਾਈਏ ਖਾਲਸੇ ਸੁਣ ਭਾਈ ਪ੍ਰਹਲਾਦ॥
......................
ਅਕਾਲ ਪੁਰਖ ਕੇ ਬਚਨ ਸਿਉ ਪ੍ਰਗਟ ਚਲਾਯੋ ਪੰਥ॥
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਯੋ ਗ੍ਰੰਥ॥
......................
ਗੁਰੂ ਖਾਲਸਾ ਮਾਨੀਅਹਿ ਪ੍ਰਗਟ ਗੁਰੂ ਕੀ ਦੇਹ॥
ਜੋ ਸਿਖ ਮੋ ਮਿਲਬੋ ਚਹੈ ਖੋਜ ਇਨਹੁ ਮਹਿ ਲੇਹੁ॥

----------------------------------

ਗਿਆਨੀ ਗਿਆਨ ਸਿੰਘ ਜੀ ਦਾ ਪੰਥ ਪ੍ਰਕਾਸ਼ 1867 ਈਸਵੀ ਵਿਚ ਛਪਿਆ। (ਭਾਸ਼ਾ ਵਿਭਾਗ ਪੰਜਾਬ) ਉਸ ਦੇ ਪੰਨਾ 353 'ਤੇ ਉਕਤ ਦੋਹਿਰਾ ਇਸ ਤਰ੍ਹਾਂ ਲਿਖਿਆ ਹੈ:-

ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ॥
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ॥
ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ॥
ਜੋ ਪ੍ਰਭ ਕੋ ਮਿਲਬੋ ਚਹੇ ਖੋਜ ਸ਼ਬਦ ਮੈਂ ਲੇਹ॥
ਜਬ ਗੁਰੂ ਪਰਗਟ ਭਏ ਪੂਰਨ ਹਰਿ ਅਵਤਾਰ॥
ਜਗਮਗ ਜੋਤ ਬਿਰਾਜਹੀ ਸ੍ਰੀ ਗੁਰੁ ਗ੍ਰੰਥ ਮਝਾਰ॥
ਜੋ ਦਰਸਿਯੋ ਚਹਿ ਗੁਰੂ ਕੇ ਸੋ ਦਰਸੈ ਗੁਰੁ ਗ੍ਰੰਥ॥
ਪਢੈ ਸੁਨੈ ਸਾਰਥ ਲਹੈ ਪਰਮਾਰਥ ਕੋ ਪੰਥ॥

------------------------------

ਭਾਈ ਪ੍ਰਹਲਾਦ ਸਿੰਘ ਜੀ ਦੇ ਰਹਿਤਨਾਮੇ ਵਿਚ ਵੀ ਕਾਫੀ ਤਬਦੀਲੀਆਂ ਹੁੰਦੀਆਂ ਆਈਆਂ ਹਨ ਅਤੇ ਭਾਈ ਕਾਹਨ ਸਿੰਘ ਨਾਭਾ ਜੀ ਦੇ ਅਨੁਸਾਰ ਗਿਆਨੀ ਗਿਆਨ ਸਿੰਘ ਜੀ ਦਾ "ਪੰਥ ਪ੍ਰਕਾਸ਼" ਵੀ ਰਤਨ ਸਿੰਘ ਭੰਗੂ, ਕਵਿ ਨਿਹਾਲ ਸਿੰਘ ਅਤੇ ਹੋਰ ਲਿਖਾਰੀਆਂ ਦੀਆਂ ਲਿਖਤਾਂ ਤੋਂ ਚੋਰੀ ਕਰਕੇ ਤਿਆਰ ਕੀਤਾ ਹੋਇਆ ਹੈ।

ਵਧੇਰੇ ਵਿਸਥਾਰ ਵਿਚ ਨਾ ਜਾਈਏ ਤਾਂ ਪਹਿਲੀ ਗੱਲ ਕਿ ਦੋਵੇਂ ਸਰੋਤ ਪ੍ਰਮਾਣਿਤ ਨਹੀਂ ਹਨ। ਦੂਜੀ ਗੱਲ ਜੋ ਨਜ਼ਰ ਆ ਰਹੀ ਹੈ ਕਿ ਗਿਆਨੀ ਗਿਆਨ ਸਿੰਘ ਨੇ ਗੁਰੂ ਖਾਲਸਾ ਮਾਨੀਅਹਿ ਨੂੰ ਗੁਰੂ ਗ੍ਰੰਥ ਜੀਂ ਮਾਨਿਓ ਕਰ ਦਿੱਤਾ ਹੈ। ਹੇਠਾਂ ਦਿੱਤੀ ਹੋਰ ਵਿਚਾਰ ਤੋਂ ਸਪੱਸ਼ਟ ਹੋ ਜਾਏਗਾ ਕਿ ਗੁਰੂ ਖਾਲਸਾ ਠੀਕ ਸੀ ਜਾਂ ਗੁਰੂ ਗ੍ਰੰਥ ?

**ਗੁਰੂ ਗੋਬਿੰਦ ਸਿੰਘ ਜੀ ਦੇ ਅੰਤਿਮ ਬਚਨ** :- ਜ਼ਿਕਰ ਆਉਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਨੰਦੇੜ ਵਿਖੇ ਸਿੱਖਾਂ ਨੇ ਪੁੱਛਿਆ ਸੀ ਕਿ ਤੁਹਾਡੇ ਤੋਂ ਬਾਅਦ ਸਾਡੀਂ ਅਗਵਾਈ ਕੌਣ ਕਰੇਗਾ?? ਤਾਂ ਗੁਰੂ ਜੀ ਨੇ ਫੁਰਮਾਇਆ ਸੀ, "ਮੇਰਾ ਸਰੀਰ ਖਾਲਸੇ ਵਿਚ ਅਤੇ ਆਤਮਾ ਗੁਰੂ ਗ੍ਰੰਥ ਜੀ ਵਿਚ।"

ਦੋ ਸਰੋਤਾਂ ਦਾ ਹੋਰ ਜ਼ਿਕਰ ਕਰਨਾ ਜ਼ਰੂਰੀ ਹੈ।

ਭਾਈ ਨੰਦ ਲਾਲ ਜੀ ਦੇ ਰਹਿਤਨਾਮੇ ਵਿਚ ਗੁਰਬਾਣੀ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਲਿਖਿਆ ਹੈ:--

ਮੇਰਾ ਰੂਪ ਗ੍ਰੰਥ ਜੀਂ ਜਾਣ॥
ਇਸ ਮੇ ਭੇਤ ਨਹੀਂ ਕੁਛ ਮਾਨ॥
ਅਤੇ ਇਸੇ ਵਿਚ ਅੱਗੇ ਲਿਖਿਆ ਹੈ
ਤੀਸਰਾ ਰੂਪ ਸਿੱਖ ਹੈ ਮੋਰ॥
ਗੁਰਬਾਣੀ ਰਤ ਜਿਹ ਨਿਸਿ ਭੋਰ॥

ਇਸ ਵਿਚ ਗ੍ਰੰਥ ਨੂੰ ਗੁਰੂ ਕਿਹਾ ਹੈ ਪਰ ਤੀਸਰਾ ਰੂਪ ਸਿੱਖ ਨੂੰ ਵੀ ਕਿਹਾ ਗਿਆ ਹੈ।

ਕਵੀ ਸੈਨਾਪਤਿ ਦੁਆਰਾ ਲਿਖੀ ਗੁਰੂ ਸ਼ੋਭਾ ਅਨੁਸਾਰ:-

ਭਰਮ ਭੇਖ ਤੇ ਰਹੇ ਨਿਆਰਾ॥
ਸੋ ਖਾਲਸਾ ਸਤਿਗੁਰੂ ਹਮਾਰਾ॥

ਜੋ ਖਾਲਸਾ ਗੁਰਬਾਣੀ ਅਨੁਸਾਰ ਜੀਵਨ ਜਿਉ ਰਿਹਾ ਹੈ, ਭਰਮ ਭੇਖ ਤੋਂ ਦੂਰ ਹੈ, ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਆਪਣਾ ਰੂਪ ਹੀ ਨਹੀਂ, ਸਗੋਂ ਆਪਣਾ ਸਤਿਗੁਰੂ ਵੀ ਆਖਦੇ ਹਨ।

**ਅੰਗ ਗ੍ਰੰਥ ਦੇ ਜਾਂ ਪੰਥ ਦੇ ?** ਗੁਰੂ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਆਤਮਾ ਕਿਹਾ ਸੀ ਅਤੇ ਖਾਲਸੇ ਨੂੰ ਆਪਣਾ ਸਰੀਰ। ਹੁਣ ਅੰਗ ਤਾਂ ਸਰੀਰ ਦੇ ਹੁੰਦੇ ਹਨ, ਆਤਮਾ ਦੇ ਤਾਂ ਅੰਗ ਨਹੀਂ ਹੁੰਦੇ। ਖਾਲਸਾ ਆਪਣੇ ਅੰਗਾਂ ਦੀ ਵਧੀਆ ਸੰਭਾਲ ਕਰ ਰਿਹਾ ਹੈ, ਕੋਈ ਸ਼ੱਕ ਨਹੀਂ। ਗੁਰੂ ਗ੍ਰੰਥ ਸਾਹਿਬ ਜੀ ਦੇ ਪੁਸਤਕ ਰੂਪ ਦੇ ਪੰਨਿਆਂ ਨੂੰ ਜਦੋਂ ਅੰਗ ਆਖਾਂਗੇ, ਤਾਂ ਅਸੀਂ ਅਚੇਤ ਹੀ ਗੁਰੂ ਗ੍ਰੰਥ ਜੀ ਨੂੰ ਇੱਕ ਮੂਰਤੀ ਵਾਂਗ ਸਿੱਧ ਕਰ ਰਹੇ ਹੋਵਾਂਗੇ। ਗੁਰੂ ਗ੍ਰੰਥ ਨੂੰ ਦੇਹ ਮੰਨਣ ਦੇ ਇਸ ਸੰਕਲਪ ਨੇ ਹੀ ਸਿੱਖਾਂ ਦੇ ਇੱਕ ਹਿੱਸੇ ਵਲੋਂ ਕੜਾਹ ਪ੍ਰਸ਼ਾਦਿ ਦੀ ਦੇਗ ਨੂੰ ਕਿਰਪਾਨ ਭੇਟ ਕਰਨ ਸਮੇਂ ਅਰਦਾਸ ਵਿਚ "ਆਪ ਜੀ ਨੂੰ ਭੋਗ ਲੱਗੇ" ਕਹਿਣ ਲਗਾ ਦਿੱਤਾ ਹੈ। ਇਸੇ ਸੋਚ ਨੇ ਗਰਮੀਆਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੱਖੇ, ਕੂਲਰ ਅਤੇ ਏ.ਸੀ. ਵਿਚ ਰੱਖਿਆ ਅਤੇ ਸਰਦੀਆਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਤੇ ਕੰਬਲ, ਰਜਾਈਆਂ ਦਿੰਦੇ ਦੇਖਦੇ ਹਾਂ। ਪਿੱਛੇ ਜਿਹੇ ਸੁਣਨ ਵਿਚ ਆਇਆ ਸੀ (ਠੀਕ ਜਾਂ ਗਲਤ?) ਕਿ ਇੰਗਲੈਂਡ ਵਿਚ ਅਜਿਹਾ ਸਰੂਪ ਤਿਆਰ ਕੀਤਾ ਜਾ ਰਿਹਾ ਹੈ, ਜਿਸ ਦੇ ਪੰਨਿਆਂ ਨੂੰ ਪਾਣੀ ਨਾਲ ਧੋਤਾ ਵੀ ਜਾ ਸਕੇਗਾ। ਅਜਿਹੀਆਂ ਗੱਲਾਂ ਕਰਨ ਨਾਲ ਅਸੀਂ ਗੁਰਬਾਣੀ ਦਾ ਸਤਿਕਾਰ ਕਰ ਰਹੇ ਹੋਵਾਂਗੇ ਜਾਂ ਅਪਮਾਨ??

ਸੋ ਸਾਨੂੰ ਲੋੜ ਤੋਂ ਵੱਧ ਸ਼ਰਧਾ ਨੂੰ ਛੱਡ ਦੇਣਾ ਚਾਹੀਦਾ ਹੈ। ਗੁਰਬਾਣੀ ਗੁਰੂ ਸ਼ਰਧਾ ਨਾਲੋਂ ਗਿਆਨ ਨੂੰ ਉੱਚਾ ਦਰਜਾ ਦਿੰਦਾ ਹੈ। ਹੋਰ ਬਹੁਤ ਮਸਲੇ ਵਿਚਾਰ ਕਰਨ ਵਾਲੇ ਹਨ, ਸਤਿਕਾਰ ਨਾਲ ਸੰਬੰਧਿਤ, ਪਰ ਇਸ ਸਮੇਂ ਇੱਕ ਨੁਕਤੇ 'ਤੇ ਹੀ ਕੇਂਦਰਿਤ ਹਾਂ ਕਿ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਿਆਂ ਨੂੰ ਪੰਨਾ ਹੀ ਆਖਣਾ ਚਾਹੀਦਾ ਹੈ, ਅੰਗ ਨਹੀਂ। ਇੱਕ ਸਵਾਲ ਮਨ ਵਿਚ ਹੋਰ ਇਹ ਵੀ ਆਇਆ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਜਿਹੜੀ ਬਾਣੀ ਕੰਪਿਊਟਰ ਵਿਚ, ਲੈਪਟਾਪ ਵਿਚ ਅਤੇ ਮੋਬਾਇਲ ਵਿਚ ਹੈ, ਉਸ ਦੇ ਪੰਨਿਆਂ ਨੂੰ ਅੰਗ ਕਿਵੇਂ ਆਖੋਗੇ? ਉਥੇ ਏ.ਸੀ. ਅਤੇ ਕੰਬਲ ਦੀ ਵਰਤੋਂ ਕਿਵੇਂ ਕਰੋਗੇ?

**ਗ੍ਰੰਥ ਸਾਹਿਬ ਜੀ ਵਿਚ ਤਤਕਰਾ:-** ਗੁਰੂ ਅਰਜਨ ਦੇਵ ਜੀ ਨੇ ਜਦੋਂ ਆਦਿ ਗ੍ਰੰਥ ਸੰਪੂਰਨ ਕਰਵਾਇਆ ਤਾਂ ਉਸ ਦੇ ਆਰੰਭ ਵਿਚ ਉਨ੍ਹਾਂ ਨੇ ਤਤਕਰਾ ਵੀ ਲਿਖਵਾਇਆ। ਉਨ੍ਹਾਂ ਨੇ ਉਸ ਤਤਕਰੇ ਵਿਚ ਸ਼ਬਦ ਪੰਨਾ ਵਰਤਿਆ ਹੈ ਅਤੇ ਇਹੀ ਪ੍ਰਥਾ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਵਾਲੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਬੀੜ ਸਮੇਂ ਵੀ ਵਰਤੀ ਸੀ।

ਕੀ ਗੁਰੂ ਅਰਜਨ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਬਾਣੀ ਦਾ ਸਤਿਕਾਰ ਨਹੀਂ ਕਰਦੇ ਸਨ? ਜਾਂ ਅਸੀਂ ਆਪਣੇ ਆਪ ਨੂੰ ਉਨ੍ਹਾਂ ਤੋਂ ਵੀ ਵੱਡਾ ਸ਼ਰਧਾਲੂ ਮੰਨਦੇ ਹਾਂ? ਸੋ, ਸ਼ਰਧਾਲੂ ਸਿੱਖਾਂ ਤੋਂ ਮੁਆਫੀ ਮੰਗਦਾ ਹੋਇਆ ਬੇਨਤੀ ਕਰਦਾ ਹਾਂ ਕਿ ਗੁਰਬਾਣੀ ਸ਼ਬਦਾਂ ਦਾ ਜ਼ਿਕਰ ਕਰਨ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨੇ ਹੀ ਲਿਖੋ ਅਤੇ ਬੋਲੋ। ਅੰਗ ਕਹਿਣ ਨਾਲ ਅਸੀਂ ਜਾਣੇ ਅਣਜਾਣੇ ਵਿਚ ਇੱਕ ਵੱਡਾ ਗੁਨਾਹ ਕਰ ਰਹੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੂਰਤੀ ਦੇ ਬਰਾਬਰ ਤੁਲਨਾ ਦੇ ਰਹੇ ਹਾਂ। ਜਦੋਂਕਿ ਗੁਰਬਾਣੀ ਅਨੁਸਾਰ ਸ਼ਬਦ ਸਾਡਾ ਗੁਰੂ ਹੈ। ਉਸ ਸ਼ਬਦ ਤੋਂ ਅਸੀਂ ਗਿਆਨ ਲੈਣਾ ਹੈ। ਉਸ ਨੂੰ ਹਿਰਦੇ ਵਿਚ ਵਸਾਉਣਾ ਹੈ। ਸਾਡੇ ਵਿਰੋਧੀ ਨੇ ਸਾਡੀ ਇਹੀ ਰਗ 'ਤੇ ਹੱਥ ਧਰ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਅੱਗਾਂ ਲਗਵਾਈਆਂ ਹਨ ਜਾਂ ਪੱਤਰੇ ਪਾੜਨ ਦੀ ਘਟੀਆ ਕੋਸ਼ਿਸ਼ ਕੀਤੀ ਹੈ।




ਇਹ ਗੱਲ ਤਾਂ ਭਰੋਸੇ ਨਾਲ ਆਖੀ ਜਾ ਸਕਦੀ ਹੈ ਅਤੇ ਇਤਿਹਾਸਕ ਸਬੂਤ ਵੀ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਉਨ੍ਹਾਂ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਦੀ ਤਾਕੀਦ ਕੀਤੀ ਸੀ ਅਤੇ ਇਹ ਵੀ ਸੱਚ ਹੈ ਕਿ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਉਸੇ ਤਰ੍ਹਾਂ ਮੱਥਾ ਟੇਕਿਆ ਸੀ, ਜਿਵੇਂ ਪਹਿਲੇ ਗੁਰੂ ਸਾਹਿਬਾਨ, ਗੁਰਗੱਦੀ ਦੇਣ ਸਮੇਂ ਗੱਦੀ ਦੇ ਅਧਿਕਾਰੀ ਨੂੰ ਮੱਥਾ ਟੇਕਦੇ ਸਨ।

# ਆਰਟੀਫ਼ੀਸ਼ੀਅਲ ਇੰਟੈਲੀਜੈਂਸ

## ਚਾਰੇ ਪਾਸੇ ਹੋ ਰਹੀ ਹੈ ਮਸਨੂਈ ਬੁੱਧੀ ਦੀ ਚਰਚਾ




ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA


ਮਸਨੂਈ ਬੁੱਧੀ ਦਾ ਅਰਥ ਮਸ਼ੀਨਾਂ ਅੰਦਰ ਮਨੁੱਖ ਵਰਗੀ ਬੁੱਧੀ, ਸਮਝ ਜਾਂ ਬੌਧਿਕਤਾ ਦਾ ਵਿਕਾਸ ਕਰਨਾ ਹੈ। ਅਰਥਾਤ ਕੰਪਿਊਟਰ ਵਰਗੀਆਂ ਮਸ਼ੀਨਾਂ ਨੂੰ ਇਸ ਯੋਗ ਬਨਾਉਣਾ ਕਿ ਉਹ ਸਿੱਖ ਸਕਣ, ਸਮਝ ਸਕਣ, ਵਿਵੇਕ ਦੀ ਵਰਤੋਂ ਕਰ ਸਕਣ, ਸਮੱਸਿਆਵਾਂ ਨੂੰ ਸੁਲਝਾ ਸਕਣ, ਸਹਾਇਤਾ ਕਰ ਸਕਣ ਅਤੇ ਮਨੁੱਖਾਂ ਵਾਂਗ ਕੰਮ ਕਰ ਸਕਣ।

ਏ.ਆਈ. (ਆਰਟੀਫ਼ਸ਼ੀਅਲ ਇੰਟੈਲੀਜੈਂਸ) ਨੂੰ ਪੰਜਾਬੀ ਵਿਚ 'ਮਸਨੂਈ ਬੁੱਧੀ' ਨਾਂ ਦਿੱਤਾ ਗਿਆ ਹੈ। ਇਸਦਾ ਅਰਥ ਹੈ ਮਨੁੱਖ ਦੁਆਰਾ ਬਣਾਈ ਗਈ, ਸਿਰਜੀ ਗਈ, ਵਿਕਸਤ ਕੀਤੀ ਗਈ ਮਸ਼ੀਨੀ ਬੁੱਧੀ।

ਇਸਦੀ ਸਿਰਜਣਾ ਵੇਲੇ ਇਸ ਵਿਚ ਅਨੇਕਾਂ ਖ਼ੂਬੀਆਂ ਵਿਕਸਤ ਕੀਤੀਆਂ ਗਈਆਂ ਹਨ। ਇਹ ਡੇਟਾ ਤੋਂ ਸਿੱਖ ਸਕਦੇ ਹਨ ਅਤੇ ਆਪਣੇ ਪ੍ਰਦਰਸ਼ਨ, ਆਪਣੀ ਕਾਰਗਜਾਰੀ ਨੂੰ ਬਿਹਤਰ ਬਣਾ ਸਕਦੇ ਹਨ। ਇਹ ਸਮੱਸਿਆਵਾਂ ਨੂੰ ਸਮਝ ਸਕਦੇ ਹਨ, ਉਨ੍ਹਾਂ ਦਾ ਵਿਸ਼ਲੇਸ਼ਣ ਕਰ ਸਕਦੇ ਹਨ, ਪ੍ਰਤੀਕਰਮ ਦੇ ਸਕਦੇ ਹਨ ਅਤੇ ਉਨ੍ਹਾਂ ਦਾ ਹੱਲ ਕਰ ਸਕਦੇ ਹਨ। ਇਹ ਮਨੁੱਖ ਦੀ ਬੋਲੀ ਨੂੰ, ਭਾਸ਼ਾ ਨੂੰ ਸਮਝ ਕੇ ਉਸਦਾ ਜਵਾਬ ਦੇ ਸਕਦੇ ਹਨ। ਸਰੀਰਕ ਹਾਵ-ਭਾਵ ਪ੍ਰਗਟਾ ਸਕਦੇ ਹਨ। ਮਸਨੂਈ ਬੁੱਧੀ ਵਿਚ ਇਹ ਸਮਰੱਥਾ ਹੁੰਦੀ ਹੈ ਕਿ ਇਹ ਆਮ, ਖ਼ਾਸ ਅਤੇ ਛੋਟੀਆਂ-ਵੱਡੀਆਂ ਸਮੱਸਿਆਵਾਂ ਨੂੰ ਸਮਝ ਕੇ ਉਨ੍ਹਾਂ ਦਾ ਹੱਲ ਕਰ ਸਕੇ।

ਇਹ ਡੇਟਾ ਅਤੇ ਜਾਣਕਾਰੀ ਦੇ ਆਧਾਰ 'ਤੇ ਫੈਸਲਾ ਲੈਣ ਦੇ ਵੀ ਸਮਰੱਥ ਹੁੰਦੀ ਹੈ। ਇਸਦੇ ਫ਼ਾਇਦਿਆਂ ਅਤੇ ਵਰਤੋਂ ਦੀ ਲੰਮੀ ਸੂਚੀ ਹੈ। ਇਹ ਬਿਨ੍ਹਾਂ ਡਰਾਈਵਰ ਤੋਂ ਕਾਰ ਚਲਾ ਸਕਦੀ ਹੈ। ਇਹ ਡਾਕਟਰ ਦੀ ਥਾਂ ਮਰੀਜ਼ਾਂ ਦਾ ਇਲਾਜ ਕਰ ਸਕਦੀ ਹੈ। ਆਰਥਿਕਤਾ ਦੇ ਖੇਤਰ ਵਿਚ ਵਿਵੇਕ ਦੇ ਆਧਾਰ 'ਤੇ ਇਹ ਧੋਖਾਧੜੀ ਤੋਂ ਬਚਾ ਸਕਦੀ ਹੈ। ਸਹੀ ਜਗ੍ਹਾ ਨਿਵੇਸ਼ ਕਰਨ ਵਿਚ ਸਹਾਇਤਾ ਕਰ ਸਕਦੀ ਹੈ। ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਕੀਤੀ ਜਾ ਸਕਦੀ ਹੈ। ਤਸਵੀਰਾਂ ਬਣਾਈਆਂ ਜਾ ਸਕਦੀਆਂ ਹਨ। ਮਨੋਰੰਜਨ ਸਮੱਗਰੀ ਤਿਆਰ ਕੀਤੀ ਜਾ ਸਕਦੀ ਹੈ।

ਏ.ਆਈ. ਇਕ ਪਰਿਵਰਤਨਕਾਰੀ ਤਕਨੀਕ ਹੈ, ਜਿਹੜੀ ਮਸ਼ੀਨਾਂ ਨੂੰ ਮਨੁੱਖ ਵਾਂਗ ਸਮੱਸਿਆਵਾਂ ਦੇ ਹੱਲ ਕਰਨ ਦੇ ਸਮਰੱਥ ਬਣਾਉਂਦੀ ਹੈ। ਤਸਵੀਰਾਂ ਨੂੰ ਪਛਾਨਣ ਅਤੇ ਸਿਰਜਣਾਤਮਕ ਸਮੱਗਰੀ ਤਿਆਰ ਕਰਨ ਦੇ ਨਾਲ-ਨਾਲ ਡੇਟਾ ਆਧਾਰਿਤ ਭਵਿੱਖਬਾਣਾਂ ਕਰਨ ਅਤੇ ਵਿਸ਼ਾਲ ਪੱਧਰ 'ਤੇ ਬਿਹਤਰ ਫੈਸਲੇ ਲੈਣ ਦੇ ਕਾਬਲ ਬਣਾਉਂਦੀ ਹੈ।

ਇਸਨੂੰ ਤਿੰਨ ਵਰਗਾਂ 'ਚ ਵੰਡਿਆ ਜਾ ਸਕਦਾ ਹੈ। ਪਹਿਲੀ ਸੰਕੀਰਨ ਅਰਥਾਤ ਕਮਜ਼ੋਰ ਏ.ਆਈ.। ਇਸਨੂੰ ਕੇਵਲ ਇਕ ਜਾਂ ਕੁਝ ਇਕ ਕੰਮ ਕਰਨ ਲਈ ਹੀ ਡਿਜ਼ਾਈਨ ਕੀਤਾ ਜਾਂਦਾ ਹੈ। ਉਸ ਕੰਮ ਤੋਂ ਇਲਾਵਾ ਇਹ ਕੋਈ ਹੋਰ ਕੰਮ ਨਹੀਂ ਕਰ ਸਕਦੀ। ਦੂਸਰੀ ਕਿਸਮ ਜਨਰਲ ਏ.ਆਈ.। ਇਸ ਵਿਚ ਮਨੁੱਖੀ ਬੁੱਧੀ ਵਾਂਗ ਪ੍ਰਦਰਸ਼ਨ ਕਰਨ ਦੀ ਸਮਰੱਥਾ ਹੁੰਦੀ ਹੈ। ਇਹ ਉਹ ਬੌਧਿਕ ਕੰਮ ਕਰ ਸਕਦੀ ਹੈ, ਜਿਹੜਾ ਮਨੁੱਖ ਕਰ ਸਕਦਾ ਹੈ। ਇਸਨੂੰ ਮਜ਼ਬੂਤ ਏ.ਆਈ. ਵੀ ਕਿਹਾ ਜਾਂਦਾ ਹੈ। ਤੀਸਰੀ ਕਿਸਮ ਸੁਪਰ ਏ.ਆਈ. ਹੈ। ਇਹ ਮਨੁੱਖੀ ਬੁੱਧੀ ਤੋਂ ਵੀ ਬਿਹਤਰ ਹੈ ਅਤੇ ਕਿਸੇ ਵੀ ਬੌਧਿਕ ਕਾਰਜ ਨੂੰ ਕਰਨ ਦੇ ਕਾਬਲ ਹੈ, ਜਿਨ੍ਹਾਂ ਵਿਚ ਸਮੱਸਿਆ ਦਾ ਹੱਲ, ਫੈਸਲੇ ਲੈਣਾ ਅਤੇ ਸਿਰਜਣਾਤਮਿਕਤਾ ਸ਼ਾਮਲ ਹਨ।

ਬੇਸ਼ੱਕ ਏ.ਆਈ. ਦਾ ਬੋਲਬਾਲਾ ਬੜੀ ਦੇਰ ਬਾਅਦ ਆਰੰਭ ਹੋਇਆ ਪਰ ਇਸਦੀ ਸ਼ੁਰੂਆਤ 1950 ਦੇ ਦਹਾਕੇ ਵਿਚ ਹੀ ਹੋ ਗਈ ਸੀ। ਜਦੋਂ ਵਿਗਿਆਨੀਆਂ ਨੇ ਇਹ ਸੋਚਣਾ ਸ਼ੁਰੂ ਕੀਤਾ ਕਿ ਕੀ ਮਸ਼ੀਨਾਂ ਮਨੁੱਖ ਵਾਂਗ ਸੋਚ ਸਕਦੀਆਂ ਹਨ, ਮਨੁੱਖ ਵਾਂਗ ਕੰਮ ਕਰ ਸਕਦੀਆਂ ਹਨ? ਏ.ਆਈ. ਸ਼ਬਦ ਦਾ ਪ੍ਰਯੋਗ ਪਹਿਲੀ ਵਾਰ 1956 'ਚ ਕੀਤਾ ਗਿਆ।

1980 ਦੇ ਦਹਾਕੇ ਵਿਚ ਏ.ਆਈ. ਨੇ ਵਿੱਤ ਸੇਵਾ ਉਦਯੋਗ 'ਚ ਆਪਣੀ ਮੌਜੂਦਗੀ ਦਰਜ ਕਰਵਾਈ। ਜਦ 1990 ਦੇ ਦਹਾਕੇ ਦੇ ਅਖ਼ੀਰ ਵਿਚ ਇੰਟਰਨੈੱਟ ਤਹਿਤ ਡੇਟਾ ਦਾ ਵਿਸਫੋਟ ਹੋਇਆ, ਤਾਂ ਇਸਨੇ ਏ.ਆਈ. ਕਾਰਜ-ਪ੍ਰਣਾਲੀ ਨੂੰ ਵੱਡਾ ਹੁਲਾਰਾ ਦਿੱਤਾ। ਸਾਲ 2000 ਦੇ ਦਹਾਕੇ ਦੌਰਾਨ ਡੀਪ ਲਰਨਿੰਗ ਜਿਹਾ ਗੁੰਝਲਦਾਰ ਏ.ਆਈ. ਮਾਡਲ ਹੋਂਦ ਵਿਚ ਆਇਆ।



2000 ਤੋਂ ਬਾਅਦ ਵੱਖ-ਵੱਖ ਮੁਲਕਾਂ ਨੇ ਇਸ ਖੇਤਰ ਵਿਚ ਤੇਜ਼ੀ ਨਾਲ ਕੰਮ ਕੀਤਾ ਅਤੇ ਆਪਸ ਵਿਚ ਇਕ ਮੁਕਾਬਲਾ ਆਰੰਭ ਹੋ ਗਿਆ। ਅੰਤਰਰਾਸ਼ਟਰੀ ਕਾਨਫਰੰਸਾਂ ਵਿਚ ਚੀਨ, ਜਪਾਨ, ਅਮਰੀਕਾ, ਇੰਗਲੈਂਡ, ਕੈਨੇਡਾ, ਜਰਮਨੀ, ਫ਼ਰਾਂਸ, ਸਵੀਡਨ, ਇਜ਼ਰਾਈਲ, ਆਸਟਰੇਲੀਆ, ਸਾਊਥ ਕੋਰੀਆ ਜਿਹੇ ਮੁਲਕ ਏ.ਆਈ. ਖੇਤਰ 'ਚ ਆਪਣੀਆਂ ਲੱਭਤਾਂ ਤੇ ਪ੍ਰਾਪਤੀਆਂ ਦਾ ਪ੍ਰਦਰਸ਼ਨ ਕਰਕੇ ਦੁਨੀਆਂ ਦਾ ਧਿਆਨ ਖਿੱਚਣ ਲੱਗੇ।

ਜਦ ਚੀਨ ਨੇ ਨਕਲੀ ਨਿਊਜ਼ ਰੀਡਰ ਟੈਲੀਵਿਜ਼ਨ ਸਕਰੀਨ 'ਤੇ ਖ਼ਬਰਾਂ ਪੜ੍ਹਨ ਲਈ ਪੇਸ਼ ਕਰ ਦਿੱਤੇ, ਜਿਹੜੇ ਨਾ ਅੱਕਦੇ ਸਨ, ਨਾ ਥੱਕਦੇ ਸਨ ਅਤੇ ਬਿਲਕੁਲ ਅਸਲੀ ਦਾ ਭੁਲੇਖਾ ਪਾਉਂਦੇ ਸਨ, ਤਾਂ ਦੁਨੀਆਂ ਹੱਕੀ-ਬੱਕੀ ਰਹਿ ਗਈ। ਇਸ ਖੇਤਰ ਵਿਚ ਜਿਵੇਂ ਭੂਚਾਲ ਆ ਗਿਆ। ਤਦ ਤੋਂ ਮਸਨੂਈ ਬੁੱਧੀ (ਏ.ਆਈ.) ਸੰਸਾਰ ਪੱਧਰ 'ਤੇ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਸਦੇ ਨਫ਼ੇ ਨੁਕਸਾਨ ਵਿਚਾਰੇ ਜਾ ਰਹੇ ਹਨ। ਆਪੋ ਆਪਣੀ ਭਾਸ਼ਾ ਵਿਚ ਇਸਦੇ ਪ੍ਰਯੋਗ 'ਤੇ ਸਭ ਦਾ ਧਿਆਨ ਲੱਗਾ ਹੋਇਆ ਹੈ। ਪੰਜਾਬੀ ਭਾਸ਼ਾ ਵਿਚ ਇਸਦੀ ਵਰਤੋਂ 'ਤੇ ਵੀ ਲਗਾਤਾਰ ਵਿਚਾਰ-ਵਿਟਾਂਦਰਾ ਜਾਰੀ ਹੈ। ਏ.ਆਈ. ਨਾਲ ਅੱਖਰਾਂ ਨੂੰ, ਤਸਵੀਰਾਂ ਨੂੰ, ਡਿਜ਼ਾਇਨਾਂ ਨੂੰ ਨਵੀਂ-ਨਵੀਂ ਦਿੱਖ, ਨਵੇਂ-ਨਵੇਂ ਆਕਾਰ, ਨਵੀਂ ਨਵੀਂ ਗਹਿਰਾਈ ਦਿੱਤੀ ਜਾ ਰਹੀ ਹੈ।

ਇਸਦੀ ਕਿਸਮ ਅਤੇ ਵੰਨਗੀ ਤੁਹਾਡੀਆਂ ਲੋੜਾਂ ਅਤੇ ਵਰਤੋਂ 'ਤੇ ਨਿਰਭਰ ਕਰਦੀ ਹੈ। ਵੱਖ-ਵੱਖ ਮਾਡਲ ਵੱਖ-ਵੱਖ ਕਾਰਜਾਂ ਲਈ ਢੁੱਕਵੇਂ ਹੁੰਦੇ ਹਨ। ਜਿਵੇਂ ਚਰਚਿਤ ਅਤੇ ਸ਼ਕਤੀਸ਼ਾਲੀ ਮਾਡਲਾਂ ਵਿਚ Chat GPT, Gemini, Grok, Copilot ਅਤੇ Perplexity ਆਦਿ ਆਉਂਦੇ ਹਨ।

ਚੈਟ ਜੀ.ਪੀ.ਟੀ. ਸ਼ਕਤੀਸ਼ਾਲੀ ਭਾਸ਼ਾ ਮਾਡਲ ਹੈ। ਇਹ ਵਿਸ਼ਾ-ਸਮੱਗਰੀ ਤਿਆਰ ਕਰਨ, ਪ੍ਰਸ਼ਨਾਂ ਦੇ ਉੱਤਰ ਦੇਣ ਅਤੇ ਜੁਦਾ-ਜੁਦਾ ਸਿਰਜਣਾਤਮਕ ਕਾਰਜਾਂ 'ਚ ਸਹਾਇਤਾ ਕਰ ਸਕਦਾ ਹੈ। ਗੂਗਲ ਦੁਆਰਾ ਵਿਕਸਤ ਕੀਤਾ ਗਿਆ ਏ.ਆਈ. ਮਾਡਲ ਜੈਮਿਨੀ ਬਹੁਪੱਖੀ ਹੈ। ਇਹ ਸਮੱਗਰੀ, ਤਸਵੀਰ ਅਤੇ ਆਡੀਓ ਸਮੇਤ ਵੱਖ-ਵੱਖ ਭਾਂਤ ਦੇ ਡੇਟਾ ਨੂੰ ਸਮਝ ਸਕਦਾ ਹੈ।

ਮਾਈਕਰੋਸਾਫ਼ਟ ਦੁਆਰਾ ਵਿਕਸਤ ਕੋਪਾਇਲਟ ਏ.ਆਈ. ਦਾ ਅਜਿਹਾ ਮਾਡਲ ਹੈ, ਜਿਹੜਾ ਕੋਡਿੰਗ ਅਤੇ ਲੇਖਨ ਸਮੇਤ ਕਈ ਹੋਰ ਕਾਰਜਾਂ ਵਿਚ ਸਹਾਇਕ ਹੋ ਸਕਦਾ ਹੈ।

ਐਕਸ ਏ.ਆਈ. ਦੁਆਰਾ ਬਣਾਇਆ ਗਰੋਕ ਇਕ ਅਜਿਹਾ ਮਾਡਲ ਹੈ, ਜਿਹੜਾ ਵਿਵੇਕ, ਵਿਸ਼ਾ-ਸਮੱਗਰੀ ਨਿਰਮਾਣ ਅਤੇ ਪ੍ਰਸੰਗਿਕ ਸੂਝ-ਸਮਝ 'ਤੇ ਕੇਂਦਰਿਤ ਹੈ।

Perplexity ਇਕ ਖੋਜ ਆਧਾਰਿਤ ਮਾਡਲ ਹੈ। ਇਹ ਗੂਗਲ, ਬਿੰਗ ਆਦਿ ਸਰੋਤਾਂ ਤੋਂ ਜਾਣਕਾਰੀ ਹਾਸਲ ਕਰਕੇ, ਉਸਨੂੰ ਇਕੱਠਾ ਕਰਕੇ ਪੇਸ਼ ਕਰਨ ਦੇ ਸਮਰੱਥ ਹੈ।

ਇਸੇ ਤਰ੍ਹਾਂ Synthesia, Deep Seek, Contant Shake, Wisper Flow, Winston, Cleo ਕੁਝ ਹੋਰ ਏ.ਆਈ. ਮਾਡਲ ਹਨ, ਜਿਹੜੇ ਵੱਖ-ਵੱਖ ਵਿਸ਼ੇਸ਼ਤਾਵਾਂ ਨਾਲ ਲੈਸ ਹਨ। ਜਿਵੇਂ ਪਹਿਲਾ ਵੀਡੀਓ ਨਿਰਮਾਣ ਲਈ, ਦੂਸਰਾ ਬਹੁਭਾਸ਼ੀ ਅਤੇ ਸਸਤਾ, ਚੌਥਾ ਆਵਾਜ਼ ਡਿਕਟੇਸ਼ਨ ਟੂਲ, ਪੰਜਵਾਂ ਜਨਰੇਟੇਡ ਸਮੱਗਰੀ ਦਾ ਪਤਾ ਲਗਾਉਣ ਲਈ ਅਤੇ ਛੇਵਾਂ ਵਿੱਤੀ ਪ੍ਰਬੰਧ ਅਤੇ ਬਜਟ ਲਈ ਸਹਾਇਤ ਹੈ।

ਸਮਝਣ ਵਾਲੀ ਗੱਲ ਇਹ ਹੈ ਕਿ ਏ.ਆਈ. ਜਗਤ ਵਿਚ ਨਿੱਤ ਖੋਜ-ਕਾਰਜ ਹੋ ਰਹੇ ਹਨ। ਨਵੇਂ-ਨਵੇਂ ਮਾਡਲ ਆ ਰਹੇ ਹਨ ਪਰੰਤੂ ਸਭ ਤੋਂ ਬਿਹਤਰ, ਸਭ ਤੋਂ ਚੰਗਾ, ਸਭ ਤੋਂ ਕਾਰਗਰ ਏ.ਆਈ. ਉਹ ਹੈ, ਜਿਹੜਾ ਤੁਹਾਡੀਆਂ ਲੋੜਾਂ ਅਨੁਸਾਰ ਹੋਵੇ।

ਏ.ਆਈ. ਦੇ ਵੱਖ-ਵੱਖ ਲਾਭਦਾਇਕ ਨੁਕਸਾਨਦਾਇਕ ਪਹਿਲੂ ਹਨ। ਇਸ ਨਾਲ ਕੰਮ ਸਪੀਡ ਨਾਲ ਹੁੰਦਾ ਹੈ। ਕੰਮ ਵਿਚ ਸਟੀਕਤਾ ਆਉਂਦੀ ਹੈ। ਇਹ ਲਗਾਤਾਰ ਬਿਨ੍ਹਾਂ ਰੁਕੇ, ਬਿਨ੍ਹਾਂ ਅੱਕੇ-ਥੱਕੇ ਕੰਮ ਕਰ ਸਕਦਾ ਹੈ ਪਰ ਇਸ ਨਾਲ ਰੋਜ਼ਗਾਰ ਵਿਚ ਕਮੀ ਆਏਗੀ। ਤਕਨੀਕ ਅਤੇ ਮਸ਼ੀਨ 'ਤੇ ਨਿਰਭਰਤਾ ਵਧੇਗੀ। ਨੈਤਿਕ ਸਮੱਸਿਆਵਾਂ ਆਉਣਗੀਆਂ।

ਏ.ਆਈ. ਦਾ ਮੁਖ ਉਦੇਸ਼ ਕੰਪਿਊਟਰ ਨੂੰ ਵੱਧ ਤੋਂ ਵੱਧ ਬੌਧਿਕ ਕਾਰਜ ਕਰਨ ਦੇ ਸਮਰੱਥ ਬਨਾਉਣਾ ਹੈ। ਇਸਨੂੰ ਸਭ ਤੋਂ ਪਹਿਲਾਂ ਅਮਰੀਕਾ ਦੀ ਕੰਪਨੀ ਓਪਨ ਏ.ਆਈ. ਨੇ ਬਣਾਇਆ। ਇਸ ਕੰਪਨੀ ਦੇ ਮਾਲਕ ਸਾਮ ਐਲਟਮਨ ਹਨ।

ਸਟੈਨਫੋਰਡ ਯੂਨੀਵਰਸਿਟੀ ਦੇ ਕੰਪਿਊਟਰ ਵਿਗਿਆਨੀ ਜਾਨ ਮੈਕਾਰਥੀ ਨੂੰ ਅਮਰੀਕਾ ਵਿਚ ਏ.ਆਈ. ਦਾ ਪਿਤਾਮਾ ਮੰਨਿਆ ਜਾਂਦਾ ਹੈ।

ਏ.ਆਈ. ਐਪ ਇਕ ਅਜਿਹੀ ਐਪਲੀਕੇਸ਼ਨ ਹੈ, ਜੋ ਮਸਨੂਈ ਬੁੱਧੀ ਦਾ ਉਪਯੋਗ ਕਰਕੇ ਵੱਖ-ਵੱਖ ਕਾਰਜਾਂ ਨੂੰ ਕਰਨ ਦੇ ਸਮਰੱਥ ਹੁੰਦੀ ਹੈ। ਇਹ ਐਪ ਮਨੁੱਖੀ ਬੁੱਧੀ ਦੀ ਨਕਲ ਕਰਨ ਲਈ ਡਿਜ਼ਾਈਨ ਕੀਤੇ ਗਏ ਹਨ। ਇਨ੍ਹਾਂ ਦੀ ਵਰਤੋਂ ਲਗਾਤਾਰ ਵਧ ਰਹੀ ਹੈ, ਜਿਸ ਨਾਲ ਤਰ੍ਹਾਂ-ਤਰ੍ਹਾਂ ਦੀਆਂ ਸਹੂਲਤਾਂ ਮਿਲਣ ਦੇ ਨਾਲ ਮਨੁੱਖੀ ਜੀਵਨ ਪ੍ਰਭਾਵਤ ਹੋ ਰਿਹਾ ਹੈ।

ਮੋਬਾਈਲ ਫੋਨ ਵਿਚ ਇਨ੍ਹਾਂ ਦੀ ਮੌਜੂਦਗੀ ਦਾ ਅਰਥ ਹੈ ਕਿ ਇਹ ਏ.ਆਈ. ਤਕਨੀਕ ਦੀ ਵਰਤੋਂ ਕਰਕੇ ਫੋਨ ਦਾ ਪ੍ਰਯੋਗ ਕਰਨ ਵਾਲੇ ਦੇ ਅਨੁਭਵ ਨੂੰ ਬਿਹਤਰ ਬਣਾਉਂਦੇ ਹਨ। ਫੋਨ ਨੂੰ ਸਿੱਖਣ, ਏ.ਆਈ. ਤਕਨੀਕ ਨੂੰ ਵਰਤਣ ਦੇ ਸਮਰੱਥ ਬਣਾਉਂਦੇ ਹਨ।

ਏ.ਆਈ. ਤਕਨੀਕ ਨਾਲ ਫੋਨ ਕੈਮਰੇ ਦੀ ਬਿਹਤਰ ਵਰਤੋਂ ਕਰ ਸਕਦਾ ਹੈ। ਤਸਵੀਰ ਦੀ ਗੁਣਵਤਾ ਵਧਾ ਸਕਦਾ ਹੈ। ਸਿਰੀ, ਗੂਗਲ ਅਤੇ ਅਲੈਕਸਾ ਜਿਹੇ ਆਵਾਜ਼ ਅਸਿਸਟੈਂਟ ਦੀ ਵਰਤੋਂ ਕਰਕੇ ਸਹਾਇਕ ਹੋ ਸਕਦਾ ਹੈ।

ਤੁਰੰਤ ਭਾਸ਼ਾ ਅਨੁਵਾਦ ਦੀ ਸਹੂਲਤ ਮੁਹੱਈਆ ਕਰਦਾ ਹੈ। ਤੁਹਾਡੀਆਂ ਲੋੜਾਂ ਅਨੁਸਾਰ, ਵਰਤੋਂ ਅਨੁਸਾਰ ਪ੍ਰਸੰਗਿਕ ਸਮੱਗਰੀ, ਐਪ ਅਤੇ ਹੋਰ ਸਿਫਾਰਸ਼ਾਂ ਕਰਦਾ ਹੈ। ਸੁਰੱਖਿਆ ਲਈ ਬਿਹਤਰ ਡਿਵਾਈਸ ਦਾ ਸੁਝਾ ਦਿੰਦਾ ਹੈ। ਤੁਹਾਡੀ ਇਨਪੁਟ ਦੇ ਆਧਾਰ 'ਤੇ ਸਮਾਰਟ ਪ੍ਰਤੀਕਿਰਿਆਵਾਂ ਪ੍ਰਦਾਨ ਕਰ ਸਕਦਾ ਹੈ। ਦੂਸਰੇ ਪਾਸੇ ਰੋਜ਼ਗਾਰ, ਨਿੱਜਤਾ, ਦੁਰਵਰਤੋਂ, ਸਮਾਜਕ ਅਸਮਾਨਤਾ ਅਤੇ ਨੈਤਿਕਤਾ ਜਿਹੀਆਂ ਚਿੰਤਾਵਾਂ ਵੀ ਏ.ਆਈ. ਦੀ ਵੱਧਦੀ ਵਰਤੋਂ ਨਾਲ ਜੁੜੀਆਂ ਹੋਈਆਂ ਹਨ।

ਇਸ ਸਮੇਂ ਸੰਸਾਰ ਵਿਚ 78 ਤੋਂ ਵਧੇਰੇ ਕੰਪਨੀਆਂ ਏ.ਆਈ. 'ਤੇ ਕੰਮ ਕਰ ਰਹੀਆਂ ਹਨ, ਤਾਂ ਜੋ ਵੱਖ-ਵੱਖ ਉਦਯੋਗਾਂ ਦੀ ਕਾਰਜ-ਪ੍ਰਣਾਲੀ 'ਚ ਤਬਦੀਲੀਆਂ ਨੂੰ ਸੰਭਵ ਬਣਾਇਆ ਜਾ ਸਕੇ। ਇਨ੍ਹਾਂ ਵਿਚੋਂ ਗੂਗਲ, ਅਮੇਜਨ, ਐਪਲ, ਮਾਈਕਰੋਸਾਫ਼ਟ ਜਿਹੀਆਂ ਕੰਪਨੀਆਂ ਪ੍ਰਮੁੱਖ ਹਨ। ਵੱਖ-ਵੱਖ ਮੁਲਕਾਂ ਦੀਆਂ ਇਹ ਕੰਪਨੀਆਂ ਅਤੇ ਵੱਖ-ਵੱਖ ਮੁਲਕ ਇਕ ਦੂਸਰੇ ਤੋਂ ਅੱਗੇ ਲੰਘਣ ਲਈ ਯਤਨਸ਼ੀਲ ਹਨ।

# ਵੰਨ-ਸੁਵੰਨੀਆਂ ਕਹਾਣੀਆਂ ਦਾ ਪਰਾਗਾ ਹੈ... 'ਕੁੜੀ ਕਹਾਣੀ ਬਣਦੀ ਗਈ'!!



ਕੁਲਵਿੰਦਰ ਬਾਠ
ਕੈਲੀਫੋਰਨੀਆ
ਪੰਜਾਬ ਮੇਲ USA


ਆਸਟ੍ਰੇਲੀਆ ਦੇ ਸ਼ਹਿਰ ਸਿਡਨੀ ਵਿਚ ਵੱਸਦੇ ਬਹੁਪੱਖੀ, ਬਹੁ-ਵਿਧਾਵੀ ਅਤੇ ਪ੍ਰਤਿਭਾਸ਼ਾਲੀ ਲੇਖਕ ਅਵਤਾਰ ਐੱਸ. ਸੰਘਾ ਦਾ ਸੱਜਰਾ ਛਪਿਆ ਕਹਾਣੀ ਸੰਗ੍ਰਹਿ, "ਕੁੜੀ ਕਹਾਣੀ ਬਣਦੀ ਗਈ" ਨੂੰ ਪੜ੍ਹਨ ਦਾ ਮੌਕਾ ਮਿਲਿਆ। ਮੈਨੂੰ ਲੱਗਦਾ ਹੈ ਕਿ ਜੋ ਰਚਨਾ ਪਾਠਕ ਨਾਲ ਘੁਲ਼-ਮਿਲ਼ ਜਾਵੇ, ਗਲਵੱਕੜੀਆਂ ਪਾਵੇ, ਕਿੱਕਲੀਆਂ ਪਾਵੇ ਅਤੇ ਉਸ ਤੋਂ ਕੁਝ ਜੀਵਨ ਸੇਧ ਵੀ ਮਿਲ ਜਾਵੇ ਤਾਂ ਉਸ ਨੂੰ 'ਅਨਮੋਲ' ਰਚਨਾ ਕਿਹਾ ਜਾ ਸਕਦਾ ਹੈ!

## ਅਵਤਾਰ ਐੱਸ ਸੰਘਾ...

ਅਵਤਾਰ ਸੰਘਾ ਇੱਕ ਸਮਰੱਥ ਕਹਾਣੀਕਾਰ, ਨਾਵਲਕਾਰ, ਵਾਰਤਾਕਾਰ ਅਤੇ ਨਾਟਕਕਾਰ ਹਨ। ਇਨ੍ਹਾਂ ਨੇ ਕਈ ਕਿਤਾਬਾਂ ਸੰਪਾਦਿਤ ਵੀ ਕੀਤੀਆਂ ਹਨ ਅਤੇ ਕਾਫ਼ੀ ਲੰਮੇ ਅਰਸੇ ਤੋਂ ਆਸਟ੍ਰੇਲੀਆ ਦੇ ਮਿਆਰੀ ਮੈਗਜ਼ੀਨ "ਦਾ ਪੰਜਾਬ ਹੈਰਾਲਡ" ਦੇ ਕਰਤਾ-ਧਰਤਾ ਹਨ। ਕਈ ਦਹਾਕਿਆਂ ਤੋਂ ਨਿਰੰਤਰ ਲਿਖਦੇ ਅਤੇ ਪ੍ਰਕਾਸ਼ਿਤ ਹੰਦੇ ਆ ਰਹੇ ਨੇ। ਖ਼ੁਦ ਦੇ ਉੱਚੇ-ਲੰਮੇ ਕੱਦ ਦੀ ਤਰ੍ਹਾਂ ਹੀ ਇਨ੍ਹਾਂ ਦਾ ਸਾਹਿਤਕ ਕੱਦ ਵੀ ਕਾਫ਼ੀ ਉੱਚਾ ਹੈ। ਪੜ੍ਹਨ ਅਤੇ ਜਾਨਣ ਵਾਲਿਆਂ ਦਾ ਘੇਰਾ ਵੀ ਲੰਮਾ-ਚੌੜਾ ਹੈ। ਭਾਵੇਂ ਬਹੁਤਾਤ ਵਿਚ ਪੰਜਾਬੀ ਸਾਹਿਤ ਨੂੰ ਸਮਰਪਿਤ ਹਨ, ਪਰ ਕੁਝ ਸਾਹਿਤ ਅੰਗਰੇਜ਼ੀ ਵਿਚ ਵੀ ਲਿਖਿਆ ਹੈ। ਅੰਗਰੇਜ਼ੀ ਸਾਹਿਤ ਵਿਚ ਪੀ.ਐੱਚ.ਡੀ. ਅਤੇ ਅਧਿਆਪਕ ਹੁੰਦਿਆਂ ਹੋਇਆ ਵੀ ਇਨ੍ਹਾਂ ਦਾ ਪੰਜਾਬੀ ਮਾਂ-ਬੋਲੀ ਲਈ ਡੁੱਲ੍ਹ-ਡੁੱਲ੍ਹ ਪੈਂਦਾ ਮੋਹ ਅਤੇ ਸਤਿਕਾਰ ਇਨ੍ਹਾਂ ਨੂੰ ਮਾਂ ਬੋਲੀ ਦਾ 'ਲਾਡਲਾ ਸਪੂਤ' ਬਣਾ ਜਾਂਦਾ ਹੈ!!

## ਕੁੜੀ ਕਹਾਣੀ ਬਣਦੀ ਗਈ...

ਲੇਖਕ ਦੀ ਡੂੰਘੀ ਸੋਚ ਨੂੰ ਸਲਾਮ ਕਰਨਾ ਬਣਦਾ ਹੈ ਕਿ ਉਸ ਨੇ ਇਹ ਪੁਸਤਕ "ਰਸਮੀ ਵਿੱਦਿਆ ਪ੍ਰਾਪਤ ਕੀਤੇ ਬਿਨਾਂ ਈ ਪ੍ਰਤਿਭਾ ਦੀਆਂ ਬੁਲੰਦੀਆਂ ਨੂੰ ਛੂਹਣ ਵਾਲੇ ਹੁਨਰਮੰਦ ਚਿੰਤਕਾਂ ਅਤੇ ਕਲਾਕਾਰਾਂ ਨੂੰ" ਸਮਰਪਿਤ ਕੀਤੀ ਹੈ..! 160 ਪੰਨਿਆਂ ਅਤੇ 22 ਕਹਾਣੀਆਂ ਨਾਲ ਸ਼ਿੰਗਾਰੀ ਇਹ ਕਥਾ ਰਸ ਨਾਲ ਭਰਪੂਰ ਪੁਸਤਕ ਬਹੁਤ ਸਰਲ, ਪਰ ਪ੍ਰਭਾਵਸ਼ਾਲੀ ਸ਼ੈਲੀ ਵਿਚ ਲਿਖੀ ਗਈ ਹੈ। ਸ਼ਬਦਾਂ ਦੀ ਜਾਦੂਗਰੀ ਕਾਰਨ ਕਿਤਾਬ ਅਤੇ ਕਿਤਾਬ ਵਿਚਲੀਆਂ ਕਹਾਣੀਆਂ ਦੇ ਆਰੰਭ ਤੋਂ ਅੰਤ ਤੱਕ ਪਾਠਕ ਦੀ ਉਤਸੁਕਤਾ ਬਣੀ ਰਹਿੰਦੀ ਹੈ। ਦੇਸ ਅਤੇ ਪਰਦੇਸ ਦੇ ਸਮਾਜਿਕ ਢਾਂਚਿਆਂ ਅਤੇ ਤਾਣਿਆ-ਬਾਣਿਆਂ ਦੀ ਬਣਤਰ ਅਤੇ ਮਨੁੱਖੀ ਕਦਰਾਂ ਕੀਮਤਾਂ ਵਿਚ ਆਏ ਨਿਘਾਰ ਦੇ ਬਿਰਤਾਂਤ ਹਨ। ਵੰਨ-ਸੁਵੰਨੀਆਂ ਕਹਾਣੀਆਂ ਸਦੀਵੀ ਸੱਚਾਈਆਂ ਦੇ ਨਾਲ਼-ਨਾਲ਼ ਹੀ ਸਮਕਾਲੀ ਸਮਾਜ ਦੀਆਂ ਬੁਰਾਈਆਂ ਦਾ ਪਰਦਾਫਾਸ਼ ਵੀ ਕਰਦੀਆਂ ਹਨ।

**'ਅਜੇ ਤੱਕ ਲਾਵਾਂ ਨਹੀਂ ਹੋਈਆਂ'...** ਅਵਤਾਰ ਸੰਘਾ ਨੇ ਇਸ ਪੁਸਤਕ ਦੀ ਸ਼ੁਰੂਆਤ ਇੱਕ ਖ਼ੂਬਸੂਰਤ ਕਹਾਣੀ 'ਅਜੇ ਤੱਕ ਲਾਵਾਂ ਨਹੀਂ ਹੋਈਆਂ' ਨਾਲ ਕੀਤਾ ਹੈ। ਇਸ ਕਹਾਣੀ ਵਿਚ... ਇੱਕ ਪੰਜਾਬੀ ਬੰਦਾ ਪਰਦੇਸ ਵਿਚ ਰਹਿੰਦਿਆਂ ਹੋਇਆਂ ਪਤਨੀ ਨਾਲ 'ਵਿਆਹ ਦੀਆਂ ਲਾਵਾਂ ਤੋਂ ਬਗੈਰ' ਹੀ ਜੀਵਨ ਦਾ ਕਾਫ਼ੀ ਸਫ਼ਰ ਹੰਢਾ ਚੁੱਕਾ ਹੈ। ਕਿਸੇ ਜ਼ਮਾਨੇ ਵਿਚ ਲਾਵਾਂ ਦੀ ਰਸਮ ਤੋਂ ਬਗੈਰ ਵਿਆਹ ਪ੍ਰਵਾਨ ਨਹੀਂ ਹੁੰਦਾ ਸੀ। ਸਮਾਜ ਦੀਆਂ ਐਨਕਾਂ ਵਿਚ ਦੀ ਝਾਕਦਿਆਂ ਜਾਂ ਫੇਰ ਓਪਰੀ ਨਜ਼ਰੇ ਭਾਵੇਂ ਇਹ ਅੱਜ ਵੀ ਅਚੰਭਾ ਹੀ ਲੱਗਦਾ ਹੋਵੇ, ਪਰ ਬਦਲਦੇ ਸਮੇਂ ਵਿਚ ਹਕੀਕਤ ਬਣਦਾ ਜਾ ਰਿਹਾ ਹੈ। ਇਹ ਲਿਵ-ਇਨ ਰਿਲੇਸ਼ਨ ਪਰਵਾਸੀ ਅਤੇ ਵਾਸੀ ਸਮਾਜ ਵਿਚ ਵੀ ਆਮ ਹੁੰਦਾ ਜਾ ਰਿਹਾ ਹੈ। ਇਸ ਕਹਾਣੀ ਵਿਚ ਉਸ ਨੇ ਖ਼ੂਬਸੂਰਤੀ ਨਾਲ਼ ਦੇਸੀ ਅਤੇ ਪਰਦੇਸੀ ਸਮਾਜ, ਸੱਭਿਆਚਾਰ, ਕਲਚਰ, ਰਹਿਣ-ਸਹਿਣ, ਸੋਚਣੀ ਅਤੇ ਜ਼ਿੰਦਗੀ ਵਿਚਲੇ ਅੰਤਰ ਦੇ ਨਾਲ਼-ਨਾਲ਼ ਦੋ ਦੇਸੀ ਬੰਦਿਆਂ ਦੀ ਸੋਚਣੀ ਦਾ ਤੁਲਨਾਤਮਿਕ ਪੱਖ ਵੀ ਪੇਸ਼ ਕੀਤਾ ਹੈ.. ਕਿ ਕਿਵੇਂ ਮਨੁੱਖ ਪ੍ਰੰਪਰਾਵਾਂ, ਬੰਦਸ਼ਾਂ ਅਤੇ




ਬੰਧਨਾਂ ਵਿਚ ਨੂੜਿਆ ਰਹਿਣ ਜਾਂ ਆਜ਼ਾਦ ਹੋਣ ਦੇ ਸੰਘਰਸ਼ ਵਿਚ ਜੂਝਦਾ ਹੀ ਸਾਰੀ ਉਮਰ ਬਿਤਾ ਜਾਂਦਾ ਹੈ!

**'ਕੁੜੀ ਕਹਾਣੀ ਬਣਦੀ ਗਈ'**... ਵਿਚ ਅਵਤਾਰ ਸੰਘਾ ਆਪਣੇ ਅਤੀਤ ਦੀ ਖਿੜਕੀ ਖੋਲ੍ਹਦਿਆਂ ਤੁਹਾਨੂੰ ਕਈ ਝਾਤੀਆਂ ਮਰਵਾਉਂਦਾ ਹੈ। ਇਸ ਕਹਾਣੀ ਨੂੰ ਪੜ੍ਹਦਿਆਂ-ਪੜ੍ਹਦਿਆਂ ਪਾਠਕ ਖ਼ੁਦ ਦੀ ਜ਼ਿੰਦਗੀ ਨੂੰ ਵੀ ਸਮਾਨ-ਅੰਤਰ ਪੜ੍ਹਨਾ ਸ਼ੁਰੂ ਕਰ ਦਿੰਦਾ ਹੈ। ਕਹਾਣੀ ਵਿਚ ਲੜਕੀਆਂ 'ਤੇ ਕੇਂਦ੍ਰਿਤ 'ਮਿੰਨੀ ਕਹਾਣੀਆਂ' ਪਾਠਕ ਨੂੰ ਆਪਣੇ ਆਲੇ-ਦੁਆਲੇ ਜਾਂ ਉਸ ਦੀਆਂ ਖ਼ੁਦ ਦੀਆਂ ਸੱਚੀਆਂ ਕਹਾਣੀਆਂ ਵੀ ਮਹਿਸੂਸ ਹੁੰਦੀਆਂ ਹਨ, ਚਾਹੇ ਉਹ 'ਐੱਸ.ਐੱਚ.ਓ. ਦੀ ਕੁੜੀ' ਜਾਂ ਫਿਰ 'ਕਾਲਜ ਦੀ ਹਰਪਾਲ', ਜਾਂ 'ਮਾਮੇ ਵਾਲੀ ਕੁੜੀ' ਦੀ ਕਹਾਣੀ ਹੋਵੇ। ਅੱਗੇ ਚੱਲਦਿਆਂ ਕੁੜੀ ਕਹਾਣੀ ਬਣਦੀ-ਬਣਦੀ.. 'ਸ਼ੇਕਸਪੀਅਰ ਦੀ ਹੈਮਲੇਟ', 'ਸ਼ਿਵ ਦੀ ਲੂਣਾ', ਆਸਟਰੇਲੀਆ ਦੀਆਂ 'ਆਦਿ ਵਾਸੀ ਕੁੜੀਆਂ' ਵਿਚੋਂ ਦੀ ਲੰਘਦੀ ਹੋਈ ਚੰਡੀਗੜ੍ਹ ਦੀਆਂ 'ਰੂਬਿਨੀ ਤੇ ਚਾਰੂ' ਨੂੰ ਨਾਲ਼ ਲੈਂਦਿਆਂ... 'ਕੈਰੋਲਿਨ ਕੋਲਕਟ' ਦੀ ਰੂਹ ਤੱਕ ਅੱਪੜ ਗਈ!!

ਮੇਰੇ ਪਿਤਾ ਜੀ ਮੈਨੂੰ ਹਮੇਸ਼ਾ ਕਿਹਾ ਕਰਦੇ ਸਨ,... "ਤੇਰੇ ਅਤੇ ਮੇਰੇ ਵਿਚ ਪੂਰਾ ਇੱਕ ਪੀੜ੍ਹੀ ਦਾ ਫਰਕ ਹੈ! ਇਸ ਪੀੜ੍ਹੀ ਦੌਰਾਨ ਬੜੇ ਬਦਲਾਓ ਆਏ ਨੇ। ਚਾਹੇ ਗੱਲ ਸਮਾਜ ਜਾਂ ਸੱਭਿਆਚਾਰ ਦੀ ਹੋਵੇ ਜਾਂ ਫਿਰ ਕਿਸੇ ਸਿਸਟਮ ਦੇ ਬਦਲਾਓ ਦੀ। ਮੈਂ ਕਦੇ ਵੀ ਤੈਨੂੰ ਆਪਣੇ ਵਾਂਗ ਸੋਚਣ ਲਈ ਮਜਬੂਰ ਨਹੀਂ ਕਰਾਂਗਾ। ਤੈਨੂੰ ਬਦਲਦੇ ਹਾਲਾਤਾਂ ਦੇ ਅਨੁਕੂਲ ਬਦਲਣਾ ਹੀ ਪਵੇਗਾ।" 'ਬੱਦਲਾਂ ਹੇਠ ਛੁਪਿਆ ਸੂਰਜ' ਕਹਾਣੀ ਦੋ ਪੀੜ੍ਹੀਆਂ ਦੇ ਅੰਤਰ ਦੀ ਦਾਸਤਾਨ ਹੈ, ਜਿਸ ਵਿਚ ਅੱਜ ਦੀ ਪੀੜ੍ਹੀ ਕੱਲ੍ਹ ਦੀ ਪੀੜ੍ਹੀ ਦੀ ਕਾਬਲੀਅਤ 'ਤੇ ਸਵਾਲ ਉਠਾ ਰਹੀ ਹੈ, ਮਜ਼ਾਕ ਉਡਾ ਰਹੀ ਹੈ। ਫੇਰ... ਕੱਲ੍ਹ, ਅੱਜ ਅਤੇ ਭਲ਼ਕ ਦੇ ਬਦਲਦੇ ਹਾਲਾਤਾਂ ਅਤੇ ਅਸਲੀਅਤ ਨੂੰ ਜਾਣਦਿਆਂ ਅਤੇ ਮਹਿਸੂਸ ਕਰਦਿਆਂ... ਖ਼ੁਦ ਦੇ ਸੋਚਣ ਅਤੇ ਬੋਲਣ 'ਤੇ ਪਛਤਾਵਾ ਵੀ ਕਰਦੀ ਹੈ।

'ਟੇਢੀ ਲੱਕੜੀ'... ਬਹੁਤ ਖ਼ੂਬਸੂਰਤ ਕਹਾਣੀ ਹੈ, ਜਿਸ ਵਿਚ ਲੇਖਕ ਨੇ ਮਨੁੱਖ ਦੇ ਜਮਾਂਦਰੂ ਈਰਖਾਲੂ ਸੁਭਾਅ ਦਾ ਸੁੰਦਰ ਵਰਨਣ ਕੀਤਾ ਹੈ। ਇਸ ਤ੍ਰਾਸਦੀ ਵਿਚ ਦੋ ਸਾਂਢੂਆਂ ਨੂੰ ਉਮਰ ਭਰ ਕਦਮ-ਕਦਮ 'ਤੇ ਇੱਕ ਦੂਸਰੇ ਨੂੰ ਥੱਲੇ ਲਾਉਣ, ਮੈਂ-ਮੈਂ ਕਰਦਿਆਂ ਖ਼ੁਦ ਦੇ ਵੱਡਿਆਂ ਬਨਣ ਅਤੇ ਜਿੱਤ-ਹਾਰ ਦੀ ਜੱਦੋ-ਜਹਿਦ ਦਾ ਬਾਕਮਾਲ ਨਮੂਨਾ ਪੇਸ਼ ਕੀਤਾ ਹੈ। ਟੇਢੀ ਲੱਕੜੀ ਵਰਗਾ ਰਿਸ਼ਤਾ ਜੋ ਜਿਉਂਦੇ ਜੀ ਟੇਢਾ ਹੀ ਰਿਹਾ ਚਿਤਾ ਵਿਚ ਰਾਖ਼ ਹੁੰਦਿਆਂ.. ਖ਼ਾਕ ਬਣਨ ਤੱਕ... ਅਤੇ ਸ਼ਾਇਦ ਇਸ ਤੋਂ ਵੀ ਅਗਾਂਹ... ਆਪਣੀਆਂ ਔਲਾਦਾਂ ਨੂੰ ਅਜਿਹੇ ਸੰਸਕਾਰ ਦਿੰਦਿਆਂ!

'ਹਰਿਆਣੇ ਵਾਲਾ ਹਰੀਸ਼ ਕਟਾਰੀਆ'... ਕਹਾਣੀ ਲੇਖਕ ਦੀ ਸੱਚੀ ਘਟਨਾ 'ਤੇ ਆਧਾਰਿਤ ਹੈ... ਜਿਸ ਵਿਚ ਲੇਖਕ ਦਾ ਮਿਲਾਪ ਪੰਜਾਬੀ ਦੇ ਮਹਾਨ ਸਾਹਿਤਕਾਰ ਅਤੇ ਨਾਟਕਕਾਰ ਬਲਵੰਤ ਗਾਰਗੀ ਨਾਲ ਬਹੁਤ ਦਿਲਚਸਪ ਅਤੇ ਨਾਟਕੀ ਤਰੀਕੇ ਨਾਲ ਹੁੰਦਾ ਹੈ...। ਉਸ ਕੋਲ ਗਏ ਤਾਂ ਉਸ ਦੀ ਸ਼ਿਕਾਇਤ ਕਰਨ ਸਨ, ਪਰ... ਲੇਖਕ ਅਤੇ ਉਸ ਦੇ ਗਰੁੱਪ ਨੂੰ ਗਾਰਗੀ ਨੇ ਐਸੀਆਂ ਮੁਹੱਬਤ ਦੀਆਂ ਫਿਜ਼ਾਵਾਂ ਵਿਚ ਕੈਦ ਕੀਤਾ ਕਿ ਮਸਲਾ ਖ਼ੁਦ-ਬ-ਖ਼ੁਦ ਹੱਲ ਹੋ ਗਿਆ!! ਬਲਵੰਤ ਗਾਰਗੀ ਦੀ ਸ਼ਖ਼ਸੀਅਤ ਅਤੇ ਲੇਖਣੀ ਦਾ ਲੇਖਕ ਦੇ ਮਨ ਉੱਪਰ ਐਨਾ ਅਸਰ ਹੋਇਆ ਕਿ ਉਸ ਨੇ ਉਸ ਦੀਆਂ ਸਾਰੀਆਂ ਸਾਹਿਤਕ ਲਿਖਤਾਂ ਹੀ ਪੜ੍ਹ ਮਾਰੀਆਂ!!

ਪਰਵਾਸ ਦਾ ਮਸਲਾ ਕੋਈ ਨਵੀਂ ਗੱਲ ਨਹੀਂ ਹੈ। ਦਹਾਕਿਆਂ ਤੋਂ ਇਹੀ ਕੰਮ ਚੱਲਦਾ ਆਉਂਦਾ ਹੈ। ਪਰ ਪਿਛਲੇ ਕੁਝ ਕੁ ਸਮੇਂ ਵਿਚ ਆਈਲੈਟਸ ਦੀ ਹਨੇਰੀ ਨੇ ਪੰਜਾਬ ਦੀ ਜਵਾਨੀ ਵਾ-ਵਰੋਲੇ ਵਾਂਗ ਧੂਹ-ਘੁਮਾ ਕੇ ਸੱਤ ਸਮੁੰਦਰੋਂ ਪਾਰ ਪਹੁੰਚਾ ਦਿੱਤੀ। ਅਜੇ ਵੀ ਨਿੱਤ ਦਿਨ ਪੰਜਾਬ ਖ਼ਾਲੀ ਹੋ ਰਿਹਾ ਹੈ। ਤ੍ਰਾਸਦੀ ਇਹ ਵੀ ਹੈ ਕਿ ਪਰਵਾਸ ਦੇ ਜੀਵਨ ਤੋਂ ਬਿਲਕੁਲ ਅਨਜਾਣ, ਚੜ੍ਹਦੀ ਉਮਰੇ ਅੱਲ੍ਹੜ ਬੱਚੇ ਆਪਣੇ ਪਰਿਵਾਰਾਂ ਤੋਂ ਟੁੱਟ-ਵਿੱਛੜ ਕੇ ਓਪਰੀਆਂ ਧਰਤੀਆਂ 'ਤੇ ਪਹੁੰਚ ਰਹੇ ਹਨ। ਲਾਗੀਆਂ ਦੇ ਲਾਗ ਲੈਣ ਵਾਂਗ... ਏਜੰਟਾਂ ਨੂੰ ਆਪਣੇ ਮੋਟੇ ਮਾਲ ਤੋਂ ਜ਼ਿਆਦਾ ਹੋਰ ਕੋਈ ਪ੍ਰਵਾਹ ਨਹੀਂ ਹੈ। ਪ੍ਰਵਾਸ ਦੀ ਇਸ ਦੌੜ-ਭੱਜ ਵਿਚ ਜਵਾਨ ਬੱਚੇ... "ਉੱਥੇ ਜਾ ਕੇ ਦੇਖੀ ਜਾਊ" ਦੀ ਸੋਚਣੀ ਨੂੰ ਜੇਬ 'ਚ ਪਾ ਕੇ ਜਹਾਜ਼ੇ ਚੜ੍ਹ ਆਉਂਦੇ ਹਨ। ਫੇਰ ਪ੍ਰਵਾਸੀ ਸੰਘਰਸ਼ ਵਿਚ ਗੁਆਚੇ ਅਤੇ ਬੇਹੱਦ ਉਦਾਸ ਹੁੰਦਿਆਂ ਪਿਛਲ ਝਾਤ ਤਾਂ ਮਾਰਦੇ ਹਨ... ਪਰ 'ਸੱਪ ਦੇ ਮੂੰਹ ਵਿਚ ਕੋਹੜ ਕਿਰਲੀ' ਵਾਂਗ ਕਰ ਕੁਝ ਨਹੀਂ ਸਕਦੇ।

ਸ਼ਾਇਦ ਮੇਰੇ ਵਰਗੇ ਹੋਰ ਪ੍ਰਵਾਸੀ ਵੀ ਜ਼ਰੂਰ ਸੋਚਦੇ ਹੋਣਗੇ ਕਿ ਜੇਕਰ ਅਸਾਂ ਪਰਦੇਸ ਨਾ ਆਉਂਦੇ, ਤਾਂ ਸ਼ਾਇਦ ਸਾਡੀਆਂ ਆਕੜਾਂ ਵੀ ਸੱਤ ਅਸਮਾਨੀ ਹੀ ਹੁੰਦੀਆਂ। ਦੁਨੀਆਂ ਦੇ ਵਿਕਸਿਤ ਦੇਸ਼ਾਂ ਵਿਚ ਵੱਸਦੇ ਲੋਕ ਕੰਮ ਨੂੰ ਸਿਰਫ ਕੰਮ ਸਮਝਦੇ ਨੇ... ਕੰਮ ਕੋਈ ਵੀ ਛੋਟਾ ਜਾਂ ਵੱਡਾ ਕੰਮ ਨਹੀਂ ਹੁੰਦਾ। ਪਰਦੇਸਾਂ ਵਿਚ ਨੌਕਰਾਂ ਦਾ ਰਿਵਾਜ਼ ਨਹੀਂ ਹੈ। 'ਚੰਡੀਗੜ੍ਹ ਦੀ ਅਮੀਰਜ਼ਾਦੀ' ਕਹਾਣੀ ਵਿਚ ਲੇਖਕ ਨੇ ਦੱਸਿਆ ਹੈ ਕਿ ਕਿਵੇਂ ਅਸੀਂ ਅਜੇ ਵੀ ਕਈ ਕੰਮਾਂ ਨੂੰ ਛੋਟਾ ਸਮਝ ਕੇ ਹੀਣ ਭਾਵਨਾ ਮਹਿਸੂਸ ਕਰਦੇ ਰਹਿੰਦੇ ਹਾਂ... ਸ਼ਰਮਾਉਂਦੇ ਰਹਿੰਦੇ ਹਾਂ। ਪਰਦੇਸ ਦੀਆਂ ਦੁਸਰੀਆਂ ਸੋਸਾਇਟੀਆਂ ਵਿਚ ਇਹ ਸੋਚ ਨਹੀਂ ਹੈ, ਜਿਸ ਤੋਂ ਕੁਝ ਸਿੱਖਿਆ ਜਾ ਸਕਦਾ ਹੈ।

**ਯਾਦਾਂ ਵੀ ਬੜੀ ਕਮਾਲ ਦੀ ਚੀਜ਼ ਹੁੰਦੀਆਂ ਹਨ...**

ਵਰ੍ਹਿਆਂ ਦਹਾਕਿਆਂ ਪਹਿਲਾਂ ਦੀਆਂ ਘਟਨਾਵਾਂ ਯਾਦਾਂ ਦੇ ਵਸਤਰ ਪਹਿਨ ਇੰਨ-ਬਿੰਨ ਤੁਹਾਡੇ ਸਾਹਮਣੇ ਹਾਜ਼ਰ ਹੋ ਜਾਂਦੀਆਂ ਹਨ। 'ਜਗੀਰੀ, ਜਗੀਰੂ ਤੇ ਜਗੀਰ ਸਿੰਹੁ' ਕਹਾਣੀ ਵਿਚ ਇਹ ਤਿੰਨੋਂ ਸ਼ਖ਼ਸ ਲੇਖਕ ਦੇ ਬਾਪ ਦੇ ਤਾਣੇ-ਬਾਣੇ ਨਾਲ ਜੁੜੇ ਹਨ। ਲੇਖਕ ਖ਼ੁਦ ਬਾਲੀ ਉਮਰੇ ਆਪਣੀਆ ਅੱਖਾਂ ਸਾਹਵੇਂ ਦੇਖਦਾ ਦੁਖੀ ਵੀ ਹੁੰਦਾ ਹੈ ਕਿ ਕਿਵੇਂ ਜਗੀਰੀ ਇੱਕ ਸੀਰੀ ਦੀ ਜ਼ਿੰਦਗੀ ਜਿਉਂਦਿਆਂ ਕੰਮ ਦੇ ਨਾਲ਼-ਨਾਲ਼ ਉਸ ਦੇ ਬਾਪ ਦੀਆਂ ਗਾਲ਼ਾਂ ਅਤੇ ਮਾਰ ਵੀ ਝੱਲਦਾ ਹੈ।

ਮਨੁੱਖ ਆਪਣੀ ਆਦਤ ਅਨੁਸਾਰ ਕਿਸੇ ਨੂੰ ਵਡਿਆਵੇ ਭਾਵੇਂ ਨਾ... ਪਰ ਅਧੂਰੀ ਜਾਣਕਾਰੀ ਜਾਂ ਫਿਰ ਆਪਣੀ 'ਵੱਡੀ ਸਮਝ' ਕਾਰਨ ਦੂਸਰੇ ਨੂੰ ਛੋਟਾ ਬਣਾਉਣ ਨੂੰ ਪੱਬਾਂ ਭਾਰ ਹੁੰਦਾ ਕਾਹਲ਼ਾ ਪੈ ਜਾਂਦਾ। ਪੁਸਤਕ ਦੀ ਆਖਰੀ ਕਹਾਣੀ 'ਇੱਕ ਦਿਨ ਦੀ ਕਮਾਈ' ਸਾਨੂੰ ਬਹੁਤ ਕੁਝ ਸਿਖਾ ਜਾਂਦੀ ਹੈ। ਇਹ ਕਹਾਣੀ ਇੱਕ ਬਹੁਤ ਹੀ ਉੱਘੇ ਦਿਲ ਦੇ ਮਾਹਰ ਸਰਜਨ 'ਤੇ ਕੇਂਦ੍ਰਿਤ ਹੈ, ਜੋ ਇੱਕ ਬੇਹੱਦ ਗਰੀਬ ਪਰਿਵਾਰ 'ਚ ਪੈਦਾ ਹੋਣ ਦੇ ਬਾਵਜੂਦ ਕਾਮਯਾਬੀ ਦੀਆਂ ਬੁਲੰਦੀਆਂ ਨੂੰ ਛੂਹ ਗਿਆ। ਬਹੁਤ ਨਰਮ ਅਤੇ ਦਿਆਲੂ ਸੁਭਾਅ ਦਾ ਇਹ ਸ਼ਖ਼ਸ ਆਪਣੀਆਂ ਜੜ੍ਹਾਂ ਨਾਲ ਜੁੜਿਆ ਰਹਿੰਦਾ ਹੈ ਅਤੇ ਸਮਾਜ ਨੂੰ ਕੁਝ ਵਾਪਸ ਦੇਣ ਲਈ ਤਾਂਘਦਾ ਰਹਿੰਦਾ ਹੈ। ਐਸੇ ਹੀ ਇੱਕ ਮੌਕੇ.. ਕੁਝ ਪਿੰਡ ਵਾਸੀਆਂ ਨੂੰ ਇਹ ਗੱਲ ਹਜ਼ਮ ਨਹੀਂ ਹੁੰਦੀ, ਜਦ ਇਸ ਨੇ ਲੜਕੀਆਂ ਦੇ ਭਲਾਈ ਅਤੇ ਸਿਲਾਈ ਸੈਂਟਰ ਵਾਸਤੇ ਲਿਫ਼ਾਫ਼ੇ ਵਿਚ ਬੰਦ ਕਰਕੇ 'ਸਿਰਫ਼' ਇੱਕ ਦਿਨ ਦੀ ਕਮਾਈ ਹੀ ਦੇਣ ਦਾ ਐਲਾਨ ਕੀਤਾ। ਉਸ ਤੋਂ ਪਿੰਡ ਵਾਸੀ ਬਹੁਤ ਵੱਡੀਆਂ ਆਸਾਂ ਰੱਖੀ ਬੈਠੇ ਸਨ...। ਪਰ ਬਾਅਦ ਵਿਚ ਪੜਤਾਲ ਕੀਤਿਆਂ ਪਤਾ ਲੱਗਾ ਕਿ ਇਹ ਇੱਕ ਦਿਨ ਦੀ ਕਮਾਈ ਉਨ੍ਹਾਂ ਦੀਆਂ ਆਸਾਂ ਅਤੇ ਉਮੀਦਾਂ ਤੋਂ ਕਈ ਗੁਣਾ ਜ਼ਿਆਦਾ ਨਿਕਲੀ...! ਇਹ ਘਟਨਾ ਇਹ ਗੱਲ ਸਾਬਤ ਕਰ ਗਈ... ਕਿ ਖ਼ੂਹ ਦੇ ਡੱਡੂ ਦੀ ਸੀਮਾ ਖ਼ੂਹ ਦੀ ਸੀਮਾ ਤੋਂ ਵੱਧ ਨਹੀਂ ਹੁੰਦੀ ਅਤੇ... ਨਿਵੈ ਸੁ ਗਉਰਾ ਹੋਇ... ਦੀ ਜੀਵਨ ਜਾਚ ਹਰ ਇੱਕ ਦੇ ਪੱਲੇ ਨਹੀਂ... ਪਰ ਹੋਣੀ ਚਾਹੀਦੀ ਹੈ।

ਦੋਸਤੋ, ਸਾਰੀਆਂ ਕਹਾਣੀਆਂ ਦਾ ਜ਼ਿਕਰ ਕਰਨਾ ਮੁਮਕਿਨ ਨਹੀਂ, ਪਰ ਪੁਸਤਕ ਵਿਚ ਹੋਰ ਵੀ ਕਈ ਵਧੀਆ ਕਹਾਣੀਆਂ ਹਨ, ਜੋ ਪਾਠਕ ਨੂੰ ਨਾਲ਼ ਤੋਰੀ ਰੱਖਦੀਆਂ ਹਨ। ਦੇਸ-ਪਰਦੇਸ ਦੀਆਂ ਕਹਾਣੀਆਂ ਦੀ ਇਹ ਖ਼ੂਬਸੂਰਤ ਅਤੇ ਰੌਚਿਕ ਪੁਸਤਕ ਸਾਧਾਰਨ ਸ਼ਬਦਾਵਲੀ ਵਿਚ ਲਿਖੀ ਗਈ ਹੈ, ਜਿਸ ਨੂੰ ਪੜ੍ਹਦਿਆਂ ਪਾਠਕ ਨੂੰ ਬਹੁਤ ਕੁਝ ਨਵਾਂ ਸਿੱਖਣ ਨੂੰ ਵੀ ਮਿਲਦਾ ਹੈ। ਪੁਸਤਕ ਰਾਹੀਂ ਲੇਖਕ ਆਪਣੀ ਰੂਹ ਦਾ ਸੁਨੇਹਾ ਪਾਠਕਾਂ ਤੱਕ ਪਹੁੰਚਾਉਣ ਵਿਚ ਕਾਮਯਾਬ ਵੀ ਹੋਇਆ ਹੈ। ਪੰਜਾਬੀ ਸਾਹਿਤ ਜਗਤ ਵਿਚ ਇਸ ਪੁਸਤਕ ਦਾ ਸਵਾਗਤ ਹੈ। ਮੇਰੇ ਵੱਲੋਂ ਅਵਤਾਰ ਐੱਸ. ਸੰਘਾ ਨੂੰ ਬਹੁਤ ਮੁਬਾਰਕਾਂ ਅਤੇ ਅਗਲੇ ਸਾਹਿਤਕ ਸਫ਼ਰ ਲਈ ਸ਼ੁਭ ਕਾਮਨਾਵਾਂ ਵੀ!!

**ਜ਼ਿੰਦਗੀ ਜ਼ਿੰਦਾਬਾਦ।**

# "ਚੋਣ ਕਮਿਸ਼ਨ: ਜਨਤਾ ਦਾ ਵਿਸ਼ਵਾਸ ਜਾਂ ਰਾਜਨੀਤਿਕ ਦਬਾਅ"

## "ਜਨਤਾ ਦੀਆਂ ਨਜ਼ਰਾਂ ਵਿਚ ਵਿਸ਼ਵਾਸ, ਕਮਿਸ਼ਨ ਦੇ ਮੋਢਿਆਂ 'ਤੇ ਜ਼ਿੰਮੇਵਾਰੀ"

***ਭਾਰਤ ਦੇ ਚੋਣ ਕਮਿਸ਼ਨ ਨੂੰ ਕਦੇ ਲੋਕਤੰਤਰ ਦੀ ਸਭ ਤੋਂ ਮਜ਼ਬੂਤ ਨੀਂਹ ਮੰਨਿਆ ਜਾਂਦਾ ਸੀ। ਪਰ ਹਾਲ ਹੀ ਦੇ ਸਾਲਾਂ ਵਿਚ, ਇਸਦੀ ਨਿਰਪੱਖਤਾ ਅਤੇ ਪਾਰਦਰਸ਼ਤਾ ਬਾਰੇ ਗੰਭੀਰ ਸਵਾਲ ਖੜ੍ਹੇ ਹੋਏ ਹਨ – ਵੋਟਰ ਸੂਚੀਆਂ ਤੋਂ ਨਾਮ ਗਾਇਬ ਹੋਣਾ, ਵੋਟਿੰਗ ਪ੍ਰਤੀਸ਼ਤਤਾ ਵਿਚ ਦੇਰੀ ਅਤੇ ਅਸੰਗਤਤਾਵਾਂ, ਈ.ਵੀ.ਐੱਮ.–ਵੀ.ਵੀ.ਪੀ.ਏ.ਟੀ. ਮੇਲਣ ਦੀਆਂ ਸੀਮਾਵਾਂ ਅਤੇ ਕਮਿਸ਼ਨਰਾਂ ਦੀ ਨਿਯੁਕਤੀ 'ਤੇ ਰਾਜਨੀਤਿਕ ਪ੍ਰਭਾਵ। ਚੋਣ ਜ਼ਾਬਤਾ ਲਾਗੂ ਕਰਨ ਵਿਚ ਵੀ ਦੋਹਰੇ ਮਾਪਦੰਡ ਦਿਖਾਈ ਦੇ ਰਹੇ ਹਨ। ਸਭ ਤੋਂ ਵੱਡਾ ਸੰਕਟ ਇਹ ਹੈ ਕਿ ਜਨਤਾ ਦਾ ਵਿਸ਼ਵਾਸ ਡਗਮਗਾਣਾ ਸ਼ੁਰੂ ਹੋ ਗਿਆ ਹੈ। ਲੋਕਤੰਤਰ ਦੀ ਹੋਂਦ ਸਿਰਫ਼ ਮਸ਼ੀਨਾਂ 'ਤੇ ਹੀ ਨਹੀਂ, ਸਗੋਂ ਨਾਗਰਿਕਾਂ ਦੇ ਵਿਸ਼ਵਾਸ 'ਤੇ ਵੀ ਨਿਰਭਰ ਕਰਦੀ ਹੈ। ਕਮਿਸ਼ਨ ਲਈ ਸਭ ਤੋਂ ਵੱਡੀ ਚੁਣੌਤੀ ਇਸ ਵਿਸ਼ਵਾਸ ਨੂੰ ਬਚਾਉਣਾ ਹੈ। – ਡਾ. ਪ੍ਰਿਯੰਕਾ ਸੌਰਭ***


ਪ੍ਰਿਯੰਕਾ ਸੌਰਭ
ਹਰਿਆਣਾ
ਮੋਬਾਇਲ : 70153-75570
(ਗੱਲਬਾਤ + ਵਟਸਐਪ)
ਪੰਜਾਬ ਮੇਲ USA




ਭਾਰਤ ਦੇ ਚੋਣ ਕਮਿਸ਼ਨ ਨੂੰ ਕਦੇ ਲੋਕਤੰਤਰ ਦਾ ਸਭ ਤੋਂ ਭਰੋਸੇਮੰਦ ਨਿਗਰਾਨ ਮੰਨਿਆ ਜਾਂਦਾ ਸੀ। ਪਰ ਹਾਲ ਹੀ ਦੇ ਵਿਵਾਦਾਂ ਨੇ ਇਸਦੀ ਭਰੋਸੇਯੋਗਤਾ 'ਤੇ ਸਵਾਲ ਖੜ੍ਹੇ ਕੀਤੇ ਹਨ – ਵੋਟਰ ਸੂਚੀਆਂ ਤੋਂ ਨਾਮ ਗਾਇਬ ਹੋਣਾ, ਵੋਟਿੰਗ ਪ੍ਰਤੀਸ਼ਤਤਾ ਦੀ ਪਾਰਦਰਸ਼ਤਾ 'ਤੇ ਸ਼ੱਕ, ਅਤੇ ਨਿਯੁਕਤੀ ਪ੍ਰਕਿਰਿਆ 'ਤੇ ਸਵਾਲ ਉਠਾਏ ਜਾ ਰਹੇ ਹਨ। ਚੋਣ ਕਮਿਸ਼ਨ ਲਈ ਹੁਣ ਸਭ ਤੋਂ ਵੱਡੀ ਚੁਣੌਤੀ ਨਿਯਮ ਬਣਾਉਣਾ ਜਾਂ ਨੋਟਿਸ ਭੇਜਣਾ ਨਹੀਂ ਹੈ, ਸਗੋਂ ਲੋਕਾਂ ਦਾ ਵਿਸ਼ਵਾਸ ਵਾਪਸ ਕਰਨਾ ਹੈ। ਕਿਉਂਕਿ ਲੋਕਤੰਤਰ ਸਿਰਫ਼ ਵੋਟਿੰਗ ਮਸ਼ੀਨਾਂ 'ਤੇ ਨਹੀਂ ਚੱਲਦਾ, ਸਗੋਂ ਲੋਕਾਂ ਦੇ ਵਿਸ਼ਵਾਸ 'ਤੇ ਚੱਲਦਾ ਹੈ। ਜੇਕਰ ਵਿਸ਼ਵਾਸ ਹਿੱਲ ਜਾਂਦਾ ਹੈ, ਤਾਂ ਚੋਣਾਂ ਸਿਰਫ਼ ਇੱਕ ਰਸਮ ਬਣ ਕੇ ਰਹਿ ਜਾਣਗੀਆਂ ਅਤੇ ਲੋਕਤੰਤਰ ਆਪਣਾ ਅਸਲ ਅਰਥ ਗੁਆ ਦੇਵੇਗਾ।

ਲੋਕਤੰਤਰ ਇੱਕ ਖੇਡ ਹੈ। ਖੇਡਣ ਦਾ ਮੈਦਾਨ ਜਨਤਾ ਹੈ, ਖਿਡਾਰੀ ਰਾਜਨੀਤਿਕ ਪਾਰਟੀਆਂ ਹਨ ਅਤੇ ਰੈਫਰੀ ਚੋਣ ਕਮਿਸ਼ਨ ਹੈ। ਸਵਾਲ ਇਹ ਹੈ ਕਿ ਜਦੋਂ ਰੈਫਰੀ ਖੁਦ ਇੱਕ ਟੀਮ ਦੀ ਜਰਸੀ ਪਹਿਨ ਕੇ ਮੈਦਾਨ ਵਿਚ ਦਾਖਲ ਹੁੰਦਾ ਹੈ, ਤਾਂ ਖੇਡ ਕਿੰਨੀ ਕੁ ਨਿਰਪੱਖ ਰਹੇਗੀ? ਇਹ ਸ਼ੱਕ ਹਾਲ ਹੀ ਦੇ ਸਮੇਂ ਵਿਚ ਵਾਰ-ਵਾਰ ਉਠਾਇਆ ਗਿਆ ਹੈ।

ਇੰਝ ਲੱਗਦਾ ਹੈ ਜਿਵੇਂ ਵੋਟਰ ਸੂਚੀ ਵਿਚੋਂ ਨਾਮ ਹਟਾਉਣ ਦਾ ਮਾਮਲਾ ਇੱਕ ਨਵਾਂ ਸਰਕਾਰੀ ਫੈਸ਼ਨ ਬਣ ਗਿਆ ਹੈ। ਵੋਟਰ ਘਰ ਬੈਠਾ ਸੋਚਦਾ ਹੈ ਕਿ ਲੋਕਤੰਤਰ ਵਿਚ ਉਸਦਾ ਇੱਕ ਵਜੂਦ ਹੈ, ਪਰ ਜਦੋਂ ਉਹ ਵੋਟ ਪਾਉਣ ਵਾਲੇ ਦਿਨ ਪੋਲਿੰਗ ਬੂਥ 'ਤੇ ਜਾਂਦਾ ਹੈ, ਤਾਂ ਉਸਨੂੰ ਪਤਾ ਲੱਗਦਾ ਹੈ ਕਿ ਉਸਨੂੰ ਪਹਿਲਾਂ ਹੀ "ਗਾਇਬ" ਕਰ ਦਿੱਤਾ ਗਿਆ ਹੈ। ਜਿਵੇਂ ਕੋਈ ਜਾਦੂਗਰ ਟੋਪੀ ਵਿਚੋਂ ਖਰਗੋਸ਼ ਕੱਢਦਾ ਹੈ, ਉਸੇ ਤਰ੍ਹਾਂ ਚੋਣ ਕਮਿਸ਼ਨ ਨਾਮ ਮਿਟਾਉਣ ਦੀ ਕਲਾ ਦਿਖਾਉਂਦਾ ਹੈ ਅਤੇ ਜਦੋਂ ਤੁਸੀਂ ਸ਼ਿਕਾਇਤ ਕਰਨ ਜਾਂਦੇ ਹੋ, ਤਾਂ ਤੁਹਾਨੂੰ ਕਿਹਾ ਜਾਂਦਾ ਹੈ – "ਹਲਫ਼ਨਾਮਾ ਭਰੋ, ਗਵਾਹੀ ਦਿਓ, ਸਾਬਤ ਕਰੋ ਕਿ ਤੁਸੀਂ ਜ਼ਿੰਦਾ ਹੋ।" ਯਾਨੀ ਕਿ ਇਸ ਦੇਸ਼ ਵਿਚ ਨਾਗਰਿਕਤਾ ਦਾ ਸਭ ਤੋਂ ਵੱਡਾ ਸਬੂਤ ਹੁਣ ਇਹ ਨਹੀਂ ਹੈ ਕਿ ਤੁਸੀਂ ਸਾਹ ਲੈ ਰਹੇ ਹੋ, ਸਗੋਂ ਇਹ ਹੈ ਕਿ ਕਮਿਸ਼ਨ ਨੇ ਤੁਹਾਡੇ ਨਾਮ ਨੂੰ ਪੈਨਸਿਲ ਨਾਲ ਟਿੱਕ ਕਰ ਦਿੱਤਾ ਹੈ।

ਚੋਣ ਕਮਿਸ਼ਨ ਦੀ ਪਾਰਦਰਸ਼ਤਾ ਦੀ ਹਾਲਤ ਲਾੜੇ ਦੇ ਘੋੜੇ 'ਤੇ ਲੱਗੇ ਸ਼ੀਸ਼ੇ ਵਰਗੀ ਹੈ – ਇਹ ਹਰ ਕਿਸੇ ਨੂੰ ਦਿਖਾਈ ਦਿੰਦਾ ਹੈ, ਪਰ ਜਿਵੇਂ ਹੀ ਕੋਈ ਇਸਦੇ ਨੇੜੇ ਜਾਂਦਾ ਹੈ, ਧੁੰਦਲਾ ਹੋ ਜਾਂਦਾ ਹੈ। ਵੋਟਿੰਗ ਪ੍ਰਤੀਸ਼ਤਤਾ ਦਾ ਐਲਾਨ ਵੀ ਬਾਲੀਵੁੱਡ ਫਿਲਮ ਦੇ ਟ੍ਰੇਲਰ ਵਰਗਾ ਹੈ – ਪਹਿਲਾਂ ਇੱਕ ਝਲਕ ਦਿਖਾਈ ਜਾਂਦੀ ਹੈ, ਫਿਰ ਕਈ ਦਿਨਾਂ ਬਾਅਦ ਅਸਲ ਅੰਕੜੇ ਆਉਂਦੇ ਹਨ, ਅਤੇ ਕਈ ਵਾਰ ਦੂਜਾ ਟ੍ਰੇਲਰ ਪਹਿਲੇ ਨਾਲੋਂ ਲੰਬਾ ਨਿਕਲਦਾ ਹੈ। ਜਨਤਾ ਪੁੱਛਦੀ ਹੈ ਕਿ ਜਦੋਂ ਬੂਥ 'ਤੇ ਤੁਰੰਤ ਵੋਟਾਂ ਦੀ ਗਿਣਤੀ ਕੀਤੀ ਜਾਂਦੀ ਹੈ, ਤਾਂ ਪ੍ਰਤੀਸ਼ਤਤਾ ਦਾ ਐਲਾਨ ਕਰਨ ਵਿਚ ਇੱਕ ਹਫ਼ਤਾ ਕਿਉਂ ਲੱਗਦਾ ਹੈ? ਕਮਿਸ਼ਨ ਦਾ ਜਵਾਬ ਹੈ – "ਸਭ ਕੁਝ ਸਾਡੇ ਐਪ 'ਤੇ ਸੀ।" ਪਰ ਜਨਤਾ ਸੋਚਦੀ ਹੈ, ਜਦੋਂ ਵਿਆਹ ਦਾ ਕਾਰਡ ਛਪਣ ਤੋਂ ਪਹਿਲਾਂ ਫੋਟੋ ਸੋਸ਼ਲ ਮੀਡੀਆ 'ਤੇ ਲਾਈਵ ਹੋ ਜਾਂਦੀ ਹੈ, ਤਾਂ ਵੋਟ ਗਿਣਤੀ ਦਾ ਡੇਟਾ ਕਿਉਂ ਲਟਕ ਜਾਂਦਾ ਹੈ?

ਹੁਣ ਆਓ ਈ.ਵੀ.ਐੱਮ. ਅਤੇ ਵੀ.ਵੀ.ਪੈਟ ਵੱਲ ਆਈਏ। ਕਮਿਸ਼ਨ ਦਾ ਤਰਕ ਹੈ ਕਿ ਮਸ਼ੀਨਾਂ ਬਿਲਕੁਲ ਸੁਰੱਖਿਅਤ ਹਨ। ਜਨਤਾ ਕਹਿੰਦੀ ਹੈ, "ਸਾਨੂੰ ਵੀ ਵਿਸ਼ਵਾਸ ਹੈ, ਪਰ ਕਿਰਪਾ ਕਰਕੇ ਪਰਚੀ ਦਿਖਾਓ।" ਕਮਿਸ਼ਨ ਕਹਿੰਦਾ ਹੈ, "ਪੰਜ ਬੂਥ ਕਾਫ਼ੀ ਹਨ।" ਇਹ ਇੱਕ ਦੁਕਾਨਦਾਰ ਵਾਂਗ ਹੈ, ਜੋ ਹਰ ਸੌ ਕਿਲੋ ਆਟੇ ਵਿਚੋਂ ਸਿਰਫ਼ ਪੰਜ ਦਾਣੇ ਤੋਲਦਾ ਹੈ ਅਤੇ ਕਹਿੰਦਾ ਹੈ, "ਦੇਖੋ, ਉਹ ਪੂਰੇ ਹਨ, ਹੁਣ ਬਾਕੀਆਂ 'ਤੇ ਭਰੋਸਾ ਕਰੋ।" ਸੁਪਰੀਮ ਕੋਰਟ ਨੇ ਕਿਹਾ ਕਿ 100 ਪ੍ਰਤੀਸ਼ਤ ਮੇਲ ਜ਼ਰੂਰੀ ਨਹੀਂ ਹੈ, ਪਰ ਸਵਾਲ ਇਹ ਹੈ ਕਿ ਲੋਕਤੰਤਰ ਵਿਚ, ਵਿਸ਼ਵਾਸ ਸਿਰਫ਼ ਮਸ਼ੀਨ ਤੋਂ ਨਹੀਂ ਆਉਂਦਾ, ਵਿਸ਼ਵਾਸ ਜਨਤਾ ਦੀਆਂ ਅੱਖਾਂ ਤੋਂ ਆਉਂਦਾ ਹੈ। ਜੇਕਰ ਜਨਤਾ ਦੇਖਣਾ ਚਾਹੁੰਦੀ ਹੈ, ਤਾਂ ਦਿਖਾਓ, ਆਖ਼ਰਕਾਰ, ਲੁਕਾਉਣ ਲਈ ਕੀ ਹੈ?

ਕਮਿਸ਼ਨਰਾਂ ਦੀ ਨਿਯੁਕਤੀ ਦੀ ਸਥਿਤੀ ਹੋਰ ਵੀ ਦਿਲਚਸਪ ਹੈ। ਪਹਿਲਾਂ ਕਿਹਾ ਜਾਂਦਾ ਸੀ ਕਿ ਇਹ ਨਿਯੁਕਤੀ ਨਿਰਪੱਖ ਹੋਣੀ ਚਾਹੀਦੀ ਹੈ। ਫਿਰ ਇੱਕ ਨਵਾਂ ਕਾਨੂੰਨ ਆਇਆ ਅਤੇ ਸੁਪਰੀਮ ਕੋਰਟ ਦੇ ਮੁੱਖ ਜੱਜ ਨੂੰ ਹਟਾ ਦਿੱਤਾ ਗਿਆ। ਹੁਣ ਪ੍ਰਧਾਨ ਮੰਤਰੀ, ਵਿਰੋਧੀ ਧਿਰ ਦੇ ਨੇਤਾ ਅਤੇ ਇੱਕ ਮੰਤਰੀ ਇਹ ਫੈਸਲਾ ਕਰਨਗੇ ਕਿ ਕਮਿਸ਼ਨ ਵਿਚ ਕੌਣ ਬੈਠੇਗਾ। ਯਾਨੀ ਕਿ ਪ੍ਰੀਖਿਆ ਦੇ ਪੇਪਰਾਂ ਦੀ ਜਾਂਚ ਕਰਨ ਵਾਲਾ ਅਧਿਆਪਕ ਖੁਦ ਆਪਣੇ ਮਨਪਸੰਦ ਉਮੀਦਵਾਰ ਨੂੰ ਪਾਸ ਕਰਵਾਏਗਾ। ਕਿੰਨੀ ਨਿਰਪੱਖਤਾ! ਵਿਰੋਧੀ ਧਿਰ ਦੇ ਨੇਤਾ ਦੀ ਮੌਜੂਦਗੀ ਸਿਰਫ਼ ਰਸਮੀ ਹੈ, ਬਿਲਕੁਲ ਇੱਕ ਦੂਰ ਦੇ ਚਾਚੇ ਵਾਂਗ ਜੋ ਵਿਆਹ ਦੇ ਜਲੂਸ ਵਿਚ ਆਉਂਦਾ ਹੈ – ਉਹ ਸਿਰਫ਼ ਦਿਖਾਵੇ ਲਈ ਹੁੰਦਾ ਹੈ, ਬਾਕੀ ਖੇਡ ਵੱਡੇ ਚਾਚੇ ਦੁਆਰਾ ਸੰਭਾਲੀ ਜਾਂਦੀ ਹੈ।

ਚੋਣ ਜ਼ਾਬਤਾ ਲਾਗੂ ਕਰਨ ਵਿਚ ਕਮਿਸ਼ਨ ਦਾ ਆਪਣਾ "ਦ੍ਰਿਸ਼ਟੀਕੋਣ" ਹੈ। ਜੇਕਰ ਕੋਈ ਨੇਤਾ ਛੋਟੀ ਜਿਹੀ ਟਿੱਪਣੀ ਕਰਦਾ ਹੈ, ਤਾਂ ਤੁਰੰਤ ਨੋਟਿਸ ਭੇਜਿਆ ਜਾਂਦਾ ਹੈ। ਪਰ ਜੇਕਰ ਇਹੀ ਗੱਲ ਸੱਤਾਧਾਰੀ ਪਾਰਟੀ ਦੇ ਕਿਸੇ ਨੇਤਾ ਦੁਆਰਾ ਕਹੀ ਜਾਂਦੀ ਹੈ, ਤਾਂ ਕਮਿਸ਼ਨ ਪਹਿਲਾਂ ਡੂੰਘੀ ਧਿਆਨ ਅਵਸਥਾ ਵਿਚ ਚਲਾ ਜਾਂਦਾ ਹੈ, ਫਿਰ ਯੋਗਿਕ ਨੀਂਦ ਵਿਚ ਅਤੇ ਅੰਤ ਵਿਚ ਭੁੱਲਣ ਦੀ ਬਿਮਾਰੀ ਵਿਚ ਚਲਾ ਜਾਂਦਾ ਹੈ। ਜਨਤਾ ਕਹਿੰਦੀ ਹੈ ਕਿ ਕਮਿਸ਼ਨ ਨੂੰ ਸਾਰਿਆਂ ਵਿਰੁੱਧ ਬਰਾਬਰ ਕਾਰਵਾਈ ਕਰਨੀ ਚਾਹੀਦੀ ਹੈ, ਪਰ ਕਮਿਸ਼ਨ ਵਿਆਹ ਵਿਚ ਨੱਚਣ ਵਾਲੇ ਡੀ.ਜੇ. ਵਿਰੁੱਧ ਸਿਰਫ਼ ਤਾਂ ਹੀ ਕਾਰਵਾਈ ਕਰਦਾ ਜਾਪਦਾ ਹੈ, ਜੇਕਰ ਉਹ ਗੁਆਂਢੀ, ਆਂਢ-ਗੁਆਂਢ ਤੋਂ ਹੋਵੇ, ਭਾਵੇਂ ਘਰ ਦੇ ਬਰਾਤੀ ਪਟਾਕੇ ਚਲਾਉਣ ਜਾਂ ਲਾਊਡਸਪੀਕਰ ਵਜਾਉਣ, ਸਭ ਕੁਝ ਸਵੀਕਾਰਯੋਗ ਹੈ।

ਚੋਣ ਚਿੰਨ੍ਹ ਅਤੇ ਪਾਰਟੀ ਵੰਡ ਦੇ ਫੈਸਲੇ ਵੀ ਹੈਰਾਨੀਜਨਕ ਹਨ। ਮਹਾਰਾਸ਼ਟਰ ਵਿਚ ਸ਼ਿਵ ਸੈਨਾ ਅਤੇ ਐੱਨ.ਸੀ.ਪੀ. ਦੇ ਮਾਮਲੇ ਵਿਚ, ਕਮਿਸ਼ਨ ਦੇ ਫੈਸਲੇ ਇੰਝ ਲੱਗ ਰਹੇ ਸਨ, ਜਿਵੇਂ ਸਕ੍ਰਿਪਟ ਪਹਿਲਾਂ ਹੀ ਲਿਖੀ ਜਾ ਚੁੱਕੀ ਹੋਵੇ। ਜਨਤਾ ਨੇ ਮਜ਼ਾਕ ਉਡਾਇਆ ਕਿ ਕਮਿਸ਼ਨ ਹੁਣ ਚੋਣਾਂ ਦਾ ਨਹੀਂ, ਸਗੋਂ ਰਾਜਨੀਤਿਕ ਪਾਰਟੀਆਂ ਦਾ "ਜਾਇਦਾਦ-ਵੰਡ ਅਧਿਕਾਰੀ" ਬਣ ਗਿਆ ਹੈ। ਪਾਰਟੀ ਦਾ ਨਾਮ ਕਿਸਨੂੰ ਮਿਲੇਗਾ, ਚੋਣ ਚਿੰਨ੍ਹ ਕਿਸਨੂੰ ਮਿਲੇਗਾ – ਇਹ ਸਭ ਇੱਕ ਪਰਿਵਾਰ ਦੀ ਜਾਇਦਾਦ ਦੀ ਵੰਡ ਵਾਂਗ ਫੈਸਲਾ ਕੀਤਾ ਗਿਆ ਸੀ। ਫਰਕ ਸਿਰਫ ਇਹ ਹੈ ਕਿ ਹੁਣ ਕਮਿਸ਼ਨ ਅਦਾਲਤ ਦੀ ਜਗ੍ਹਾ ਬੈਠਾ ਹੈ ਅਤੇ ਜਨਤਾ ਪਹਿਲਾਂ ਹੀ ਜਾਣਦੀ ਹੈ ਕਿ ਫੈਸਲਾ ਕਿਸ ਦੇ ਹੱਕ ਵਿਚ ਜਾਵੇਗਾ।

ਅਸਲ ਸੰਕਟ ਇਹ ਨਹੀਂ ਹੈ ਕਿ ਕਮਿਸ਼ਨ ਸਹੀ ਕਰ ਰਿਹਾ ਹੈ ਜਾਂ ਗਲਤ। ਅਸਲ ਸੰਕਟ ਇਹ ਹੈ ਕਿ ਜਨਤਾ ਹੁਣ ਇਹ ਮੰਨਣ ਲੱਗ ਪਈ ਹੈ ਕਿ ਕਮਿਸ਼ਨ ਨਿਰਪੱਖ ਨਹੀਂ ਹੈ। ਲੋਕਤੰਤਰ ਵਿਚ, ਧਾਰਨਾ ਸਭ ਤੋਂ ਵੱਡੀ ਹਕੀਕਤ ਹੈ। ਜੇਕਰ ਜਨਤਾ ਨੂੰ ਯਕੀਨ ਹੋ ਜਾਂਦਾ ਹੈ ਕਿ ਵੋਟ ਪਾਉਣਾ ਸਿਰਫ਼ ਇੱਕ ਰਸਮੀ ਕਾਰਵਾਈ ਹੈ, ਤਾਂ ਉਹ ਲੋਕਤੰਤਰ ਦਾ ਜਸ਼ਨ ਛੱਡ ਕੇ ਆਪਣੇ ਕਮਰੇ ਵਿਚ ਕ੍ਰਿਕਟ ਮੈਚ ਦੇਖਣਾ ਸ਼ੁਰੂ ਕਰ ਦੇਵੇਗੀ ਅਤੇ ਜੇਕਰ ਵੋਟ ਪਾਉਣ ਲਈ ਕਤਾਰਾਂ ਛੋਟੀਆਂ ਹੋਣ ਲੱਗ ਪੈਣ, ਤਾਂ ਲੋਕਤੰਤਰ ਦੀ ਨੀਂਹ ਆਪਣੇ ਆਪ ਹਿੱਲ ਜਾਵੇਗੀ।

ਸੁਧਾਰਾਂ ਬਾਰੇ ਬਹੁਤ ਗੱਲਾਂ ਹੋ ਰਹੀਆਂ ਹਨ, ਪਰ ਅਸਲੀਅਤ ਇਹ ਹੈ ਕਿ ਸੁਧਾਰ ਦੀ ਲੋੜ ਕਮਿਸ਼ਨ ਦੀ ਸੋਚ ਵਿਚ ਜ਼ਿਆਦਾ ਹੈ, ਆਪਣੇ ਆਪ ਵਿਚ ਨਹੀਂ। ਜੇਕਰ ਵੋਟਰ ਸੂਚੀ ਵਿਚੋਂ ਨਾਮ ਹਟਾਉਣਾ ਜ਼ਰੂਰੀ ਹੈ, ਤਾਂ ਇਸਨੂੰ ਦੋਹਰੀ ਪੁਸ਼ਟੀ ਨਾਲ ਕਰੋ। ਜੇਕਰ ਵੋਟਿੰਗ ਪ੍ਰਤੀਸ਼ਤਤਾ ਨਿਰਧਾਰਤ ਸਮੇਂ ਦੇ ਅੰਦਰ ਘੋਸ਼ਿਤ ਕੀਤੀ ਜਾ ਸਕਦੀ ਹੈ, ਤਾਂ ਇੱਕ ਨਿਯਮ ਬਣਾਓ। ਜੇਕਰ ਈ.ਵੀ.ਐੱਮ. ਸੁਰੱਖਿਅਤ ਹਨ, ਤਾਂ ਪਰਚੀ ਦਿਖਾਉਣ ਤੋਂ ਕਿਉਂ ਡਰਦੇ ਹਨ? ਜੇਕਰ ਨਿਯੁਕਤੀਆਂ ਨਿਰਪੱਖ ਹਨ, ਤਾਂ ਨਿਆਂਪਾਲਿਕਾ ਨੂੰ ਕਿਉਂ ਬਾਹਰ ਰੱਖਿਆ ਜਾਵੇ? ਜੇਕਰ ਚੋਣ ਜ਼ਾਬਤਾ ਸਾਰਿਆਂ 'ਤੇ ਲਾਗੂ ਹੁੰਦਾ ਹੈ, ਤਾਂ ਨੋਟਿਸ ਦਾ ਰੰਗ ਸ਼ਕਤੀ ਅਨੁਸਾਰ ਕਿਉਂ ਬਦਲਦਾ ਹੈ?

ਲੋਕਤੰਤਰ ਇੱਕ ਜਾਦੂਈ ਸ਼ਬਦ ਹੈ। ਇਹ ਉਦੋਂ ਤੱਕ ਹੀ ਚਮਕਦਾ ਹੈ, ਜਦੋਂ ਤੱਕ ਜਨਤਾ ਦਾ ਭਰੋਸਾ ਬਰਕਰਾਰ ਰਹਿੰਦਾ ਹੈ। ਜੇਕਰ ਭਰੋਸਾ ਟੁੱਟ ਜਾਂਦਾ ਹੈ, ਤਾਂ ਲੋਕਤੰਤਰ ਦਾ ਦੀਵਾ ਵੀ ਬੁੱਝ ਜਾਵੇਗਾ। ਚੋਣ ਕਮਿਸ਼ਨ ਲਈ ਆਪਣਾ ਅਕਸ ਬਚਾਉਣ ਦਾ ਸਮਾਂ ਆ ਗਿਆ ਹੈ। ਕਿਉਂਕਿ ਸੰਸਥਾਵਾਂ ਆਪਣੀ ਸ਼ਕਤੀ ਸ਼ਕਤੀ ਤੋਂ ਨਹੀਂ, ਸਗੋਂ ਲੋਕਾਂ ਤੋਂ ਪ੍ਰਾਪਤ ਕਰਦੀਆਂ ਹਨ। ਸ਼ਕਤੀ ਅਸਥਾਈ ਹੁੰਦੀ ਹੈ, ਪਰ ਲੋਕ ਸਥਾਈ ਹੁੰਦੇ ਹਨ। ਜੇਕਰ ਕਮਿਸ਼ਨ ਲੋਕਾਂ ਦਾ ਵਿਸ਼ਵਾਸ ਗੁਆ ਦਿੰਦਾ ਹੈ, ਤਾਂ ਇਹ ਸੰਵਿਧਾਨਕ ਢਾਂਚੇ ਵਿਚ ਸਿਰਫ਼ ਇੱਕ ਮੋਹਰ ਹੀ ਰਹਿ ਜਾਵੇਗਾ। ਅੱਜ, ਕਮਿਸ਼ਨ ਦੇ ਸਾਹਮਣੇ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਇਹ ਸੱਚਮੁੱਚ ਲੋਕਤੰਤਰ ਦਾ ਰੈਫਰੀ ਹੈ ਜਾਂ ਸੱਤਾ ਦਾ ਬਰਾਬਾਜ਼? ਜੇਕਰ ਰੈਫਰੀ ਸਹੀ ਸਮੇਂ 'ਤੇ ਸੀਟੀ ਨਹੀਂ ਵਜਾਉਂਦਾ, ਤਾਂ ਖੇਡ ਦਾ ਫੈਸਲਾ ਮੈਦਾਨ ਵਿਚ ਨਹੀਂ, ਸਗੋਂ ਇਤਿਹਾਸ ਵਿਚ ਹੋਵੇਗਾ ਅਤੇ ਇਤਿਹਾਸ ਉਨ੍ਹਾਂ ਲੋਕਾਂ ਨੂੰ ਕਦੇ ਮੁਆਫ਼ ਨਹੀਂ ਕਰਦਾ, ਜਿਨ੍ਹਾਂ ਨੇ ਲੋਕਤੰਤਰ ਦੀ ਪਵਿੱਤਰਤਾ ਨੂੰ ਦਾਅ 'ਤੇ ਲਗਾਇਆ ਹੈ।



ਚੇਅਰਮੈਨ ਮਨਜਿੰਦਰ ਸਿੰਘ ਸਰੌਦ
ਮਾਲੇਰਕੋਟਲਾ
94634-63136
ਪੰਜਾਬ ਮੇਲ USA



# ਹਰਿਆਣਾ ਦੇ ਹੋਂਦ ਚਿੱਲੜ ਸਿੱਖ ਕਤਲੇਆਮ ਦੀ 'ਖ਼ੂਨੀ ਦਾਸਤਾਨ' ਦੇ ਕੁਝ ਅਣਫੋਲੇ ਵਰਕੇ...

## ▪ ਜਿਸ ਦਿਨ ਚਿਹਰੇ ਤੋਂ ਨਕਾਬ ਲਹਿ ਗਿਆ ਤਾਂ ਅੱਖਾਂ ਵਿਚ ਘਸੁੰਨ ਦੇ ਕੇ ਰੋਵੋਗੇ
## ▪ ਕਈਆਂ ਨੇ ਲਿਆ ਸਿਆਸੀ ਲਾਹਾ ਅਤੇ ਕਈ ਘਰ ਘਾਟ ਤੱਕ ਵੇਚ ਗਏ

"ਬੀਤੇ ਸਮੇਂ ਹੋਂਦ ਚਿੱਲੜ ਦੇ ਨਾਮ 'ਤੇ ਜਿਹੜੇ ਭੇਖੀਆਂ ਨੇ ਜਿਹੜਾ 'ਧਰੋਅ' ਕਮਾਇਆ, ਉਸ ਨੂੰ ਸਦਾ ਯਾਦ ਰੱਖਿਆ ਜਾਵੇਗਾ। ਉਸ ਦੇ ਕੱਚੇ ਚਿੱਠੇ ਜਲਦੀ ਹੀ ਨਸ਼ਰ ਕੀਤੇ ਜਾਣਗੇ। ਇਨ੍ਹਾਂ ਲੋਕਾਂ ਨੇ ਜਿਹੜੀਆਂ ਮਾਵਾਂ ਦੇ ਹੱਥਾਂ 'ਚੋਂ ਟੁੱਕ ਖਾਧਾ, ਉਨ੍ਹਾਂ ਹੀ ਮਾਵਾਂ ਦੀ ਕਿਰਦਾਰਕੁਸ਼ੀ ਆਪਣੇ 'ਭਾਵੇਂ ਦੇ ਟੱਟੂਆਂ' ਤੋਂ ਕਰਵਾਈ, ਇਸ ਤੋਂ ਸਾਬਤ ਹੁੰਦੈ ਕਿ ਇਹ ਲੋਕ ਆਪਣੇ ਪਿਓ ਦੇ ਵੀ ਸਕੇ ਨਹੀਂ ਹੁੰਦੇ, ਕਿੰਨਾ ਚੰਗਾ ਹੋਵੇ ਜੇਕਰ, ਇਨ੍ਹਾਂ ਗੱਲਾਂ ਨੂੰ ਇਹ ਲੋਕ ਆਪਣੇ ਜ਼ਿਹਨ 'ਤੇ ਲਿਆ ਕੇ ਸੋਚਣ ਕਿ ਅਸੀਂ ਕਿੱਥੋਂ ਪਹੁੰਚ ਗਏ, ਨਾ ਸਿਆਸਤ ਸਾਡੇ ਪੱਲੇ ਰਹੀ ਨਾ ਧਾਰਮਿਕ ਪੱਖ। ਉਨ੍ਹਾਂ ਵੇਲਿਆਂ 'ਚ ਲੋਕ ਇਨ੍ਹਾਂ ਦਾ ਕਿੰਨਾ ਸਤਿਕਾਰ ਕਰਦੇ ਸਨ ਪਰ ਅੱਜ ਹਾਲਾਤ ਕੀ ਬਣ ਚੁੱਕੇ ਨੇ, ਇਸ ਦਾ ਜ਼ਿੰਮੇਵਾਰ ਕੌਣ ਹੈ, ਅਜੇ ਹੋਰ ਕਿੰਨਾ ਡਿੱਗੋਗੇ। ਇਹ ਗੱਲਾਂ ਇਨ੍ਹਾਂ ਲੋਕਾਂ ਨੂੰ ਆਲੇ-ਦੁਆਲੇ ਦੀ ਜੁੰਡਲੀ ਨਹੀਂ ਦੱਸਦੀ,, ਖੈਰ"। ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ 2 ਨਵੰਬਰ 1984 ਦੀ ਚੜ੍ਹਦੀ ਸਵੇਰ ਨੂੰ ਵਹਿਸ਼ੀ ਦਰਿੰਦਿਆਂ ਦੀ ਭੜਕੀ ਭੀੜ ਵੱਲੋਂ ਹਰਿਆਣਾ ਦੇ ਪਿੰਡ ਹੋਂਦ ਚਿੱਲੜ ਸਣੇ ਵੱਖ-ਵੱਖ ਥਾਵਾਂ ਨੂੰ ਨਿਸ਼ਾਨਾ ਬਣਾ ਕੇ 3 ਦਿਨ ਬੇਰਹਿਮੀ ਨਾਲ ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਜ਼ਿਲ੍ਹਾ ਰੇਵਾੜੀ ਦੇ ਪਿੰਡ ਹੋਂਦ ਵਿਖੇ 18 ਸਿੱਖ ਪਰਿਵਾਰਾਂ ਦੇ 32 ਜੀਆਂ ਨੂੰ ਮਾਸੂਮ ਬੱਚਿਆਂ ਸਣੇ ਜ਼ਖ਼ਮੀ ਕਰਨ ਤੋਂ ਬਾਅਦ ਇੱਕ ਖੂਹ ਵਿਚ ਸੁੱਟ ਦਿੱਤਾ ਅਤੇ ਅੱਗ ਲਗਾਕੇ ਦਰਦਨਾਕ ਮੌਤ ਦਿੱਤੀ ਗਈ। ਉਸ ਤੋਂ ਬਾਅਦ 'ਵਹਿਸ਼ਤ ਦਾ ਨੰਗਾ ਨਾਚ ਨੱਚਦੇ' ਦਰਿੰਦਿਆਂ ਵੱਲੋਂ ਗੁੜਗਾਉਂ, ਰੇਵਾੜੀ ਤੇ ਪਟੌਦੀ ਵਿਖੇ 47 ਸਿੱਖਾਂ ਨੂੰ ਕਤਲ ਕਰਨ ਤੋਂ ਬਾਅਦ ਸਿੱਖ ਬੱਚੀਆਂ ਦੇ ਮੂੰਹ ਵਿਚ ਪਿਸ਼ਾਬ ਪਾ ਕੇ 'ਕਰੂਰਤਾ ਭਰੇ ਕਾਰੇ' ਨੂੰ ਅੰਜਾਮ ਦਿੱਤਾ ਗਿਆ। ਫਿਰ 2011 ਨੂੰ ਇਹ ਮਾਮਲਾ ਭਾਈ ਦਰਸ਼ਨ ਸਿੰਘ ਘੋਲੀਆ ਤੇ ਸਾਥੀਆਂ ਦੀ ਬਦੌਲਤ ਅਦਾਲਤ ਦੀਆਂ ਬਰੂਹਾਂ ਤੱਕ ਪਹੁੰਚਿਆ। ਕਰੀਬ 4 ਵਰ੍ਹਿਆਂ ਬਾਅਦ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਸਦਕਾ ਲੜੇ ਗਏ ਕੇਸਾਂ ਦੀ ਬਦੌਲਤ 22 ਕਰੋੜ 60 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਪੀੜਤ ਪਰਿਵਾਰਾਂ ਨੂੰ 'ਅੱਲੇ ਜ਼ਖਮਾਂ 'ਤੇ ਮਲ੍ਹਮ' ਦੇ ਰੂਪ ਵਿਚ ਮਿਲ਼ੀ। ਕਰੀਬ 133 ਕੇਸ ਅਜੇ ਵੀ ਅਦਾਲਤਾਂ ਵਿਚ ਲੰਬਿਤ ਪਏ ਹਨ। ਤਤਕਾਲੀ ਦੋਸ਼ੀ 7 ਪੁਲਿਸ ਅਧਿਕਾਰੀਆਂ ਨੂੰ ਸਜ਼ਾ ਦਾ ਮਾਮਲਾ ਵੀ ਵਿਚਾਲੇ ਲਟਕ ਗਿਆ। ਵਖ਼ਤ ਦੇ ਮਾਰੇ ਪੀੜਤ ਪਰਿਵਾਰ ਗ਼ੁਰਬਤ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ।

ਹੁਣ ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਲਈ ਰਾਹਤ ਭਰਿਆ ਇੱਕ ਅਹਿਮ ਫੈਸਲਾ ਲੈਂਦਿਆਂ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਹਰਿਆਣਾ ਵਿਧਾਨ ਸਭਾ ਦੇ ਵਿਚ ਆਖਿਆ ਕਿ ਸਿੱਖ ਕਤਲੇਆਮ ਦੌਰਾਨ ਜਿਨ੍ਹਾਂ 121 ਪਰਿਵਾਰਾਂ ਵਿਚੋਂ ਕਿਸੇ ਮੈਂਬਰ ਦੀ ਜਾਨ ਗਈ ਸੀ, ਉਨ੍ਹਾਂ ਵਿਚੋਂ ਹਰੇਕ ਪਰਿਵਾਰ ਦੇ ਇੱਕ ਮੈਂਬਰ ਨੂੰ ਪਹਿਲ ਦੇ ਆਧਾਰ 'ਤੇ ਸਰਕਾਰ ਵੱਲੋਂ ਨੌਕਰੀ ਦਿੱਤੀ ਜਾਵੇਗੀ। ਉਨ੍ਹਾਂ ਸਦਨ ਨੂੰ ਦੱਸਿਆ ਕਿ 1984 ਦੇ ਸਿੱਖ ਕਤਲੇਆਮ ਦੌਰਾਨ ਸੂਬੇ ਵਿਚ ਲਗਭਗ 20 ਗੁਰਦੁਆਰਾ ਸਾਹਿਬ, 221 ਘਰ, 154 ਦੁਕਾਨਾਂ, 57 ਫੈਕਟਰੀਆਂ, 3 ਰੇਲ ਡੱਬੇ ਅਤੇ 85 ਵਾਹਨ ਸਾੜ ਦਿੱਤੇ ਗਏ ਸਨ। ਇਸ ਕਤਲੇਆਮ ਵਿਚ 58 ਲੋਕ ਜ਼ਖਮੀ ਹੋਏ ਸਨ ਅਤੇ 121 ਲੋਕਾਂ ਦੀ ਮੌਤ ਹੋ ਗਈ ਸੀ। ਡਾਢਿਆਂ ਨੇ ਬੀਤੇ ਸਮੇਂ ਤੋਂ ਇਸ ਖੰਡਰ ਬਣ ਚੁੱਕੇ ਪਿੰਡ ਹੋਂਦ ਦੇ ਆਲੇ-ਦੁਆਲੇ ਦੀ ਜ਼ਮੀਨ ਨੂੰ ਕਾਫੀ ਹੱਦ ਤੱਕ ਆਪਣੇ ਖੇਤਾਂ ਵਿਚ ਰਲਾ ਲਿਆ ਹੈ। ਕਈ ਹਵੇਲੀਆਂ ਦੀ ਛੱਤ ਡਿੱਗ ਚੁੱਕੀ ਹੈ ਅਤੇ ਉੱਥੇ ਲਗਾਏ ਬੂਟੇ ਪੱਟ ਦਿੱਤੇ ਹਨ। ਅਸਰ-ਰਸੂਖ ਵਾਲੇ ਲੋਕ ਇਨ੍ਹਾਂ ਹਵੇਲੀਆਂ ਨੂੰ ਢਾਹ ਕੇ ਹੌਲੀ-ਹੌਲੀ ਉਸ ਜਗ੍ਹਾ ਉੱਪਰ ਕਬਜ਼ੇ ਦੀ ਤਾਕ ਵਿਚ ਹਨ। ਜਿਨ੍ਹਾਂ ਵੱਲੋਂ ਰਾਤ-ਬਰਾਤੇ ਇਨ੍ਹਾਂ ਹਵੇਲੀਆਂ ਨੂੰ ਵਾਰ-ਵਾਰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਦ 2016 ਦੇ ਵਿਚ ਮਾਨਯੋਗ ਜੱਜ ਟੀ.ਪੀ. ਗਰਗ ਵੱਲੋਂ ਜਦੋਂ ਇਸ ਖੰਡਰ ਪਿੰਡ ਦਾ ਦੌਰਾ ਕੀਤਾ ਗਿਆ ਸੀ, ਤਾਂ ਉਨ੍ਹਾਂ ਤੁਰੰਤ ਨਿਸ਼ਾਨਦੇਹੀ ਦੇ ਹੁਕਮ ਦਿੱਤੇ ਸਨ। ਪਰੰਤੂ ਕੁਝ ਲੋਕਾਂ ਵੱਲੋਂ ਉਨ੍ਹਾਂ ਨਿਸਾਨੀਆਂ ਨੂੰ ਮਿਟਾਉਣ ਤੋਂ ਬਾਅਦ ਨਾਲ ਲੱਗਦੀ ਜ਼ਮੀਨ ਨੂੰ ਵੀ ਹੜੱਪਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹੋਂਦ ਚਿੱਲੜ ਸਿੱਖ ਇਨਸਾਫ਼ ਕਮੇਟੀ ਦੇ ਮੁਖੀ ਭਾਈ ਦਰਸ਼ਨ ਸਿੰਘ ਘੋਲੀਆ ਵੱਲੋਂ ਜ਼ਿਲ੍ਹਾ ਰੇਵਾੜੀ ਦੇ ਡਿਪਟੀ ਕਮਿਸ਼ਨਰ ਨਾਲ ਮੁਲਾਕਾਤ ਦੌਰਾਨ ਜਦੋਂ ਦੁਬਾਰਾ ਇਹ ਸਾਰਾ ਮਾਮਲਾ ਉਠਾਇਆ, ਤਾਂ ਉਨ੍ਹਾਂ ਤੁਰੰਤ ਐੱਸ.ਡੀ.ਐੱਮ. ਅਤੇ ਤਹਿਸੀਲਦਾਰ ਰੇਵਾੜੀ ਨੂੰ ਹਦਾਇਤਾਂ ਦਿੱਤੀਆਂ ਕਿ ਪਿੰਡ ਹੋਂਦ ਦੀ ਨਿਸ਼ਾਨਦੇਹੀ ਕੀਤੀ ਜਾਵੇ। ਪੀੜਤ ਪਰਿਵਾਰਾਂ ਨੇ ਆਖਿਆ ਕਿ ਕੁਝ ਲੋਕ ਪਿੰਡ ਹੋਂਦ ਦੀ ਹੋਂਦ ਨੂੰ ਖਤਮ ਕਰਨਾ ਚਾਹੁੰਦੇ ਹਨ, ਜਿਸ ਨੂੰ ਰੋਕਣ ਲਈ ਸਰਕਾਰ ਉਨ੍ਹਾਂ ਦੀ ਮਦਦ ਕਰੇ।



ਹੋਂਦ ਚਿੱਲੜ ਵਿਖੇ ਬੁਰੀ ਤਰ੍ਹਾਂ ਤਹਿਸ-ਨਹਿਸ ਕੀਤੀ ਇੱਕ ਹਵੇਲੀ ਤੇ ਗੁਰਦੁਆਰਾ ਸਾਹਿਬ ਦੀ ਇਮਾਰਤ।

> **ਸ਼ਹੀਦਾਂ ਦੀ ਯਾਦਗਾਰ ਦੀ ਗੱਲ ਚੱਲੀ, ਤਾਂ ਹੈਰਾਨੀਜਨਕ ਤੱਥ ਇਹ ਹੈ ਯਾਦਗਾਰ ਲਈ ਆਇਆ ਕਰੋੜਾਂ ਰੁਪਈਆ ਕੌਣ ਡਕਾਰ ਗਿਆ ਕਿਸੇ ਨੂੰ ਕੁਝ ਨਹੀਂ ਪਤਾ। 2 ਬੈਂਕ ਖਾਤੇ ਕਿਸ ਦੇ ਸਨ ਇਹ ਜ਼ਰੂਰ ਸਾਰੇ ਜਾਣਦੇ ਨੇ। ਯਾਦ ਰੱਖਿਓ ਜਿਸ ਦਿਨ ਸਮੇਂ ਨੇ ਪਲਟੀ ਮਾਰੀ, ਤਾਂ ਸਾਰਿਆਂ ਦੇ ਚਿਹਰਿਆਂ ਤੋਂ ਨਕਾਬ ਲੈ ਜਾਣਗੇ। ਚਿਹਰੇ ਦਾ ਹਾਸਾ 'ਕਪੂਰ' ਬਣ ਕੇ ਉੱਡ ਜਾਵੇਗਾ।**

ਸ਼ਹੀਦਾਂ ਦੀ ਯਾਦਗਾਰ ਦੀ ਗੱਲ ਚੱਲੀ, ਤਾਂ ਹੈਰਾਨੀਜਨਕ ਤੱਥ ਇਹ ਹੈ ਯਾਦਗਾਰ ਲਈ ਆਇਆ ਕਰੋੜਾਂ ਰੁਪਈਆ ਕੌਣ ਡਕਾਰ ਗਿਆ ਕਿਸੇ ਨੂੰ ਕੁਝ ਨਹੀਂ ਪਤਾ। 2 ਬੈਂਕ ਖਾਤੇ ਕਿਸ ਦੇ ਸਨ ਇਹ ਜ਼ਰੂਰ ਸਾਰੇ ਜਾਣਦੇ ਨੇ। ਯਾਦ ਰੱਖਿਓ ਜਿਸ ਦਿਨ ਸਮੇਂ ਨੇ ਪਲਟੀ ਮਾਰੀ, ਤਾਂ ਸਾਰਿਆਂ ਦੇ ਚਿਹਰਿਆਂ ਤੋਂ ਨਕਾਬ ਲੈ ਜਾਣਗੇ। ਚਿਹਰੇ ਦਾ ਹਾਸਾ 'ਕਪੂਰ' ਬਣ ਕੇ ਉੱਡ ਜਾਵੇਗਾ। ਲੋਕਾਂ ਦੇ ਬੱਚਿਆਂ ਦੇ ਮੂੰਹ ਵਿਚੋਂ ਰੋਟੀ ਦੀ ਬੁਰਕੀ ਕੱਢ ਕੇ ਆਪਣੇ ਬੱਚਿਆਂ ਨੂੰ ਉੱਚੇ ਰੁਤਬੇ ਦਿਵਾਉਣ ਵਾਲੇ ਕਿੰਨੇ ਬੇਰਹਿਮ ਹੁੰਦੇ ਹਨ, ਦੀ ਮਿਸਾਲ ਹੋਂਦ ਚਿੱਲੜ ਦੇ ਘਟਨਾਕ੍ਰਮ ਤੋਂ ਮਿਲ ਜਾਂਦੀ ਹੈ। ਸਹੀ ਸ਼ਬਦਾਂ ਵਿਚ ਪੀੜਤਾਂ ਲਈ ਇਨਸਾਫ਼ ਦੀ ਜੰਗ ਲੜਨ ਵਾਲੇ ਕੁਝ ਲੋਕ ਸਦਾ ਹੀ ਇੱਕ ਗੱਲ ਦਾ ਗਿਲਾ ਕਰਦੇ ਨੇ ਕਿ ਕੁਝ 'ਭੇਖੀਆਂ' ਵੱਲੋਂ ਭਾਵੇਂ ਹੋਂਦ ਚਿੱਲੜ ਦੇ ਨਾਂ 'ਤੇ ਸਿਆਸਤ ਤਾਂ ਬਹੁਤ ਕੀਤੀ ਗਈ ਅਤੇ ਉਨ੍ਹਾਂ ਨੂੰ ਇਨਸਾਫ਼ ਦਿਵਾਉਣ ਦੇ ਲਈ ਕੀਤੀ ਜਾ ਰਹੀ ਚਾਰਾਜੋਈ ਦੇ ਵਿਚ ਢਿੱਲ ਵਰਤਣ ਦੇ ਨਾਲ ਹੋਈ ਦੇਰੀ ਦੇ ਚੱਲਦਿਆਂ ਪੀੜਤ ਪਰਿਵਾਰਾਂ ਦਾ ਵੱਡਾ ਨੁਕਸਾਨ ਹੋ ਗਿਆ। ਕਿਸੇ ਨੇ ਕਿੰਨਾ ਸੱਚ ਕਿਹਾ ਕਿ ਕਈ ਸੱਜਣ ਇੱਥੇ ਆਉਂਦੇ ਰਹੇ, ਜਾਂਦੇ ਰਹੇ, ਸਮਾਂ ਪਾ ਕੇ ਉਹ ਵੀ ਮੁੜ ਇੱਥੇ ਕਿਤੇ ਵਿਖਾਈ ਨਾ ਦਿੱਤੇ। ਪਤਾ ਨਹੀਂ ਕਿਉਂ ਹੋਂਦ ਚਿੱਲੜ ਦੀਆਂ ਖੰਡਰ ਹਵੇਲੀਆਂ ਨੂੰ ਵੇਖ ਕੇ ਇੱਕ ਗੱਲ ਮਨ ਵਿਚ ਸਹਿਜੇ ਹੀ ਆ ਜਾਂਦੀ ਹੈ ਕਿ ਇਥੇ ਸਦਾ ਹੀ ਇਨਸਾਨ ਕੁਝ ਬਣਨ ਦੇ ਲਈ ਮਨ ਵਿਚ ਧਾਰ ਕੇ ਆਉਂਦਾ ਹੈ। ਜਦੋਂ ਉਸ ਦੇ ਮਨ ਦੀਆਂ ਸੱਧਰਾਂ ਪੂਰੀਆਂ ਹੋ ਜਾਂਦੀਆਂ ਹਨ ਤੇ ਉਹ ਮੁੜ ਕੇ ਇੱਥੇ ਫੇਰਾ ਪਾਉਣਾ ਵੀ ਮੁਨਾਸਬ ਨਹੀਂ ਸਮਝਦਾ।

ਖੰਡਰ ਹਵੇਲੀਆਂ ਅਤੇ ਵਖਤ ਦੇ ਮਾਰੇ ਪੀੜਤ ਪਰਿਵਾਰ ਕਿਸੇ ਨੂੰ ਵੀ ਕੁਝ ਕਹਿਣ ਦੇ ਜੋਗੇ ਨਹੀਂ। ਕਿਉਂਕਿ ਉਨ੍ਹਾਂ ਨੂੰ ਤਾਂ ਕਈਆਂ ਨੇ ਹੀ ਇਨਸਾਫ਼ ਦੇ ਨਾਂ ਲਾਰੇ ਲਾ ਕੇ ਆਪਣੇ ਨਿੱਜੀ ਮੁਫਾਦਾਂ ਨੂੰ ਪਹਿਲ ਦਿੱਤੀ ਹੈ। ਹਾਂ, ਸ਼੍ਰੋਮਣੀ ਕਮੇਟੀ ਨੇ ਪੂਰਾ ਯੋਗਦਾਨ ਜ਼ਰੂਰ ਪਾਇਆ ਹੈ। ਖੈਰ ਸਮਾਂ ਪਾ ਕੇ ਚਾਰ ਜਣਿਆਂ ਦੀ ਜੁੰਡਲੀ ਵਿਚ ਬੈਠ ਕੇ ਤਾੜੀਆਂ ਮਾਰਨ ਵਾਲੇ ਲੋਕ ਇੱਕ ਦਿਨ ਨੰਗੇ ਜ਼ਰੂਰ ਹੋਣਗੇ, ਔਰ ਉਸ ਦਿਨ ਉਨ੍ਹਾਂ ਕੋਲ ਸਿਵਾਏ ਪਛਤਾਉਣ ਤੋਂ ਕੁਝ ਨਹੀਂ ਹੋਵੇਗਾ। ਕਿਉਂਕਿ ਅਜਿਹੇ ਲੋਕਾਂ ਦਾ ਕੱਚਾ ਚਿੱਠਾ ਤਿਆਰ ਹੋ ਚੁੱਕਿਆ ਹੈ, ਜੋ ਸਮਾਂ ਆਉਣ 'ਤੇ ਜਾਰੀ ਹੋ ਜਾਵੇਗਾ। ਸ਼੍ਰੋਮਣੀ ਕਮੇਟੀ ਮੈਂਬਰਾਂ ਜਥੇਦਾਰ ਭੁਪਿੰਦਰ ਸਿੰਘ ਭਲਵਾਨ, ਜਥੇਦਾਰ ਕਰਨੈਲ ਸਿੰਘ ਪੰਜੋਲੀ, ਹੋਂਦ ਚਿੱਲੜ ਇਨਸਾਫ ਕਮੇਟੀ ਦੇ ਪ੍ਰਧਾਨ ਭਾਈ ਦਰਸ਼ਨ ਸਿੰਘ ਘੋਲੀਆ, ਚੇਅਰਮੈਨ ਜਸਵੀਰ ਸਿੰਘ ਦਿਓਲ, ਅਕਾਲੀ ਆਗੂ ਸਤਬੀਰ ਸਿੰਘ ਬਨਭੌਰਾ ਆਦਿ ਨੇ ਕਿਹਾ ਕਿ ਬਿਨਾਂ ਸ਼ੱਕ ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਪੀੜਤ ਪਰਿਵਾਰਾਂ ਸੰਬੰਧੀ ਲਿਆ ਇਹ ਫੈਸਲਾ ਪੀੜਤਾਂ ਦੇ 'ਨਸੂਰ ਬਣ ਚੁੱਕੇ ਜ਼ਖ਼ਮਾਂ' ਨੂੰ ਰਾਹਤ ਦੇਵੇਗਾ । ਸਰਕਾਰ ਦਾ ਇਹ ਫੈਸਲਾ ਸ਼ਲਾਘਾਯੋਗ ਹੈ। ਜਥੇਦਾਰ ਪੰਜੋਲੀ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਅਪੀਲ ਕੀਤੀ ਕਿ ਹੋਂਦ ਚਿੱਲੜ ਵਿਖੇ ਸਿੱਖ ਸ਼ਹੀਦਾਂ ਦੀ ਯਾਦਗਾਰ ਦੀ ਉਸਾਰੀ ਵੀ ਕੀਤੀ ਜਾਵੇ ।



# ਪੰਜਾਬੀ ਦਾ ਮਨੋਰੰਜਕ ਸੀ ਉਹ

**(ਅੱਜ ਸਦੀਵੀ ਅਲਵਿਦਾ ਵੇਲੇ ਜਸਵਿੰਦਰ ਭੱਲਾ ਨੂੰ ਫੁੱਲਾਂ ਵਰਗੀ ਸ਼ਬਦ ਸ਼ਰਧਾਂਜਲੀ)**





ਪੰਜਾਬੀ ਦਾ ਮਨੋਰੰਜਕ ਸੀ ਉਹ
ਹਰ ਪਰਿਵਾਰ ਦੀਆਂ
ਖੁਸ਼ੀਆਂ ਵਿਚ ਗੂੜ੍ਹਾ ਰੰਗ ਪਾਉਂਦਾ ਡਾਕਟਰ ਲਲਾਰੀ ਕਮੇਡੀਅਨ

ਚਾਚਾ ਤੇਰਾ "ਛਣਕਾਟਾ"
ਅਜੇ ਵੀ ਲੋਕਾਂ ਦੇ ਦਿਲਾਂ ਵਿਚ ਵੱਜ ਰਿਹਾ ਹੈ

"ਚੱਕ ਦੇ ਫੱਟੇ", "ਕੈਰੀ ਆਨ ਜੱਟਾ", "ਜੱਟ ਐਂਡ ਜੂਲੀਅਟ",
"ਡੈਡੀ ਕੂਲ ਮੁੰਡੇ ਫੂਲ" ਵਿਚ
ਅਜੇ ਵੀ ਤੂੰ ਭਰੂਣ ਹੱਤਿਆ,
ਨਸ਼ਿਆਂ ਬਾਰੇ ਚੇਤਾਵਨੀ ਦਿੰਦਾ ਨਹੀਂ ਥੱਕਦਾ

ਤੇਜ਼ ਅਤੇ ਪ੍ਰਭਾਵਸ਼ਾਲੀ
ਤੇਰੀ ਡਾਇਲਾਗ ਡਿਲਿਵਰੀ
ਅਜੇ ਵੀ ਕਿਸੇ ਕੋਲੋਂ ਬੀਟ ਨਹੀਂ ਹੋਈ

ਹਾਸੇ ਦੀ ਖੇਤੀ ਦਾ
ਕਿਸਾਨ ਸੀ ਤੂੰ,
ਦਿਲਾਂ ਦੀਆਂ ਕਿਆਰੀਆਂ ਵਿਚ
ਖੁਸ਼ਬੂ ਵਰਗਾ ਸੂਹਾ ਮਹਿਕਦਾ ਗ਼ੁਲਾਬ

ਰੋਜ਼ਾਨਾ ਦੇ ਗ਼ਮ ਨੂੰ
ਹਾਸਿਆਂ ਵਿਚ ਬਦਲ ਕੇ,
ਜੀਵਨ ਨੂੰ ਆਸਾਨ ਕਰ ਗਿਆ

ਮੰਚਾਂ 'ਤੇ ਪਰਦੇ ਦਾ ਚਿਰਾਗ,
ਦਿਨਾਂ ਦੀ ਰੌਸ਼ਨੀ
ਤੇ ਸਾਡੀਆਂ ਰਾਤਾਂ ਦਾ ਸੁਪਨਾ ਸੀ ਤੂੰ

ਹਾਲ ਭਰਦੇ ਸਨ
ਤੇਰੀ ਇੱਕ ਇੱਕ ਹਾਸੇ ਵਾਲੀ ਗੱਲ 'ਤੇ

ਸਮੇਂ ਦਾ ਹਰ ਪਲ
ਤੂੰ ਸ਼ਿੰਗਾਰ ਦਿੰਦਾ ਸੀ

ਮਹਿਫਲਾਂ ਕਲਾਸਾਂ ਵਿਚ ਖੁਸ਼ੀਆਂ ਵੰਡ ਕੇ ਟੁਰ ਜਾਣਾ ਤੇਰਾ ਨਿੱਤ ਦਾ ਕੰਮ ਸੀ

ਤੂੰ ਤੁਰ ਗਿਆ
ਖਾਲੀ ਹੋ ਗਿਆ ਪੰਜਾਬੀ ਹਾਸੇ ਦਾ
ਹਰ ਇੱਕ ਕੋਣਾ

ਪਰ ਯਾਦਾਂ ਰੂਪੀ
ਤੇਰੀ ਮੌਜੂਦਗੀ ਸਦਾ ਰਹੇਗੀ,
ਹਰ ਮੁਸਕਰਾਹਟ ਵਿਚ,
ਹਰ ਬੋਲ ਹਰ ਅਲਫ਼ਾਜ਼ ਵਿਚ

ਤੇਰਾ ਹਾਸਾ
ਅੱਜ ਵੀ ਚਿਰਾਗ਼ ਬਣ ਕੇ ਜਗੇਗਾ
ਤੇਰੀ ਯਾਦ ਹਰੇਕ ਧੜਕਣ ਵਿਚ ਧੜਕਦੀ ਸੁਰ ਤਾਲ ਦਿੰਦੀ ਰਹੇਗੀ

ਜਸਵਿੰਦਰ,
ਤੂੰ ਸਿਰਫ਼ ਨਾਮ ਨਹੀਂ,
ਸਾਡੀਆਂ ਰੂਹਾਂ ਦਾ ਮਿੱਠੜਾ
ਸਦਾਵਾਂ ਵਰਗਾ ਗੀਤ ਹੋਵੇਂਗਾ

ਹਾਸਿਆਂ ਦੀ ਰੂਹ,
ਮੁਸਕਰਾਹਟਾਂ ਦਾ ਸਾਥੀ,
ਜਦ ਤੂੰ ਤੁਰ ਗਿਆ,
ਹਰ ਦਿਲ ਰੋ ਪਿਆ

ਪਰ ਯਾਦਾਂ ਵਿਚ ਤੇਰੀ ਆਵਾਜ਼ ਰਹੇਗੀ,
ਹਰ ਹਾਸੇ ਵਿਚ ਤੇਰੀ ਮਹਿਕ ਰਹੇਗੀ

ਜਸਵਿੰਦਰ,
ਤੂੰ ਨਾ ਸਿਰਫ਼ ਕਲਾਕਾਰ ਸੀ,
ਪੰਜਾਬ ਦੇ ਵਿਹੜਿਆਂ ਦੀ ਮਹਿਕ ਸੀ ਤੂੰ
ਅਲਵਿਦਾ ਯਾਰਾ!!!!



**-ਅਮਰਜੀਤ ਟਾਂਡਾ**
**ਸੰਪਰਕ** +61 417271147

ਪੰਜਾਬ ਮੇਲ USA

# ਲੂੰਬੜ ਚਿੱਤ

ਦਾਤਾ ਤੇਰੀ ਦਹਿਲੀਜ਼ 'ਤੇ, ਸਿਰ ਝੁਕਾਉਂਦਾ ਹਾਂ ਮੈਂ।
ਆਪਣੇ ਪਾਪਾਂ ਪੁੰਨਾਂ ਦਾ, ਹਿਸਾਬ ਚੁਕਾਉਂਦਾ ਹਾਂ ਮੈਂ।
ਦੁਨੀਆਂ ਤੋਂ ਅੱਖ ਚੁਰਾ, ਗੁਨਾਹ ਬਖਸ਼ਾਉਂਦਾ ਹਾਂ ਮੈਂ।
ਨਿੱਤ ਪੁੱਛਾਂ ਜ਼ਮੀਰ ਤੋਂ, ਕੀ ਸੱਚੀਂ ਧਿਆਉਂਦਾ ਹਾਂ ਮੈਂ?

ਦੋ ਹੱਥ ਜੋੜ ਵਾਂਗ ਮੰਗਤੇ, ਨਿੱਤ ਮੰਗਦਾ ਟੁੱਕਰ ਹਾਂ।
ਸਿਰ ਉੱਤੇ ਛੱਤ, ਸੌਣ ਲਈ, ਇੱਕ ਮੰਗਦਾ ਨੁੱਕਰ ਹਾਂ।
ਸੁਖੀ ਵਸੇ ਪਰਿਵਾਰ ਮੇਰਾ, ਤੇਰਾ ਕਰਦਾ ਸ਼ੁਕਰ ਹਾਂ।
ਦਿਲ ਤੋਂ ਕਿੰਨਾ ਸੁਆਰਥੀ, ਉਂਝ ਦੱਸਦਾ ਕੂਕਰ ਹਾਂ।

ਛੁਪਾਉਂਦਾ ਹਾਂ ਜੱਗ ਕੋਲ਼ੋਂ, ਪਰ ਤੂੰ ਸਭ ਜਾਣਦਾ ਹੈਂ।
ਬਣਦਾ ਹਾਂ ਚਲਾਕ ਤੈਥੋਂ, ਔਕਾਤ ਤੂੰ ਪਛਾਣਦਾ ਹੈਂ।
ਕਰਦਾਂ ਨਾਦਾਨੀਆਂ ਮੈਂ, ਲਾ ਛਾਨਣੇ ਤੂੰ ਛਾਣਦਾ ਹੈਂ।
ਲਿਖਦਾ ਹਾਂ ਮੈਂ ਲੇਖ ਕਾਲ਼ੇ, ਰੋਜ਼ ਬਹੀ ਤੂੰ ਚਾੜ੍ਹਦਾ ਹੈਂ।

ਹੁਣ ਤੂੰ ਹੀ ਮੇਰਾ ਜੱਜ ਹੈਂ, ਬਣ ਜਾ ਆਪੇ ਹੀ ਵਕੀਲ।
ਬਖਸ਼ਦੇ ਗੁਨਾਹ ਮੇਰੇ ਤੂੰ, ਚਾਹੇ ਟੰਗ ਦੇਹ ਤੂੰ ਫ਼ਸੀਲ।
ਪਰਤੱਖ ਹੈ ਸਾਹਮਣੇ ਤੇਰੇ, ਕੋਈ ਚੱਲਣੀ ਨਾ ਦਲੀਲ।
ਨਿਬੇੜਾ ਹੋਣਾ ਅਮਲਾਂ ਦਾ, ਨਾ ਹੁਣ ਚੱਲਣੀ ਅਪੀਲ।

**ਸੇਵਾ ਸਿੰਘ 'ਨੂਰਪੁਰੀ'**



ਪੰਜਾਬ ਮੇਲ USA

# ਪਿੰਡ ਕਦੋਂ ਜਾਣਾ ਹੈ?

ਮੈਂ ਓਹਨੂੰ ਕਿਹਾ
ਮੈਨੂੰ ਕੱਚੇ ਨੂੰ ਪੱਕਾ, ਹੋ ਲੈਣ ਦੇ
ਕਰਜ਼ੇ ਥੱਲੇ ਦੱਬੇ ਨੂੰ ਪੈਰਾਂ 'ਤੇ, ਖਲੋ ਲੈਣ ਦੇ
ਬਾਪੂ ਦਾ ਚੱਕਿਆ ਲੋਨ ਅਜੇ, ਲਾਹ ਲੈਣ ਦੇ
ਚੱਬੇ ਹੋਏ ਅੱਕ ਨੂੰ ਅਜੇ, ਪਚਾ ਲੈਣ ਦੇ
ਸਰੀਰ ਨੂੰ ਅਜੇ ਹਲ ਵਾਂਗੂੰ, ਵਾਹ ਲੈਣ ਦੇ
ਬਲੈਕ ਕੌਫੀਆਂ ਪੀ, ਅਜੇ ਸੋਲਾਂ ਘੰਟੇ ਲਾ ਲੈਣ ਦੇ
ਐਲੇ ਤੋਂ ਚੱਕਿਆ ਲੋਡ, ਸਰੀ ਵਾਲੇ ਵਾਡਰ ਤੋਂ ਲੰਘਾ ਲੈਣ ਦੇ

ਪਾਸਪੋਰਟ ਫੜ ਕੇ, ਬੈਠੀ ਨੂੰ, ਮੈਂ ਕਿਹਾ
ਆ ਰਹੇ ਭੈਣ ਦੇ ਵਿਆਹ ਤੇ, ਪੈਸੇ ਪਾ ਲੈਣ ਦੇ
ਤੇਰੇ ਮੰਮੀ ਡੈਡੀ ਦਾ ਸੁਪਰਵੀਜ਼ਾ, ਆ ਲੈਣ ਦੇ
ਐਨਕਾਂ ਵਿਚੋਂ ਝਾਕਦੇ ਵਕੀਲ ਨੂੰ ਡਾਲਰ, ਫੜਾ ਲੈਣ ਦੇ
ਐੱਲ.ਐੱਮ.ਆਈ. ਵਾਲੇ ਮਾਲਿਕ ਦੇ ਹਲਕ 'ਚ, ਨੋਟ ਫਸਾ ਲੈਣ ਦੇ

ਸ਼ਿਫਟਾਂ ਲਾ ਲਾ ਥੱਕ ਚੁੱਕੀ ਨੂੰ, ਮੈਂ ਕਿਹਾ
ਆਹ ਇੰਨਟਰਸਟ ਰੇਟ ਜਿਹੇ, ਘੱਟ ਲੈਣ ਦੇ
ਮੌਰਗੇਜ ਦੀਆਂ ਕਿਸ਼ਤਾਂ ਦਾ ਬੱਦਲ, ਫਟ ਲੈਣ ਦੇ
ਖਾਲੀ ਹੋਈ ਬੇਸਮੈਂਟ, ਰੈਂਟ 'ਤੇ, ਚੜ੍ਹ ਲੈਣ ਦੇ
ਸਟੋਪ ਵਰਕ ਦਾ ਲੱਗਿਆ ਜੁਰਮਾਨਾ, ਭਰ ਲੈਣ ਦੇ

ਪਿੰਡ ਦੇ ਸੁਪਨੇ, ਦੇਖਦੀ ਨੂੰ, ਮੈਂ ਕਿਹਾ
ਆਹ ਟਰੰਪ ਦੇ ਟੈਰਿਫ਼ਾਂ ਦਾ ਸਿਆਪਾ, ਮੁੱਕ ਲੈਣ ਦੇ
ਗਾਜ਼ਾ ਵੱਲ ਨੂੰ ਜਾਂਦੀਆਂ ਮਿਜ਼ਾਈਲਾਂ, ਅਜੇ ਰੁੱਕ ਲੈਣ ਦੇ

ਆਹ ਕੰਸਟਰਕਸ਼ਨ ਵਾਲੀ ਗੱਡੀ, ਰੁੜ ਲੈਣ ਦੇ
ਪਿਛਲੇ ਹਫ਼ਤੇ ਤੋਂ ਯਾਰਡ 'ਚ ਖੜ੍ਹੀ ਵੈਨ ਨੂੰ, ਤੁਰ ਲੈਣ ਦੇ
ਬਿਲਡਰਾਂ ਕੋਲ ਫਸੇ ਪੈਸੇ ਅਜੇ, ਮੁੜ ਲੈਣ ਦੇ
ਜਿਊਣ ਜੋਗੀਏ ਅਜੇ, ਚਾਰ ਕੁ ਪੈਸੇ ਜੁੜ ਲੈਣ ਦੇ

ਫੇਰ ਆਪਾਂ ਏਅਰ ਇੰਡੀਆ ਦੀ ਡਰੈਕਟ ਫਲੈਟ ਫੜ ਕੇ
ਪਿੰਡ ਨੂੰ ਜਾਵਾਂਗੇ

ਅਸਲ 'ਚ ਉਹ ਮੈਨੂੰ, ਕਿੰਨੇ ਦਿਨਾਂ ਤੋਂ ਪੁੱਛ ਰਹੀ ਸੀ
ਪਿੰਡ ਕਦੋਂ ਜਾਣਾ ਹੈ?

**-ਕੁਲਵੀਰ ਸਿੰਘ ਡਾਨਸੀਵਾਲ, ਸਰ੍ਹੀ, ਬੀ.ਸੀ. ਕੈਨੇਡਾ**
778-863-2472



ਪੰਜਾਬ ਮੇਲ USA

# ਨਜ਼ਮ: ਕੰਧਾਂ ਦੀ ਚੁੱਪ

ਉਹ ਮਿੱਠੀਆਂ ਛੱਲੀਆਂ ਉਹ ਭੁੱਜੇ ਦਾਣੇ,
ਉਹ ਮਿੱਟੀ ਨਾਲ ਲੱਥ ਪੱਥ ਬਾਲ ਨਿਆਣੇ।

ਉਹ ਚਰਖ਼ੇ ਦੀਆਂ ਲੰਬੀਆਂ ਤੰਦਾਂ,
ਉਹ ਮਿੱਟੀ ਦੀਆਂ ਲਿੱਪੀਆਂ ਕੰਧਾਂ।

ਜਦੋਂ ਪੱਖਿਆਂ ਦੀ ਥਾਂ ਪੱਖੀਆਂ ਸੀ,
ਚਾਚੇ ਤਾਏ ਦੀਆਂ ਧੀਆਂ ਵੀ ਸਖੀਆਂ ਸੀ।

ਉਦੋਂ ਬਲ਼ਦਾਂ ਦੇ ਗਲ਼ ਟੱਲੀਆਂ ਸੀ,
ਬੋਰੇ ਜੋੜ ਕੇ ਸਿਉਂਤੀਆਂ ਪੱਲੀਆਂ ਸੀ।

ਹੁਣ ਘਰਾਂ ਵਿਚ ਕਰੀਆਂ ਕੰਧਾਂ ਦੀ ਚੁੱਪ ਏ,
ਉਦੋ ਸਾਂਝੇ ਘਰਾਂ ਦਾ ਸ਼ੋਰ ਸੀ।

ਹੁਣ ਨਵੇਂ ਜ਼ਮਾਨੇ 'ਚ ਜ਼ਿੰਦਗੀ ਕੱਟ ਰਹੇ ਆਂ,
ਪਰ ਪੁਰਾਣੇ ਜ਼ਮਾਨੇ ਦੀ ਗੱਲ ਹੋਰ ਸੀ..!!

**ਨਿਸ਼ਾ ਥਾਪਰ**
**ਪਿੰਡ:ਗਾਂਧਰਾਂ (ਨਕੋਦਰ-ਜਲੰਧਰ)**



ਪੰਜਾਬ ਮੇਲ USA

# ਯੂ-ਟਰਨ

ਤਿੰਨ ਕਿਲ੍ਹੇ ਸੀ ਵੇਚ ਮੈਂ ਤਾਂ ਵਿਚ ਅਮਰੀਕਾ ਆਇਆ
ਜੇਲ੍ਹਾਂ ਦੇ ਵਿਚ ਰੁਲ ਗਿਆ ਪਹਿਲਾਂ ਬਾਰਡਰ ਮਸਾਂ ਟਪਾਇਆ
ਬਸ ਯੂ-ਟਰਨ ਮੈਂ ਮਾਰ ਬੈਠਾ ਮੈਥੋਂ ਗਲਤੀ ਹੋ ਗਈ ਭਾਰੀ
ਫਿਰ ਵੈਨ ਵਾਲੇ ਘੱਟ ਨਾ ਕੀਤੀ ਬਰੇਕ ਭੋਰਾ ਨਾ ਮਾਰੀ।

ਹੁਣ ਦੋ ਸਟੇਟਾਂ ਖਹਿ ਪਈਆਂ ਮੇਰੀ ਜਾਨ ਕੁੜੱਕੀ ਆਈ
ਨਿੱਤ ਲੱਖਾਂ ਲੋਕ ਮਸੀਕੇ ਟੱਪਣ ਕਿਉਂ ਸਾਡੇ 'ਤੇ ਸਖਤਾਈ
ਫਿਰ ਸਿੱਖ ਕੌਮ ਨੇ ਲਾ ਲਿਆ ਮੱਥਾ ਕਦੇ ਹਿੰਮਤ ਨਾ ਹਾਰੀ
ਬਸ ਯੂ-ਟਰਨ ਮੈਂ ਮਾਰ ਬੈਠਾ ਮੈਥੋਂ.... .... ....।

ਨਾ ਰਾਤਾਂ ਨੂੰ ਸੌਂਦੇ ਤੇ ਕਿਵੇਂ ਲੋਡ ਸਮੇਂ ਸਿਰ ਲਾਹੁੰਦੇ
ਪਰ ਪੂਰੇ ਪੈਸੇ ਦੇਣ ਨਾ ਮਾਲਕ ਸਾਨੂੰ ਪਏ ਭਕਾਉਂਦੇ
ਸਾਨੂੰ ਕੰਮ ਕਿਤੇ ਨਾ ਮਿਲਦਾ ਤਾਹਿਉਂ ਜਾਈਏ ਮੱਥਾ ਮਾਰੀ
ਬਸ ਯੂ-ਟਰਨ ਮੈਂ ਮਾਰ ਬੈਠਾ ਮੈਥੋਂ.... .... ....।

ਭਰਾ ਮੇਰਾ ਵੀ ਫੜ ਲਿਆ ਇਥੇ ਕੀ ਮੇਰਾ ਹੁਣ ਰਹਿ ਗਿਆ
ਹੁਣ ਹੋਏ ਪੰਜਾਬੀ ਇਕੱਠੇ ਜਿੰਮਾ ਆਪਣੇ ਸਿਰ ਤਾਂ ਲੈ ਲਿਆ
ਸਾਨੂੰ ਗੁੜ੍ਹਤੀ ਦਿੱਤੀ ਗੁਰੂ ਗੋਬਿੰਦ ਤਾਂ ਹੀ ਕਰਦੇ ਖਾਤਰਦਾਰੀ
ਬਸ ਯੂ-ਟਰਨ ਮੈਂ ਮਾਰ ਬੈਠਾ ਮੈਥੋਂ.... .... ....।

ਮੇਰਾ ਸੱਚਾ ਸਤਿਗੁਰ ਰਾਖਾ ਤੇ ਹੁਣ ਉਹੀ ਕਰੂ ਨਿਬੇੜਾ
ਤੂੰ ਸੱਚ ਪੁੱਛੇ ਸਾਰੀ ਸਿੱਖ ਕੌਮ ਮੇਰਾ ਕਰਦੀ ਫਿਕਰ ਬਥੇਰਾ
ਤਾਂ ਹੀ "ਦੇਵ ਘੋਲੀਆ" ਇਕ ਦਿਨ ਮੇਰੀ ਲਿਖੂ ਵਾਰਤਾ ਸਾਰੀ
ਬਸ ਯੂ-ਟਰਨ ਮੈਂ ਮਾਰ ਬੈਠਾ ਮੈਥੋਂ ਗਲਤੀ ਹੋ ਗਈ ਭਾਰੀ।

**ਗੀਤਕਾਰ: ਦੇਵ ਘੋਲੀਆ**
559-232-7764



ਪੰਜਾਬ ਮੇਲ USA





# Gurjatinder S. Randhawa

REALTOR CA DRE licence # 01490567



Gurjatinder S. Randhawa

REALTOR CA DRE licence # 01490567

## FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

**Gurjatinder S. Randhawa**

**916-320-9444**

web: www.RealtorRandhawa.com

garysingh123@yahoo.com